

**ਵੈੱਬਸਾਈਟ**
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV



**ਅੰਦਰਲੀ ਖ਼ਬਰ**
ਐਕਸ਼ਨ 'ਚ ਦਿੱਲੀ ਪੁਲਿਸ: ਭੁੱਖ ਹੜਤਾਲ 'ਤੇ ਬੈਠੇ ਸੋਨਮ ਵਾਂਗਚੁਕ ਨੂੰ ਹਸਪਤਾਲ ਕਰਵਾਇਆ ਭਰਤੀ 05

**ਅੰਦਰਲੀ ਖ਼ਬਰ**
ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਨੇ ਲਗਾਇਆ ਮਸਕੋਕਾ ਏਰੀਏ ਦਾ ਮਨੋਰੰਜਕ ਟੂਰ 07



ਪੰਨਾ ਨੰ.:6 **ਲੇਖ**
ਜਥੇਬੰਦੀ ਤੋਂ ਜਗੀਰ ਤੱਕ ਦਾ ਸਫ਼ਰ !



PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 23 ਜੁਲਾਈ ਤੋਂ 29 ਜੁਲਾਈ, 2026 | Email :- editor@punjabstar.com, Vo. 20. Issue:1247


# ਦਿੱਲੀ ਪ੍ਰਦਰਸ਼ਨ ਹਿੰਸਾ ਦੀ ਸੁਣਵਾਈ ਕਰੇਗੀ ਹਾਈ ਕੋਰਟ !

## ਪ੍ਰਦਰਸ਼ਨ ਪਿੱਛੇ ਵੱਡੀ ਸਾਜ਼ਿਸ਼ ਦੇ ਲਾਏ ਦੋਸ਼



ਨਵੀਂ ਦਿੱਲੀ, (ਪੰਜਾਬ ਸਟਾਰ ਬਿਓਰੋ): ਦਿੱਲੀ ਹਾਈ ਕੋਰਟ ਨੇ ਕਥਿਤ ਨੀਟ ਪੇਪਰ ਲੀਕ ਦੇ ਮੁੱਦੇ 'ਤੇ 20 ਜੁਲਾਈ ਨੂੰ ਹੋਏ "ਸੰਸਦ ਚਲੋ" ਪ੍ਰਦਰਸ਼ਨ ਨਾਲ ਸਬੰਧਤ ਇੱਕ ਜਨਹਿਤ ਪਟੀਸ਼ਨ 'ਤੇ ਤੁਰੰਤ ਸੁਣਵਾਈ ਕਰਨ ਲਈ ਸਹਿਮਤੀ ਪ੍ਰਗਟਾਈ ਹੈ। ਇਸ ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ ਇਸ ਮਾਮਲੇ ਦੀ ਜਾਂਚ ਦਿੱਲੀ ਪੁਲਿਸ ਦੀ ਬਜਾਏ ਕੌਮੀ ਜਾਂਚ ਏਜੰਸੀ (ਐਨਆਈਏ) ਜਾਂ ਕਿਸੇ ਹੋਰ ਵਿਸ਼ੇਸ਼ ਜਾਂਚ ਏਜੰਸੀ ਤੋਂ ਕਰਵਾਈ ਜਾਵੇ। ਇਹ ਮਾਮਲਾ ਚੀਫ਼ ਜਸਟਿਸ ਡੀ. ਕੇ. ਉਪਾਧਿਆਏ ਅਤੇ ਜਸਟਿਸ ਤੇਜਸ ਕਾਰੀਆ ਦੀ ਡਿਵੀਜ਼ਨ ਬੈਂਚ ਅੱਗੇ ਰੱਖਿਆ ਗਿਆ। ਪਟੀਸ਼ਨਰ ਵੱਲੋਂ ਪੇਸ਼ ਹੋਏ ਵਕੀਲ ਬਰੁਣ ਕੁਮਾਰ ਸਿਨਹਾ ਨੇ ਦਲੀਲ ਦਿੱਤੀ ਕਿ ਮਾਮਲਾ ਬਹੁਤ ਗੰਭੀਰ ਹੈ, ਇਸ ਲਈ ਇਸ ਦੀ ਤੁਰੰਤ ਸੁਣਵਾਈ ਹੋਣੀ ਚਾਹੀਦੀ ਹੈ। ਅਦਾਲਤ ਨੇ ਉਨ੍ਹਾਂ ਦੀ ਬੇਨਤੀ * ਬਾਕੀ ਸਫ਼ਾ 2 'ਤੇ

## ਪੇਪਰ ਲੀਕ ਮਾਮਲੇ 'ਤੇ ਦਿੱਲੀ 'ਚ ਸਿਆਸੀ ਤਣਾਅ



ਨਵੀਂ ਦਿੱਲੀ, (ਪੰਜਾਬ ਸਟਾਰ ਬਿਓਰੋ):: ਨੀਟ ਪੇਪਰ ਲੀਕ ਮਾਮਲੇ ਅਤੇ ਵਿਦਿਆਰਥੀਆਂ ਨਾਲ ਕਥਿਤ ਪੁਲਿਸ ਕਾਰਵਾਈ ਦੇ ਵਿਰੋਧ ਵਿਚ ਮੰਗਲਵਾਰ ਨੂੰ ਰਾਜਧਾਨੀ ਦਿੱਲੀ ਵਿਚ ਕਾਂਗਰਸ ਅਤੇ ਹੋਰ ਵਿਰੋਧੀ ਧਿਰਾਂ ਵੱਲੋਂ ਪ੍ਰਧਾਨ ਮੰਤਰੀ ਨਿਵਾਸ ਵੱਲ ਮਾਰਚ ਕੱਢਿਆ ਗਿਆ। ਮਾਰਚ ਦੌਰਾਨ ਦਿੱਲੀ ਪੁਲਿਸ ਨੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ, ਪ੍ਰਿਯੰਕਾ ਗਾਂਧੀ ਵਾਡਰਾ, ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, * ਬਾਕੀ ਸਫ਼ਾ 2 'ਤੇ

## ਪੇਪਰ ਲੀਕ ਮਾਮਲੇ 'ਤੇ PM ਮੋਦੀ ਦਾ ਵੱਡਾ ਐਲਾਨ

### ਦੋਸ਼ੀਆਂ ਨੂੰ ਸਖ਼ਤ ਸਜ਼ਾ ਦੇਣ ਲਈ ਬਣਨਗੀਆਂ ਫਾਸਟ ਟਰੈਕ ਕੋਰਟਾਂ



(ਪੰਜਾਬ ਸਟਾਰ ਬਿਓਰੋ): ਦਿੱਲੀ ਵਿੱਚ ਸੀਜੇਪੀ ਦੇ ਚੱਲ ਰਹੇ ਪ੍ਰਦਰਸ਼ਨਾਂ ਅਤੇ ਦੇਸ਼ ਭਰ ਵਿੱਚ ਵਿਦਿਆਰਥੀਆਂ ਦੇ ਰੋਹ ਵਿਚਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੇਪਰ ਲੀਕ ਦੇ ਮੁੱਦੇ 'ਤੇ ਆਪਣੀ ਪਹਿਲੀ ਪ੍ਰਤੀਕਿਰਿਆ ਦਿੰਦਿਆਂ ਇੱਕ ਵੱਡਾ ਫੈਸਲਾ ਲਿਆ ਹੈ। ਪ੍ਰਧਾਨ ਮੰਤਰੀ ਨੇ ਸਾਫ਼ ਸ਼ਬਦਾਂ ਵਿੱਚ ਆਖਿਆ ਹੈ ਕਿ ਦੇਸ਼ ਦੇ ਨੌਜਵਾਨਾਂ ਦਾ ਭਵਿੱਖ ਅਤੇ ਉਨ੍ਹਾਂ ਦਾ ਹਿੱਤ ਸਰਵਉੱਚ ਤਰਜੀਹ ਹੈ ਅਤੇ ਇਸ ਨਾਲ ਖਿਲਵਾੜ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। * ਬਾਕੀ ਸਫ਼ਾ 2 'ਤੇ

# ਟਰੰਪ ਨੇ ਸਾਊਦੀ ਅਰਬ ਨਾਲ ਪ੍ਰਮਾਣੂ ਸਮਝੌਤੇ ਨੂੰ ਦਿੱਤੀ ਮਨਜ਼ੂਰੀ



(ਪੰਜਾਬ ਸਟਾਰ ਬਿਓਰੋ): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਾਊਦੀ ਅਰਬ ਨਾਲ ਇੱਕ ਪ੍ਰਮਾਣੂ ਸਮਝੌਤੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਰਿਪੋਰਟ ਅਨੁਸਾਰ ਇਸ ਸਮਝੌਤੇ ਨਾਲ ਸਾਊਦੀ ਅਰਬ ਆਪਣੇ ਨਾਗਰਿਕ ਪ੍ਰਮਾਣੂ ਪ੍ਰੋਗਰਾਮ ਲਈ ਯੂਰੇਨੀਅਮ ਸੰਸ਼ੋਧਨ (enrichment) ਦੀ ਸਮਰੱਥਾ ਵਿਕਸਤ ਕਰਨ ਦੇ ਯੋਗ ਹੋ ਸਕਦਾ ਹੈ। ਇਸ ਮਾਮਲੇ ਤੋਂ ਜਾਣੂ ਦੋ ਵਿਅਕਤੀਆਂ ਨੇ ਦੱਸਿਆ ਕਿ ਇਸ ਫੈਸਲੇ ਬਾਰੇ ਅਧਿਕਾਰਤ ਐਲਾਨ ਬੁੱਧਵਾਰ ਨੂੰ ਕੀਤਾ ਜਾ ਸਕਦਾ ਹੈ।

ਇਹ ਸਮਝੌਤਾ 30 ਸਾਲਾਂ ਤੱਕ ਲਾਗੂ ਰਹੇਗਾ ਅਤੇ ਇਸ ਪ੍ਰੋਗਰਾਮ ਨੂੰ ਵਿਕਸਤ ਕਰਨ * ਬਾਕੀ ਸਫ਼ਾ 2 'ਤੇ

# ਟਰੰਪ ਦਾ ਵੱਡਾ ਐਲਾਨ: ਜੈਨੇਰਿਕ ਦਵਾਈਆਂ 'ਤੇ ਲੱਗੇਗਾ ਭਾਰੀ ਟੈਕਸ

## ਭਾਰਤੀ ਫਾਰਮਾ ਸੈਕਟਰ ਦੀਆਂ ਵੱਧ ਸਕਦੀਆਂ ਨੇ ਮੁਸ਼ਕਿਲਾਂ !

ਵਾਸ਼ਿੰਗਟਨ, (ਪੰਜਾਬ ਸਟਾਰ ਬਿਓਰੋ): ਅਮਰੀਕਾ ਅਜਿਹਾ ਫ਼ੈਸਲਾ ਲੈਣ ਜਾ ਰਿਹਾ ਹੈ, ਜਿਸ ਦਾ ਸਿੱਧਾ ਅਸਰ ਭਾਰਤ 'ਤੇ ਪਵੇਗਾ। ਅਮਰੀਕਾ ਨੇ ਅਗਸਤ 2028 ਤੋਂ ਅਮਰੀਕਾ ਵਿੱਚ ਦਰਾਮਦ ਕੀਤੀਆਂ ਜਾਣ ਵਾਲੀਆਂ ਜੈਨੇਰਿਕ ਦਵਾਈਆਂ 'ਤੇ ਭਾਰੀ ਟੈਰਿਫ ਲਗਾਉਣ ਦਾ ਐਲਾਨ ਕੀਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਨੁਸਾਰ, ਉਨ੍ਹਾਂ ਦੇ ਇਸ ਕਦਮ ਦਾ ਮਕਸਦ ਅਜਿਹੀਆਂ ਫਾਰਮਾਸਿਊਟੀਕਲ ਦਵਾਈਆਂ ਦਾ ਉਤਪਾਦਨ ਅਮਰੀਕਾ ਵਿੱਚ ਹੀ ਸ਼ੁਰੂ ਕਰਨਾ ਹੈ। ਪਰ ਇਸ ਕਦਮ ਦਾ ਅਸਰ ਭਾਰਤ 'ਤੇ ਪੈਣ ਦੀ ਸੰਭਾਵਨਾ ਹੈ, ਜੋ ਅਮਰੀਕਾ ਨੂੰ ਜੈਨੇਰਿਕ ਦਵਾਈਆਂ ਦਾ ਸਭ ਤੋਂ ਵੱਡਾ ਐਕਸਪੋਰਟਰ ਹੈ।

ਆਪਣੇ 'ਟਰੂਥ ਸੋਸ਼ਲ' ਪਲੇਟਫਾਰਮ 'ਤੇ ਟਰੰਪ ਨੇ ਕਿਹਾ ਕਿ ਇਹ ਪੜਾਅਵਾਰ ਟੈਰਿਫ ਪਲਾਨ 1 ਅਗਸਤ ਤੋਂ ਲਾਗੂ ਹੋਵੇਗਾ। ਸ਼ੁਰੂਆਤੀ ਦੋ ਸਾਲਾਂ ਤੱਕ ਯਾਨੀ * ਬਾਕੀ ਸਫ਼ਾ 2 'ਤੇ

# ਮਾਰਖਮ 'ਚ ਸਟੋਰ ਤੋਂ ਪਾਵਰ ਟੂਲ ਚੋਰੀ ਕਰਨ ਦੇ ਦੋਸ਼ ਹੇਠ 4 ਪੰਜਾਬੀ ਗ੍ਰਿਫ਼ਤਾਰ, ਇੱਕ ਫ਼ਰਾ




ਟੋਰਾਂਟੋ, (ਪੰਜਾਬ ਸਟਾਰ ਬਿਓਰੋ): ਕੈਨੇਡਾ ਦੇ ਸ਼ਹਿਰ ਟੋਰਾਂਟੋ ਨੇੜੇ ਮਾਰਖਮ ਵਿੱਚ ਇੱਕ ਰਿਟੇਲ ਸਟੋਰ ਤੋਂ ਮਹਿੰਗੇ ਬਿਜਲੀ ਦੇ ਸੰਦ (ਪਾਵਰ ਟੂਲਜ਼) ਚੋਰੀ ਕਰਨ ਦੇ ਦੋਸ਼ ਹੇਠ ਯੌਰਕ ਰਿਜਨਲ ਪੁਲੀਸ ਨੇ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਦਕਿ ਇੱਕ ਹੋਰ ਮੁਲਜ਼ਮ ਦੀ ਭਾਲ ਜਾਰੀ ਹੈ। ਪੁਲੀਸ ਅਨੁਸਾਰ ਇਹ ਘਟਨਾ ਐਤਵਾਰ 19 ਜੁਲਾਈ ਨੂੰ ਸ਼ਾਮ ਕਰੀਬ 7:45 ਵਜੇ ਫੇਅਰਬਰਨ ਡਰਾਈਵ ਅਤੇ ਹਾਈਵੇਅ 7 ਨੇੜੇ ਸਥਿਤ ਇੱਕ ਰਿਟੇਲ ਸਟੋਰ ਵਿੱਚ ਵਾਪਰੀ।

ਸਟੋਰ ਦੇ Loss Prevention ਅਮਲੇ ਨੇ ਪੰਜ ਸ਼ੱਕੀ ਵਿਅਕਤੀਆਂ ਨੂੰ ਸ਼ਾਪਿੰਗ ਕਾਰਟਾਂ ਵਿੱਚ ਮਹਿੰਗੇ ਪਾਵਰ ਟੂਲ ਪਾਉਂਦਿਆਂ ਦੇਖਿਆ। ਸੁਰੱਖਿਆ * ਬਾਕੀ ਸਫ਼ਾ 2 'ਤੇ

# ਅਮਰੀਕਾ 'ਚ ਪੰਜਾਬੀ ਮੂਲ ਦਾ ਤਸਕਰ ਗ੍ਰਿਫ਼ਤਾਰ

## FBI ਨੇ ਹਰਮਨਵੀਰ ਸਿੰਘ ਨੂੰ ਐਲਾਨਿਆ ਸੀ 'ਵਾਂਟੇਡ'



ਅਮਰੀਕਾ (ਪੰਜਾਬ ਸਟਾਰ ਬਿਓਰੋ): ਅਮਰੀਕੀ ਜਾਂਚ ਏਜੰਸੀ ਐਫ.ਬੀ.ਆਈ. (FBI) ਨੇ 'ਆਪਰੇਸ਼ਨ ਹਾਰਡ ਬਾਲ' (Operation Hard Ball) ਤਹਿਤ ਇੱਕ ਪੰਜਾਬੀ ਗੈਂਗਸਟਰ ਅਤੇ ਤਸਕਰ ਨੂੰ ਗ੍ਰਿਫ਼ਤਾਰ ਕੀਤਾ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਦੀ ਪਛਾਣ ਹਰਮਨਵੀਰ ਵਜੋਂ ਹੋਈ ਹੈ। ਐਫ.ਬੀ.ਆਈ. ਨੇ ਸਿਰਫ਼ ਤਿੰਨ ਦਿਨ ਪਹਿਲਾਂ ਹੀ ਉਸ ਨੂੰ 'ਮੋਸਟ ਵਾਂਟੇਡ' (ਸਭ ਤੋਂ ਵੱਧ ਲੋੜੀਂਦਾ) ਐਲਾਨਿਆ ਸੀ। ਇਸ ਤੋਂ ਬਾਅਦ, 21 ਜੁਲਾਈ ਦੀ ਸਵੇਰ ਨੂੰ ਕੈਲੀਫੋਰਨੀਆ ਹਾਈਵੇਅ ਪੈਟਰੋਲ ਦੇ ਅਧਿਕਾਰੀਆਂ ਨੇ ਸਟਾਕਟਨ ਕੈਲੀਫੋਰਨੀਆ ਵਿਖੇ ਇਸ ਪੰਜਾਬੀ ਗੈਂਗਸਟਰ ਅਤੇ ਤਸਕਰ ਹਰਮਨਵੀਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਵੈਨਕੂਵਰ-ਅਧਾਰਿਤ ਪੰਜਾਬੀ ਮੂਲ ਦੇ ਤਸਕਰ ਰਵਿੰਦਰ ਢਾਂਡਾ ਨਾਲ ਮਿਲ ਕੇ ਹਰਮਨਵੀਰ ਸਿੰਘ ਤਸਕਰੀ ਕਰਦਾ ਸੀ। * ਬਾਕੀ ਸਫ਼ਾ 2 'ਤੇ

# ਸਿੱਕਮ ਸੁਰੰਗ ਹਾਦਸਾ: ਧਮਾਕੇ ਤੋਂ ਬਾਅਦ 20 ਮਜ਼ਦੂਰਾਂ ਦੀਆਂ ਦੇਹਾਂ ਬਰਾਮਦ; ਕਈ ਅਜੇ ਵੀ ਫਸੇ



ਨਵੀ ਦਿੱਲੀ, (ਪੰਜਾਬ ਸਟਾਰ ਬਿਓਰੋ): ਸਿੱਕਮ ਵਿੱਚ ਹੋਏ ਸੁਰੰਗ ਹਾਦਸੇ ਵਿੱਚ ਹੁਣ ਤੱਕ 20 ਮਜ਼ਦੂਰਾਂ ਦੀ ਮੌਤ ਦੀ ਖ਼ਬਰ ਹੈ। ਬਚਾਅ ਕਾਰਜ ਜਾਰੀ ਹੈ ਅਤੇ ਬਾਕੀਆਂ ਨੂੰ ਬਚਾਉਣ ਲਈ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਸਿੱਕਮ ਦੇ ਨਾਮਚੀ ਜ਼ਿਲ੍ਹੇ ਵਿੱਚ ਬਣ ਰਹੀ ਇੱਕ ਸੁਰੰਗ ਵਿੱਚ ਸ਼ੱਕੀ ਮੀਥੇਨ ਗੈਸ ਦਾ ਧਮਾਕਾ ਹੋਇਆ ਸੀ, ਜਿਸ ਕਾਰਨ ਸੁਰੰਗ ਢਹਿ ਗਈ ਸੀ।

ਐੱਨ.ਐੱਚ.ਪੀ.ਸੀ. ਦੇ ਹਾਈਡ੍ਰੋਇਲੈਕਟ੍ਰਿਕ ਪ੍ਰੋਜੈਕਟ ਦੀ ਸੁਰੰਗ ਵਿੱਚ ਫਸੇ 25 ਵਿੱਚੋਂ 20 ਮਜ਼ਦੂਰਾਂ ਦੀਆਂ ਮ੍ਰਿਤਕ ਦੇਹਾਂ ਬਰਾਮਦ ਕਰ ਲਈਆਂ ਗਈਆਂ। ਬਚਾਅ ਕਾਰਜ ਵਿੱਚ ਜੁਟੀਆਂ ਟੀਮਾਂ ਦੇਰ ਰਾਤ ਤੱਕ ਬਾਕੀ ਪੰਜ ਮਜ਼ਦੂਰਾਂ ਤੱਕ ਨਹੀਂ ਪਹੁੰਚ ਸਕੀਆਂ। ਇਹ ਮਜ਼ਦੂਰ ਸੁਰੰਗ ਵਿੱਚ ਵੱਖ-ਵੱਖ ਥਾਵਾਂ 'ਤੇ ਫਸੇ ਹੋਏ ਸਨ। ਟੀਮਾਂ ਇਨ੍ਹਾਂ ਤੱਕ ਪਹੁੰਚਣ ਲਈ 24 ਘੰਟਿਆਂ ਤੋਂ ਮਸ਼ੱਕਤ ਕਰ ਰਹੀਆਂ ਸਨ, ਪਰ ਸੁਰੰਗ ਵਿੱਚ ਮੀਥੇਨ ਗੈਸ ਭਰੀ ਹੋਣ ਕਰਕੇ ਕਈ ਬਚਾਅ ਕਰਮਚਾਰੀ ਬੇਹੋਸ਼ ਹੋ ਗਏ।

ਇਹ ਅਦਿਤ-3 (Adit-3) ਸੁਰੰਗ ਹੈ, ਜੋ ਨਾਮਚੀ ਜ਼ਿਲ੍ਹੇ ਦੇ ਸਮਰਡੁੰਗ-ਝੋਲੁੰਗਯ ਵਿੱਚ * ਬਾਕੀ ਸਫ਼ਾ 2 'ਤੇ

# ਜੰਮੂ-ਕਸ਼ਮੀਰ ਦੇ ਪੁਣਛ-ਰਾਜੌਰੀ ਖੇਤਰ 'ਚ ਅਚਾਨਕ ਆਏ ਹੜ੍ਹ ਅਤੇ ਢਿੱਗਾਂ ਡਿੱਗਣ ਕਾਰਨ ਭਾਰੀ ਤਬਾਹੀ

## 11 ਮੌਤਾਂ, ਕਈ ਲਾਪਤਾ



(ਪੰਜਾਬ ਸਟਾਰ ਬਿਓਰੋ): ਜੰਮੂ-ਕਸ਼ਮੀਰ ਦੇ ਦੋ ਸਰਹੱਦੀ ਜ਼ਿਲ੍ਹਿਆਂ ਪੁਣਛ ਅਤੇ ਰਾਜੌਰੀ ਵਿੱਚ ਐਤਵਾਰ ਨੂੰ ਤੇਜ਼ ਮੀਂਹ ਕਾਰਨ ਢਿੱਗਾਂ ਡਿੱਗਣ ਅਤੇ ਅਚਾਨਕ ਆਏ ਹੜ੍ਹ ਕਰਕੇ ਘੱਟੋ-ਘੱਟ 11 ਲੋਕਾਂ ਦੀ ਮੌਤ ਹੋ ਗਈ ਅਤੇ ਸੱਤ ਲੋਕ ਲਾਪਤਾ ਹੋ ਗਏ, ਜਿਸ ਤੋਂ ਬਾਅਦ ਕਈ ਏਜੰਸੀਆਂ ਨੇ ਮਿਲ ਕੇ ਬਚਾਅ ਕਾਰਜ ਸ਼ੁਰੂ ਕੀਤਾ।

ਅਧਿਕਾਰੀਆਂ ਨੇ ਦੱਸਿਆ ਕਿ ਸਭ ਤੋਂ ਵੱਧ ਤਬਾਹੀ ਪੁਣਛ ਜ਼ਿਲ੍ਹੇ ਦੀ ਸੁਰਨਕੋਟ ਤਹਿਸੀਲ ਤੋਂ ਸਾਹਮਣੇ ਆਈ ਹੈ, ਜਿੱਥੇ ਸਭ ਤੋਂ ਵੱਧ ਮੌਤਾਂ ਹੋਈਆਂ ਹਨ। ਮੁੱਖ ਮੰਤਰੀ ਉਮਰ ਅਬਦੁੱਲਾ, ਜੋ ਜੰਮੂ-ਕਸ਼ਮੀਰ ਨੂੰ ਦੁਬਾਰਾ ਸੂਬੇ ਦਾ ਦਰਜਾ (ਸਟੇਟਹੁੱਡ) ਦਿਵਾਉਣ ਲਈ ਰੱਖੇ ਗਏ ਪ੍ਰਦਰਸ਼ਨ ਦੇ ਸਿਲਸਿਲੇ ਵਿੱਚ ਦਿੱਲੀ ਗਏ ਹੋਏ ਸਨ, ਨੇ ਉੱਥੇ ਆਪਣਾ ਦੌਰਾ ਵਿਚਾਲੇ ਹੀ ਛੱਡ ਕੇ ਦੁਪਹਿਰ ਨੂੰ ਜੰਮੂ ਵਾਪਸ ਪਰਤਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਨੇ ਇਹ ਫੈਸਲਾ ਇਲਾਕੇ ਵਿੱਚ ਪਏ ਭਾਰੀ ਮੀਂਹ ਕਾਰਨ ਕੁਝ ਹਿੱਸਿਆਂ ਵਿੱਚ ਹਾਲਾਤ ਜ਼ਿਆਦਾ ਵਿਗੜਨ ਦੇ ਮੱਦੇਨਜ਼ਰ ਲਿਆ।

ਉੱਥੇ ਹੀ ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਨੇ ਮੀਂਹ ਅਤੇ ਅਚਾਨਕ ਆਏ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਦੀ ਸਥਿਤੀ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਪ੍ਰਭਾਵਿਤ ਪਰਿਵਾਰਾਂ ਨੂੰ ਤੁਰੰਤ ਰਾਹਤ ਅਤੇ ਸਹਾਇਤਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ।

ਅਧਿਕਾਰੀਆਂ ਨੇ ਦੱਸਿਆ ਕਿ ਐਤਵਾਰ ਤੜਕੇ ਸੁਰਨਕੋਟ ਦੇ ਲੋਅਰ ਮੁੱਰਾ ਪਿੰਡ ਵਿੱਚ ਤੇਜ਼ ਮੀਂਹ ਕਾਰਨ ਢਿੱਗਾਂ ਡਿੱਗਣ ਕਾਰਨ ਇੱਕ ਮਕਾਨ ਢਹਿ ਗਿਆ, ਜਿਸ ਨਾਲ ਘਰ ਦੇ ਸਾਰੇ ਅੱਠ ਜੀਅ ਮਲਬੇ ਹੇਠਾਂ ਦੱਬ ਗਏ।

ਅਧਿਕਾਰੀਆਂ ਨੇ ਦੱਸਿਆ ਕਿ ਮਲਬੇ ਵਿੱਚੋਂ ਦੋ ਸਾਲ ਦੇ ਬੱਚੇ ਸੋਫਿਆਨ ਯਾਸਰ ਸਮੇਤ ਪੰਜ ਲੋਕਾਂ ਦੀਆਂ ਲਾਸ਼ਾਂ ਕੱਢ * ਬਾਕੀ ਸਫ਼ਾ 2 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ 905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕਰਜ਼ੇ ਦੀ ਸਿਰਦਰਦੀ ?
www.MakeMeDebtFree.ca

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents



Harjit Brar
Sales Representative
416-417-6010

FOR ALL YOUR REAL ESTATE NEEDS



ਕਿਸੇ ਤਰ੍ਹਾਂ ਦੀ ਵੀ ਪ੍ਰੋਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਪੇਜ ਇੱਕ ਦੀ ਬਾਕੀ

## ਦਿੱਲੀ ਪ੍ਰਦਰਸ਼ਨ ਹਿੰਸਾ...

ਮੰਨਦੇ ਹੋਏ ਮਾਮਲੇ ਨੂੰ ਸ਼ੁੱਕਰਵਾਰ ਲਈ ਸੁਣਵਾਈ ਵਾਸਤੇ ਸੂਚੀਬੱਧ ਕਰਨ ਦੇ ਹੁਕਮ ਜਾਰੀ ਕਰ ਦਿੱਤੇ। ਇਹ ਜਨਹਿਤ ਪਟੀਸ਼ਨ ਅਖਿਲ ਭਾਰਤ ਹਿੰਦੂ ਮਹਾਸਭਾ ਦੇ ਸਾਬਕਾ ਉਪ-ਪ੍ਰਧਾਨ ਸਤੀਸ਼ ਕੁਮਾਰ ਅਗਰਵਾਲ ਵੱਲੋਂ ਦਾਇਰ ਕੀਤੀ ਗਈ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 20 ਜੁਲਾਈ ਨੂੰ ਨੀਟ ਪੇਪਰ ਲੀਕ ਦੇ ਵਿਰੋਧ ਵਿੱਚ ਸ਼ੁਰੂ ਹੋਇਆ ਪ੍ਰਦਰਸ਼ਨ ਬਾਅਦ ਵਿੱਚ ਰਾਜਨੀਤਿਕ ਰੂਪ ਧਾਰ ਗਿਆ, ਜਦੋਂ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਵੀ ਇਸ ਵਿੱਚ ਸ਼ਾਮਲ ਹੋ ਗਏ। ਪਟੀਸ਼ਨਰ ਦਾ ਦੋਸ਼ ਹੈ ਕਿ ਇਸ ਪ੍ਰਦਰਸ਼ਨ ਕਾਰਨ ਦਿੱਲੀ ਦੇ ਕਈ ਇਲਾਕਿਆਂ ਵਿੱਚ ਆਵਾਜਾਈ ਪੂਰੀ ਤਰ੍ਹਾਂ ਪ੍ਰਭਾਵਿਤ ਹੋਈ। ਮੁੱਖ ਸੜਕਾਂ 'ਤੇ ਲੰਬੇ ਜਾਮ ਲੱਗੇ, ਲੋਕਾਂ ਨੂੰ ਭਾਰੀ ਪਰੇਸ਼ਾਨੀ ਝੱਲਣੀ ਪਈ ਅਤੇ ਰੋਜ਼ਾਨਾ ਦਾ ਜੀਵਨ ਪ੍ਰਭਾਵਿਤ ਹੋਇਆ।

ਪਟੀਸ਼ਨ ਵਿੱਚ ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਇਸ ਮਾਰਚ ਦੌਰਾਨ ਹਿੰਸਾ, ਸਰਕਾਰੀ ਅਤੇ ਨਿੱਜੀ ਜਾਇਦਾਦ ਨੂੰ ਨੁਕਸਾਨ, ਜਨਤਕ ਆਵਾਜਾਈ ਵਿੱਚ ਰੁਕਾਵਟ, ਪੱਤਰਕਾਰਾਂ 'ਤੇ ਹਮਲੇ, ਪੁਲਿਸ ਮੁਲਾਜ਼ਮਾਂ ਦੇ ਜ਼ਖ਼ਮੀ ਹੋਣ ਅਤੇ ਸੰਸਦ ਦੀ ਸੁਰੱਖਿਆ ਘੇਰੇ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਵਰਗੀਆਂ ਘਟਨਾਵਾਂ ਸਾਹਮਣੇ ਆਈਆਂ। ਇਸ ਲਈ ਪਟੀਸ਼ਨਰ ਨੇ ਮੰਗ ਕੀਤੀ ਹੈ ਕਿ ਪ੍ਰਦਰਸ਼ਨ ਦੇ ਪ੍ਰਬੰਧਕਾਂ, ਸ਼ਾਮਲ ਵਿਅਕਤੀਆਂ ਅਤੇ ਕਥਿਤ ਬਾਹਰੀ ਸਹਿਯੋਗ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਪਟੀਸ਼ਨ ਵਿੱਚ ਸਮਾਜਿਕ ਕਾਰਕੁਨ ਸੋਨਮ ਵਾਂਗਚੁਕ ਦਾ ਵੀ ਜ਼ਿਕਰ ਕੀਤਾ ਗਿਆ ਹੈ। ਪਟੀਸ਼ਨਰ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੇ ਕਥਿਤ ਵਿਦੇਸ਼ੀ ਸੰਸਥਾਵਾਂ ਨਾਲ ਸਬੰਧਾਂ ਅਤੇ ਫੰਡਿੰਗ ਦੇ ਸਰੋਤਾਂ ਦੀ ਵੀ ਜਾਂਚ ਕੀਤੀ ਜਾਣੀ ਚਾਹੀਦੀ ਹੈ। ਹਾਲਾਂਕਿ ਇਹ ਦੋਸ਼ ਅਜੇ ਅਦਾਲਤ ਵਿੱਚ ਸਾਬਤ ਨਹੀਂ ਹੋਏ ਹਨ ਅਤੇ ਨਾ ਹੀ ਇਸ ਸਬੰਧੀ ਕੋਈ ਅਧਿਕਾਰਕ ਨਤੀਜਾ ਸਾਹਮਣੇ ਆਇਆ ਹੈ।

ਇਸੇ ਤਰ੍ਹਾਂ ਪਟੀਸ਼ਨ ਵਿੱਚ ਲੇਖਿਕਾ ਅਰੁੰਧਤੀ ਰਾਏ ਦਾ ਵੀ ਹਵਾਲਾ ਦਿੱਤਾ ਗਿਆ ਹੈ। ਪਟੀਸ਼ਨਰ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਿਛਲੇ ਜਨਤਕ ਬਿਆਨਾਂ ਨੂੰ ਧਿਆਨ ਵਿੱਚ ਰੱਖਦਿਆਂ ਜਾਂਚ ਏਜੰਸੀਆਂ ਨੂੰ ਇਹ ਵੀ ਦੇਖਣਾ ਚਾਹੀਦਾ ਹੈ ਕਿ ਕੀ ਇਸ ਮਾਮਲੇ ਨਾਲ ਕੋਈ ਸਬੰਧ ਬਣਦਾ ਹੈ ਜਾਂ ਨਹੀਂ। ਪਟੀਸ਼ਨ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ, ਸੰਜੇ ਸਿੰਘ, ਆਤਿਸ਼ੀ, ਸਮਾਜਵਾਦੀ ਪਾਰਟੀ ਦੇ ਡਿੰਪਲ ਯਾਦਵ ਅਤੇ ਧਰਮਿੰਦਰ ਯਾਦਵ ਅਤੇ ਸੰਸਦ ਮੈਂਬਰ ਚੰਦਰ ਸ਼ੇਖਰ ਆਜ਼ਾਦ ਸਮੇਤ ਕਈ ਆਗੂਆਂ ਦੇ ਨਾਮ ਵੀ ਲਏ ਗਏ ਹਨ। ਪਟੀਸ਼ਨਰ ਨੇ ਦੋਸ਼ ਲਾਇਆ ਹੈ ਕਿ ਇਨ੍ਹਾਂ ਆਗੂਆਂ ਨੇ ਪ੍ਰਦਰਸ਼ਨ ਵਿੱਚ ਹਿੱਸਾ ਲੈ ਕੇ ਇਸ ਦੇ ਰੁਖ ਨੂੰ ਪ੍ਰਭਾਵਿਤ ਕੀਤਾ ਅਤੇ ਕਥਿਤ ਤੌਰ 'ਤੇ ਪ੍ਰਦਰਸ਼ਨਕਾਰੀਆਂ ਨੂੰ ਭੜਕਾਇਆ। ਇਨ੍ਹਾਂ ਦੋਸ਼ਾਂ ਬਾਰੇ ਸੰਬੰਧਿਤ ਆਗੂਆਂ ਵੱਲੋਂ ਇਸ ਖ਼ਬਰ ਲਿਖੇ ਜਾਣ ਤੱਕ ਸਾਹਮਣੇ ਨਹੀਂ ਆਇਆ ਹੈ ਅਤੇ ਅਦਾਲਤ ਨੇ ਵੀ ਇਨ੍ਹਾਂ ਦੋਸ਼ਾਂ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ। ਪਟੀਸ਼ਨਰ ਦਾ ਕਹਿਣਾ ਹੈ ਕਿ ਇਹ ਮਾਮਲਾ ਸਿਰਫ਼ ਕਾਨੂੰਨ-ਵਿਵਸਥਾ ਦਾ ਨਹੀਂ, ਸਗੋਂ ਰਾਸ਼ਟਰੀ ਸੁਰੱਖਿਆ ਨਾਲ ਵੀ ਜੁੜਿਆ ਹੋ ਸਕਦਾ ਹੈ। ਇਸ ਲਈ ਇਸ ਦੀ ਜਾਂਚ ਕਿਸੇ ਵਿਸ਼ੇਸ਼ ਰਾਸ਼ਟਰੀ ਜਾਂਚ ਏਜੰਸੀ ਤੋਂ ਕਰਵਾਈ ਜਾਣੀ ਚਾਹੀਦੀ ਹੈ। ਜਨਹਿਤ ਪਟੀਸ਼ਨ ਵਿੱਚ ਮੰਗ ਕੀਤੀ ਗਈ ਹੈ ਕਿ 20 ਜੁਲਾਈ ਦੇ ਪ੍ਰਦਰਸ਼ਨ ਨਾਲ ਸਬੰਧਤ ਸਾਰੇ ਮਾਮਲੇ ਦਿੱਲੀ ਪੁਲਿਸ ਤੋਂ ਐਨਆਈਏ ਜਾਂ ਕਿਸੇ ਹੋਰ ਵਿਸ਼ੇਸ਼ ਜਾਂਚ ਏਜੰਸੀ ਨੂੰ ਸੌਂਪੇ ਜਾਣ। ਨਾਲ ਹੀ ਇਸ ਘਟਨਾ ਨਾਲ ਸਬੰਧਤ ਸਾਰੀਆਂ ਐੱਫਆਈਆਰਜ਼ ਨੂੰ ਇਕੱਠਾ ਕਰਕੇ ਇੱਕ ਸਾਂਝੀ ਜਾਂਚ ਕੀਤੀ ਜਾਵੇ ਅਤੇ ਜੇਕਰ ਜਾਂਚ ਵਿੱਚ ਕੋਈ ਵਿਅਕਤੀ ਹਿੰਸਾ, ਭੰਨਤੋੜ, ਐਮਰਜੈਂਸੀ ਸੇਵਾਵਾਂ ਵਿੱਚ ਰੁਕਾਵਟ ਜਾਂ ਜਨਤਕ ਅਤੇ ਨਿੱਜੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦਾ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ। ਹੁਣ ਇਸ ਮਾਮਲੇ 'ਤੇ ਦਿੱਲੀ ਹਾਈ ਕੋਰਟ ਵਿੱਚ ਹੋਣ ਵਾਲੀ ਸੁਣਵਾਈ ਦੌਰਾਨ ਇਹ ਸਪੱਸ਼ਟ ਹੋਵੇਗਾ ਕਿ ਅਦਾਲਤ ਇਸ ਪਟੀਸ਼ਨ 'ਤੇ ਅੱਗੇ ਕੀ ਰੁਖ ਅਪਣਾਉਂਦੀ ਹੈ ਅਤੇ ਕੀ ਜਾਂਚ ਨੂੰ ਕਿਸੇ ਹੋਰ ਏਜੰਸੀ ਨੂੰ ਸੌਂਪਣ ਦੀ ਮੰਗ 'ਤੇ ਕੋਈ ਹੁਕਮ ਜਾਰੀ ਕਰਦੀ ਹੈ।

## ਪੇਪਰ ਲੀਕ ਮਾਮਲੇ...

ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਅਤੇ ਕਈ ਹੋਰ ਆਗੂਆਂ ਅਤੇ ਵਰਕਰਾਂ ਨੂੰ ਹਿਰਾਸਤ ਵਿਚ ਲੈ ਲਿਆ। ਪ੍ਰਦਰਸ਼ਨ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਅਤੇ ਵੱਡੀ ਗਿਣਤੀ ਵਿਚ ਕਾਂਗਰਸੀ ਵਰਕਰ ਵੀ ਸ਼ਾਮਲ ਹੋਏ। ਚੰਨੀ ਨੇ ਪੁਲਿਸ ਕਾਰਵਾਈ ਦੀ ਨਿੰਦਾ ਕਰਦਿਆਂ ਦੋਸ਼ ਲਾਇਆ ਕਿ ਸਰਕਾਰ ਵਿਦਿਆਰਥੀਆਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਦੇ ਨਿਵਾਸ ਤੋਂ ਸ਼ੁਰੂ ਹੋਇਆ ਮਾਰਚ ਜਦੋਂ ਪ੍ਰਧਾਨ ਮੰਤਰੀ ਨਿਵਾਸ ਦੇ ਨੇੜੇ ਪਹੁੰਚਿਆ, ਤਾਂ ਪ੍ਰਦਰਸ਼ਨਕਾਰੀ ਉੱਥੇ ਹੀ ਧਰਨੇ 'ਤੇ ਬੈਠ ਗਏ। ਪੁਲਿਸ ਵੱਲੋਂ ਉਨ੍ਹਾਂ ਨੂੰ ਹਟਾਉਣ ਦੀ ਕੋਸ਼ਿਸ਼ ਦੌਰਾਨ ਧੱਕਾ-ਮੁੱਕੀ ਅਤੇ ਹੰਗਾਮੇ ਦੀ ਸਥਿਤੀ ਬਣ ਗਈ। ਇਸ ਦੌਰਾਨ ਰਾਹੁਲ ਗਾਂਧੀ ਦੇ ਜ਼ਮੀਨ 'ਤੇ ਲੇਟਣ ਅਤੇ ਖਿੱਚੋਤਾਣ ਦੌਰਾਨ ਉਨ੍ਹਾਂ ਦੀ ਨੱਕ 'ਤੇ ਸੱਟ ਲੱਗਣ ਦੀਆਂ ਵੀ ਖ਼ਬਰਾਂ ਸਾਹਮਣੇ ਆਈਆਂ ਹਨ। ਕਾਂਗਰਸ ਨੇ ਸਰਕਾਰ ਅੱਗੇ ਪੰਜ ਮੁੱਖ ਮੰਗਾਂ ਰੱਖੀਆਂ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਤੁਰੰਤ ਅਸਤੀਫ਼ੇ, ਗ੍ਰਹਿ ਮੰਤਰੀ ਵੱਲੋਂ ਸੰਸਦ ਦੇ ਦੋਵਾਂ ਸਦਨਾਂ ਵਿਚ ਬਿਆਨ, ਨੀਟ ਪੇਪਰ ਲੀਕ ਮਾਮਲੇ 'ਤੇ ਵਿਸਤ੍ਰਿਤ ਸੰਸਦੀ ਚਰਚਾ, ਵਿਦਿਆਰਥੀਆਂ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਸੁਣਨ ਅਤੇ ਪ੍ਰਦਰਸ਼ਨ ਦੌਰਾਨ ਹੋਈ ਕਥਿਤ ਹਿੰਸਾ ਦੀ ਨਿਰਪੱਖ ਜਾਂਚ ਦੀ ਮੰਗ ਕੀਤੀ।

ਇਸ ਦੌਰਾਨ ਕੇਂਦਰੀ ਮੰਤਰੀ ਜਿਤੇਂਦਰ ਸਿੰਘ ਨੇ ਕਿਹਾ ਕਿ ਸਰਕਾਰ ਨੀਟ ਮੁੱਦੇ 'ਤੇ ਸੰਸਦ ਵਿਚ ਚਰਚਾ ਲਈ ਤਿਆਰ ਹੈ, ਪਰ ਕਾਂਗਰਸ ਨੇ ਬਾਅਦ ਵਿਚ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਸ਼ਰਤ ਜੋੜ ਦਿੱਤੀ। ਉਨ੍ਹਾਂ ਦੋਸ਼ ਲਾਇਆ ਕਿ ਵਿਰੋਧੀ ਧਿਰ ਇਸ ਮੁੱਦੇ ਨੂੰ ਸਿਆਸੀ ਰੂਪ ਦੇ ਰਹੀ ਹੈ। ਦੂਜੇ ਪਾਸੇ, ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਬੱਸਾਂ ਅਤੇ ਹੋਰ ਵਾਹਨਾਂ ਵਿਚ ਬਿਠਾ ਕੇ ਵੱਖ-ਵੱਖ ਥਾਵਾਂ 'ਤੇ ਲਿਜਾਇਆ ਅਤੇ ਪ੍ਰਧਾਨ ਮੰਤਰੀ ਨਿਵਾਸ ਦੇ ਆਲੇ-ਦੁਆਲੇ ਸੁਰੱਖਿਆ ਹੋਰ ਸਖ਼ਤ ਕਰ ਦਿੱਤੀ। ਦੇਰ ਸ਼ਾਮ ਤੱਕ ਇਲਾਕੇ ਨੂੰ ਖਾਲੀ ਕਰਵਾ ਦਿੱਤਾ ਗਿਆ ਅਤੇ ਸਥਿਤੀ 'ਤੇ ਨਿਗਰਾਨੀ ਜਾਰੀ ਰਹੀ।

## ਪੇਪਰ ਲੀਕ ਮਾਮਲੇ 'ਤੇ...

ਪ੍ਰਧਾਨ ਮੰਤਰੀ ਨੇ ਐਲਾਨ ਕੀਤਾ ਹੈ ਕਿ ਪੇਪਰ ਲੀਕ ਦੇ ਸਾਰੇ ਮਾਮਲਿਆਂ ਵਿੱਚ ਦੋਸ਼ੀਆਂ ਨੂੰ ਜਲਦੀ ਤੋਂ ਜਲਦੀ ਅਤੇ ਸਖ਼ਤ ਤੋਂ ਸਖ਼ਤ ਸਜ਼ਾ ਯਕੀਨੀ ਬਣਾਉਣ ਲਈ ਫਾਸਟ ਟਰੈਕ ਕੋਰਟਾਂ ਦਾ ਗਠਨ ਕੀਤਾ ਜਾਵੇਗਾ। ਇਸ ਸਬੰਧ ਵਿੱਚ ਸਬੰਧਤ ਅਧਿਕਾਰੀਆਂ ਅਤੇ ਵਿਭਾਗਾਂ ਨੂੰ ਲੋੜੀਂਦੇ ਕਦਮ ਚੁੱਕਣ ਦੇ ਸਖ਼ਤ ਨਿਰਦੇਸ਼ ਦੇ ਦਿੱਤੇ ਗਏ ਹਨ। ਸਰਕਾਰ ਵੱਲੋਂ ਵਿਦਿਆਰਥੀਆਂ ਦੇ ਹਿੱਤਾਂ ਦੀ ਸੁਰੱਖਿਆ ਲਈ ਚੁੱਕੇ ਜਾ ਰਹੇ ਕਦਮਾਂ ਦੀ ਲੜੀ ਵਿੱਚ ਇਸਨੂੰ ਇੱਕ ਬਹੁਤ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ।

## ਟਰੰਪ ਨੇ ਸਾਊਦੀ...

ਵਿੱਚ ਅਮਰੀਕੀ ਕੰਪਨੀਆਂ ਵੀ ਹਿੱਸਾ ਲੈਣਗੀਆਂ। ਅਮਰੀਕਾ ਅਤੇ ਸਾਊਦੀ ਅਰਬ ਵੱਲੋਂ ਕੀਤੀ ਗਈ ਸਾਂਝੀ ਪੜਤਾਲ ਤੋਂ ਬਾਅਦ, ਇਸ ਸਮਝੌਤੇ ਤਹਿਤ ਸਾਊਦੀ ਅਰਬ ਵਿੱਚ ਯੂਰੇਨੀਅਮ ਸੰਸ਼ੋਧਨ (enrichment) ਸਹੂਲਤ ਸਥਾਪਿਤ ਕਰਨ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ। ਵ੍ਹਾਈਟ ਹਾਊਸ ਨੇ ਅਜੇ ਤੱਕ ਇਸ 'ਤੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਇਸ ਸਭ ਦੇ ਵਿਚਕਾਰ, ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਾਸ਼ਿੰਗਟਨ ਤੋਂ ਈਰਾਨ ਨੂੰ ਸਖ਼ਤ ਚੇਤਾਵਨੀ ਦਿੱਤੀ ਹੈ। ਟਰੰਪ ਨੇ ਕਿਹਾ ਕਿ ਈਰਾਨ ਇੱਕ ਨਵੀਂ ਪ੍ਰਮਾਣੂ ਸਹੂਲਤ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਜੇਕਰ ਈਰਾਨ ਇਸ ਦਿਸ਼ਾ ਵਿੱਚ ਅੱਗੇ ਵਧਦਾ ਹੈ, ਤਾਂ ਅਮਰੀਕਾ ਉਸ ਸਹੂਲਤ 'ਤੇ ਹਮਲਾ ਕਰੇਗਾ।ਅਮਰੀਕਾ ਦੇ ਰੱਖਿਆ ਮੰਤਰੀ ਪੀਟ ਹੇਗਸੇਥ ਨੇ ਅਮਰੀਕਾ ਵਿਰੁੱਧ ਜੰਗ ਵਿੱਚ ਹੋਰ ਦੇਸ਼ਾਂ ਦੀ ਭੂਮਿਕਾ ਬਾਰੇ ਬਿਆਨ ਦਿੱਤਾ ਹੈ। ਹੇਗਸੇਥ ਨੇ ਕਿਹਾ ਕਿ ਰੂਸ ਅਤੇ ਚੀਨ ਅਮਰੀਕਾ ਵਿਰੁੱਧ ਜੰਗ ਵਿੱਚ ਈਰਾਨ ਦੀ ਮਦਦ ਕਰ ਰਹੇ ਹਨ। ਇਸ ਦੌਰਾਨ, ਰੱਖਿਆ ਮੰਤਰੀ ਪੀਟ ਹੇਗਸੇਥ ਨੂੰ ਅਮਰੀਕੀ ਸੈਨੇਟ ਦੀ ਸੁਣਵਾਈ ਦੌਰਾਨ ਵਿਰੋਧ ਦਾ ਸਾਹਮਣਾ ਕਰਨਾ ਪਿਆ; ਜੰਗ-ਵਿਰੋਧੀ ਪ੍ਰਦਰਸ਼ਨਕਾਰੀਆਂ ਨੇ ਵਾਰ-ਵਾਰ ਕਾਰਵਾਈ ਵਿੱਚ ਵਿਘਨ ਪਾਇਆ। ਪ੍ਰਦਰਸ਼ਨਕਾਰੀਆਂ ਨੇ ਈਰਾਨ ਅਤੇ ਫਲਸਤੀਨ ਵਿੱਚ ਬੱਚਿਆਂ 'ਤੇ ਬੰਬਾਰੀ ਬੰਦ ਕਰਨ ਦੀ ਮੰਗ ਕਰਦਿਆਂ ਨਾਅਰੇ ਲਗਾਏ।

## ਟਰੰਪ ਦਾ ਵੱਡਾ ਐਲਾਨ...

2026 ਤੋਂ 2028 ਤੱਕ ਅਮਰੀਕਾ ਵਿੱਚ ਆਉਣ ਵਾਲੀਆਂ ਸਾਰੀਆਂ ਜੈਨੇਰਿਕ ਦਵਾਈਆਂ 'ਤੇ ਜ਼ੀਰੋ ਪ੍ਰਤੀਸ਼ਤ ਟੈਰਿਫ ਰਹੇਗਾ। ਉਨ੍ਹਾਂ ਕਿਹਾ ਕਿ ਤੀਜੇ ਸਾਲ ਵਿੱਚ ਯਾਨੀ 2028 ਤੋਂ ਬਾਅਦ ਟੈਰਿਫ ਵਧਾ ਕੇ 100% ਕਰ ਦਿੱਤਾ ਜਾਵੇਗਾ ਅਤੇ ਉਸ ਤੋਂ ਬਾਅਦ ਇਹ 200% ਹੋ ਜਾਵੇਗਾ। ਟਰੰਪ ਨੇ ਆਪਣੀ ਪੋਸਟ ਵਿੱਚ ਲਿਖਿਆ, "1 ਅਗਸਤ, 2026 ਤੋਂ ਅਮਰੀਕਾ ਵਿੱਚ ਆਉਣ ਵਾਲੀਆਂ ਸਾਰੀਆਂ ਜੈਨੇਰਿਕ ਦਵਾਈਆਂ 'ਤੇ ਦੋ ਸਾਲਾਂ ਤੱਕ ਜ਼ੀਰੋ ਪ੍ਰਤੀਸ਼ਤ ਟੈਰਿਫ ਰਹੇਗਾ। ਇਸ ਤੋਂ ਬਾਅਦ, ਇੱਕ ਸਾਲ ਲਈ ਟੈਰਿਫ ਵਧਾ ਕੇ 100 ਪ੍ਰਤੀਸ਼ਤ ਕਰ ਦਿੱਤਾ ਜਾਵੇਗਾ ਅਤੇ ਫਿਰ 200 ਪ੍ਰਤੀਸ਼ਤ ਹੋ ਜਾਵੇਗਾ।"

ਉਨ੍ਹਾਂ ਅੱਗੇ ਕਿਹਾ ਕਿ ਅਜਿਹਾ ਜੈਨੇਰਿਕ ਫਾਰਮਾਸਿਊਟੀਕਲ ਪ੍ਰੋਡਕਸ਼ਨ ਨੂੰ ਅਮਰੀਕਾ ਵਿੱਚ ਵਾਪਸ ਲਿਆਉਣ ਲਈ ਕੀਤਾ ਜਾ ਰਹਾ ਹੈ। ਜੋ ਕੰਪਨੀਆਂ ਮਿਥੇ ਸਮੇਂ ਦੇ ਅੰਦਰ ਪਲਾਂਟ ਅਤੇ ਉਪਕਰਣ ਨਹੀਂ ਬਣਾਉਣਗੀਆਂ, ਉਨ੍ਹਾਂ 'ਤੇ ਜੁਰਮਾਨਾ ਲਗਾਇਆ ਜਾਵੇਗਾ। ਰਾਸ਼ਟਰਪਤੀ ਟਰੰਪ ਨੇ ਕਿਹਾ ਕਿ ਇਸ ਨੀਤੀ ਦਾ ਮਕਸਦ ਅਮਰੀਕੀ ਲੋਕਾਂ ਦੀ ਸੁਰੱਖਿਆ ਕਰਨਾ ਹੈ। ਉਨ੍ਹਾਂ ਕਿਹਾ, "ਪੇਟੈਂਟਡ, ਬ੍ਰਾਂਡਡ ਜਾਂ ਇਨੋਵੇਟਿਵ ਦਵਾਈਆਂ 'ਤੇ ਜੋ ਨੀਤੀ ਹੁਣ ਲਾਗੂ ਹੈ ਅਤੇ ਬਹੁਤ ਸਫਲ ਰਹੀ ਹੈ, ਉਹ ਅਜਿਹੀ ਹੀ ਬਣੀ ਰਹੇਗੀ।" ਦੱਸ ਦਈਏ ਕਿ ਭਾਰਤ ਨੂੰ ਅਕਸਰ 'ਫ਼ਾਰਮੇਸੀ ਆਫ਼ ਦ ਵਰਲਡ' ਕਿਹਾ ਜਾਂਦਾ ਹੈ ਕਿਉਂਕਿ ਇਹ ਦੁਨੀਆ ਭਰ ਦੇ ਦੇਸ਼ਾਂ ਨੂੰ ਜੈਨੇਰਿਕ ਦਵਾਈਆਂ ਦੀ ਸਪਲਾਈ ਕਰਦਾ ਹੈ। 'ਗਲੋਬਲ ਟਰੇਡ ਰਿਸਰਚ ਇਨੀਸ਼ੀਏਟਿਵ' ਦੀ ਇੱਕ ਰਿਪੋਰਟ ਅਨੁਸਾਰ, 2025 ਵਿੱਚ ਭਾਰਤ ਨੇ ਅਮਰੀਕਾ ਨੂੰ 9.7 ਅਰਬ ਡਾਲਰ ਦੀਆਂ ਫਾਰਮਾਸਿਊਟੀਕਲ ਦਵਾਈਆਂ ਐਕਸਪੋਰਟ (ਕੀਤੀਆਂ। ਇਹ ਭਾਰਤ ਦੇ ਕੁੱਲ 25.8 ਅਰਬ ਡਾਲਰ ਦੇ ਗਲੋਬਲ ਫਾਰਮਾ ਐਕਸਪੋਰਟ ਦਾ 38 ਪ੍ਰਤੀਸ਼ਤ ਸੀ। ਭਾਰਤੀ ਜੈਨੇਰਿਕ ਦਵਾਈਆਂ ਅਮਰੀਕਾ ਵਿੱਚ ਹਾਈਪਰਟੈਨਸ਼ਨ , ਡਾਇਬਟੀਜ਼ ਕੈਂਸਰ, ਛੂਤ ਦੀਆਂ ਬੀਮਾਰੀਆਂ ਅਤੇ ਮਾਨਸਿਕ ਸਿਹਤ ਦੇ ਇਲਾਜ ਲਈ ਵੱਡੇ ਪੱਧਰ 'ਤੇ ਵਰਤੀਆਂ ਜਾਂਦੀਆਂ ਹਨ। ਭਾਰਤ ਤੋਂ ਅਮਰੀਕਾ ਭੇਜੀਆਂ ਜਾਣ ਵਾਲੀਆਂ ਜੈਨੇਰਿਕ ਦਵਾਈਆਂ ਦੀ ਵਰਤੋਂ ਵੱਡੀ ਗਿਣਤੀ ਵਿੱਚ ਮਰੀਜ਼ ਕਰਦੇ ਹਨ। ਇਨ੍ਹਾਂ ਦਵਾਈਆਂ ਦੀ ਕੀਮਤ ਘੱਟ ਹੋਣ ਕਰਕੇ ਅਮਰੀਕਾ ਵਿੱਚ ਵੀ ਇਨ੍ਹਾਂ ਦੀ ਕਾਫ਼ੀ ਮੰਗ ਰਹਿੰਦੀ ਹੈ। ਜੇਕਰ ਇਨ੍ਹਾਂ ਦਵਾਈਆਂ 'ਤੇ 100 ਤੋਂ 200 ਫ਼ੀਸਦੀ ਤੱਕ ਟੈਰਿਫ ਲੱਗਦਾ ਹੈ, ਤਾਂ ਇਨ੍ਹਾਂ ਦੀ ਕੀਮਤ ਵਧ ਸਕਦੀ ਹੈ।

## ਮਾਰਖਮ 'ਚ ਸਟੋਰ...

ਕਰਮਚਾਰੀਆਂ ਨੇ ਦੱਸਿਆ ਕਿ ਇਹ ਵਿਅਕਤੀ ਪਹਿਲਾਂ ਹੋਈਆਂ ਚੋਰੀਆਂ ਦੇ ਮਾਮਲਿਆਂ ਨਾਲ ਵੀ ਜੁੜੇ ਹੋਏ ਸਨ। ਨਿਗਰਾਨੀ ਦੌਰਾਨ ਪਤਾ ਲੱਗਿਆ ਕਿ ਉਹ ਬਿਨਾਂ ਭੁਗਤਾਨ ਕੀਤੇ ਸਮਾਨ ਲੈ ਕੇ ਸਟੋਰ ਤੋਂ ਬਾਹਰ ਨਿਕਲ ਗਏ। ਸਟੋਰ ਕਰਮਚਾਰੀਆਂ ਨੇ ਬਾਹਰ ਜਾ ਕੇ ਦੇਖਿਆ ਕਿ ਮੁਲਜ਼ਮ ਚੋਰੀ ਕੀਤਾ ਸਮਾਨ ਇੱਕ ਵਾਹਨ ਵਿੱਚ ਰੱਖ ਰਹੇ ਸਨ, ਜਿਸ ਤੋਂ ਬਾਅਦ ਪੁਲੀਸ ਨੂੰ ਸੂਚਨਾ ਦਿੱਤੀ ਗਈ। ਮੌਕੇ 'ਤੇ ਪਹੁੰਚੀ ਪੁਲੀਸ ਨੂੰ ਦੇਖ ਕੇ ਮੁਲਜ਼ਮਾਂ ਨੇ ਫ਼ਰਾਰ ਹੋਣ ਦੀ ਕੋਸ਼ਿਸ਼ ਕੀਤੀ ਅਤੇ ਆਪਣਾ ਵਾਹਨ ਪੁਲੀਸ ਦੀ ਗੱਡੀ ਨਾਲ ਟਕਰਾ ਦਿੱਤਾ। ਇਸ ਉਪਰੰਤ ਸਾਰੇ ਮੁਲਜ਼ਮ ਪੈਦਲ ਭੱਜਣ ਲੱਗੇ। ਪੁਲੀਸ ਅਧਿਕਾਰੀਆਂ ਨੇ ਪਿੱਛਾ ਕਰਕੇ ਚਾਰ ਵਿਅਕਤੀਆਂ ਨੂੰ ਕਾਬੂ ਕਰ ਲਿਆ, ਜਦੋਂਕਿ ਪੰਜਵਾਂ ਮੁਲਜ਼ਮ ਮੌਕੇ ਤੋਂ ਫ਼ਰਾਰ ਹੋ ਗਿਆ। ਪੁਲੀਸ ਮੁਤਾਬਕ ਗ੍ਰਿਫ਼ਤਾਰ ਕੀਤੇ ਗਏ ਚਾਰੇ ਵਿਅਕਤੀ ਘਟਨਾ ਸਮੇਂ ਪਹਿਲਾਂ ਤੋਂ ਹੀ ਜ਼ਮਾਨਤ ਜਾਂ ਰਿਹਾਈ ਦੀਆਂ ਸ਼ਰਤਾਂ ਹੇਠ ਸਨ।

ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿੱਚ ਮੋਹਿਤ ਸ਼ਰਮਾ (36), ਜਿਸ ਦਾ ਕੋਈ ਪੱਕਾ ਪਤਾ ਦਰਜ ਨਹੀਂ; ਮਨਪ੍ਰੀਤ ਸਿੰਘ (30), ਬਰੈਂਪਟਨ; ਵਿਸ਼ਵਜੀਤ ਸਿੰਘ (22), ਮਿਸੀਸਾਗਾ ਅਤੇ ਸੁਖਜਿੰਦਰ ਰੱਖੜਾ (43), ਕਿਚਨਰ ਸ਼ਾਮਲ ਹਨ।

ਪੁਲੀਸ ਅਨੁਸਾਰ ਮੋਹਿਤ ਸ਼ਰਮਾ ਖ਼ਿਲਾਫ਼ 5,000 ਡਾਲਰ ਤੋਂ ਵੱਧ ਦੀ ਚੋਰੀ, ਚੋਰੀ ਦਾ ਮਾਲ ਰੱਖਣ, ਸੰਨ੍ਹ ਮਾਰੀ ਦੇ ਔਜ਼ਾਰ ਰੱਖਣ, ਪੁਲੀਸ ਕਾਰਵਾਈ ਵਿੱਚ ਰੁਕਾਵਟ ਪਾਉਣ, ਨਸ਼ੀਲੇ ਪਦਾਰਥ ਰੱਖਣ ਅਤੇ ਅਦਾਲਤੀ ਸ਼ਰਤਾਂ ਦੀ ਉਲੰਘਣਾ ਦੇ ਦੋਸ਼ ਲਗਾਏ ਗਏ ਹਨ। ਮਨਪ੍ਰੀਤ ਸਿੰਘ 'ਤੇ 5,000 ਡਾਲਰ ਤੋਂ ਵੱਧ ਦੀ ਚੋਰੀ, ਚੋਰੀ ਦਾ ਮਾਲ ਰੱਖਣ, ਸੰਨ੍ਹ ਮਾਰੀ ਦੇ ਔਜ਼ਾਰ ਰੱਖਣ, ਪੁਲੀਸ ਕਾਰਵਾਈ ਵਿੱਚ ਰੁਕਾਵਟ ਪਾਉਣ, ਰਿਹਾਈ ਹੁਕਮਾਂ ਦੀ ਉਲੰਘਣਾ ਅਤੇ ਪ੍ਰੋਬੇਸ਼ਨ ਦੀ ਉਲੰਘਣਾ ਦੇ ਦੋਸ਼ ਦਰਜ ਕੀਤੇ ਗਏ ਹਨ।ਇਸੇ ਤਰ੍ਹਾਂ ਵਿਸ਼ਵਜੀਤ ਸਿੰਘ ਖ਼ਿਲਾਫ਼ 5,000 ਡਾਲਰ ਤੋਂ ਵੱਧ ਦੀ ਚੋਰੀ, ਚੋਰੀ ਦਾ ਮਾਲ ਰੱਖਣ, ਸੰਨ੍ਹ ਮਾਰੀ ਦੇ ਔਜ਼ਾਰ ਰੱਖਣ, ਪੁਲੀਸ ਕਾਰਵਾਈ ਵਿੱਚ ਰੁਕਾਵਟ ਪਾਉਣ ਅਤੇ ਰਿਹਾਈ ਤੇ ਅਦਾਲਤੀ ਸ਼ਰਤਾਂ ਦੀ ਉਲੰਘਣਾ ਦੇ ਦੋਸ਼ ਲਗਾਏ ਗਏ ਹਨ, ਜਦਕਿ ਸੁਖਜਿੰਦਰ ਰੱਖੜਾ 'ਤੇ 5,000 ਡਾਲਰ ਤੋਂ ਵੱਧ ਦੀ ਚੋਰੀ, ਚੋਰੀ ਦਾ ਮਾਲ ਰੱਖਣ, ਸੰਨ੍ਹ ਮਾਰੀ ਦੇ ਔਜ਼ਾਰ ਰੱਖਣ ਅਤੇ ਪੁਲੀਸ ਤੋਂ ਭੱਜਣ ਦੇ ਦੋਸ਼ ਆਇਦ ਕੀਤੇ ਗਏ ਹਨ। ਯੌਰਕ ਰਿਜਨਲ ਪੁਲੀਸ ਵੱਲੋਂ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਫ਼ਰਾਰ ਪੰਜਵੇਂ ਮੁਲਜ਼ਮ ਦੀ ਭਾਲ ਕੀਤੀ ਜਾ ਰਹੀ ਹੈ।

## ਅਮਰੀਕਾ 'ਚ ਪੰਜਾਬੀ...

ਉਹ ਭਾਰਤ ਦੇ ਲਾਰੈਂਸ ਅਤੇ ਜੱਗੂ ਭਗਵਾਨਪੁਰੀਆ ਗੈਂਗਾਂ ਲਈ ਕੰਮ ਕਰਦੇ ਸਨ। ਜ਼ਿਕਰਯੋਗ ਹੈ ਕਿ 'ਆਪਰੇਸ਼ਨ ਹਾਰਡ ਬਾਲ' (Operation Hard Ball) ਤਹਿਤ ਬ੍ਰਿਟਿਸ਼ ਕੋਲੰਬੀਆ (BC) ਵਿੱਚ ਗ੍ਰਿਫ਼ਤਾਰ ਕੀਤੇ ਗਏ ਰਵਿੰਦਰ ਢਾਂਡਾ, ਜਸਕਰਨ ਬਾਗੜੀ ਅਤੇ ਗੁਰਤੇਜ ਸਮਾਗ ਦੀ ਹਵਾਲਗੀ ਸਬੰਧੀ ਸੁਣਵਾਈ 22 ਜੁਲਾਈ ਨੂੰ ਬੀ.ਸੀ. ਸੁਪਰੀਮ ਕੋਰਟ ਵਿੱਚ ਹੋਈ ਸੀ। ਹਾਲਾਂਕਿ, ਅਦਾਲਤ ਨੇ ਇਸ ਕੇਸ ਦੀ ਕਾਰਵਾਈ ਦੇ ਪ੍ਰਕਾਸ਼ਨ 'ਤੇ ਰੋਕ ਲਗਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਐਫ.ਬੀ.ਆਈ. (FBI) ਦੇ ਲਾਸ ਏਂਜਲਸ ਸਥਿਤ ਦਫ਼ਤਰ ਨੇ 20 ਜੁਲਾਈ ਨੂੰ ਹਰਮਨਵੀਰ ਸਿੰਘ ਦੀ ਤਸਵੀਰ ਵਾਲਾ ਇੱਕ "ਮੋਸਟ ਵਾਂਟੇਡ" (ਸਭ ਤੋਂ ਵੱਧ ਲੋੜੀਂਦੇ ਵਿਅਕਤੀਆਂ ਦਾ) ਪੋਸਟਰ ਜਾਰੀ ਕੀਤਾ ਸੀ। ਗ੍ਰਿਫ਼ਤਾਰੀ ਦੀ ਇਹ ਅਹਿਮ ਕਾਰਵਾਈ ਕੈਲੀਫੋਰਨੀਆ ਹਾਈਵੇਅ ਪੈਟਰੋਲ ਦੇ ਅਧਿਕਾਰੀਆਂ ਵੱਲੋਂ ਅੰਜਾਮ ਦਿੱਤੀ ਗਈ। ਜਾਂਚ ਏਜੰਸੀਆਂ ਅਨੁਸਾਰ, ਹਰਮਨਵੀਰ 'ਤੇ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਉਨ੍ਹਾਂ ਨੂੰ ਆਪਣੇ ਕੋਲ ਰੱਖਣ ਦੇ ਨਾਲ-ਨਾਲ ਅਮਰੀਕਾ ਤੋਂ ਨਸ਼ੀਲੇ ਪਦਾਰਥਾਂ ਦੀ ਬਰਾਮਦ (ਐਕਸਪੋਰਟ) ਕਰਨ ਦੀ ਸਾਜ਼ਿਸ਼ ਰਚਣ ਵਰਗੇ ਦੋਸ਼ ਲੱਗੇ ਹੋਏ ਹਨ। ਐਫ.ਬੀ.ਆਈ. (FBI) ਦੇ ਅਨੁਸਾਰ, ਹਰਮਨਵੀਰ ਸਿੰਘ ਕੈਨੇਡਾ ਵਿੱਚ ਕਈ ਵੱਖ-ਵੱਖ ਨਾਵਾਂ (ਉਪ-ਨਾਵਾਂ) ਹੇਠ ਰਹਿ ਰਿਹਾ ਹੈ। ਐਫ.ਬੀ.ਆਈ. ਦਾ ਕਹਿਣਾ ਹੈ ਕਿ ਮੁਲਜ਼ਮ ਨੂੰ 'ਹਰੀ ਗੌਤਮ' ਅਤੇ 'ਹਰਮਨ ਸੰਧੂ' ਵਰਗੇ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। 23 ਜੂਨ 2026 ਨੂੰ ਲਾਸ ਏਂਜਲਸ, ਕੈਲੀਫੋਰਨੀਆ ਦੀ ਫੈਡਰਲ ਜ਼ਿਲ੍ਹਾ ਅਦਾਲਤ ਵੱਲੋਂ ਉਸ ਵਿਰੁੱਧ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ ਤੇ ਹੁਣ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

## ਸਿੱਕਮ ਸੁਰੰਗ ਹਾਦਸਾ...

ਬਣ ਰਹੇ ਤੀਸਤਾ ਸਟੇਜ-6 ਪ੍ਰੋਜੈਕਟ ਦਾ ਹਿੱਸਾ ਹੈ। ਇਸ ਨੂੰ ਪਟੇਲ ਇੰਜੀਨੀਅਰਿੰਗ ਕੰਪਨੀ ਬਣਾ ਰਹੀ ਸੀ। ਪੁਲਿਸ ਤੋਂ ਮਿਲੀ ਜਾਣਕਾਰੀ ਅਨੁਸਾਰ ਕੁਝ ਲੋਕ ਅਜੇ ਵੀ ਫਸੇ ਹੋਏ ਹਨ। ਦੱਸ ਦਈਏ ਕਿ ਇਸ ਹਾਦਸੇ ਤੋਂ ਬਾਅਦ ਮੁੱਖ ਮੰਤਰੀ ਪ੍ਰੇਮ ਸਿੰਘ ਤਮਾਂਗ ਨੇ ਮਾਰੇ ਗਏ ਹਰ ਮਜ਼ਦੂਰ ਦੇ ਪਰਿਵਾਰ ਨੂੰ 4 ਲੱਖ ਰੁਪਏ ਅਤੇ ਹਰ ਜ਼ਖ਼ਮੀ ਵਿਅਕਤੀ ਨੂੰ 50,000 ਰੁਪਏ ਦੀ ਮੁਆਵਜ਼ਾ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ। ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸੁਰੰਗ ਦੇ ਢਹਿਣ ਦਾ ਕਾਰਨ ਬਣੇ ਮੀਥੇਨ ਗੈਸ ਧਮਾਕੇ ਦੀ ਵਜ੍ਹਾ ਦਾ ਪਤਾ ਲਗਾਉਣ ਲਈ ਇੱਕ ਵਿਸ਼ੇਸ਼ ਕਮੇਟੀ ਗਠਿਤ ਕੀਤੀ ਜਾਵੇਗੀ। ਇਸ ਹਾਦਸੇ ਤੋਂ ਬਾਅਦ ਪ੍ਰਧਾਨ ਮੰਤਰੀ ਮੋਦੀ ਨੇ ਮੁੱਖ ਮੰਤਰੀ ਨਾਲ ਗੱਲ ਕੀਤੀ ਸੀ ਅਤੇ ਹਾਲਾਤ ਦਾ ਜਾਇਜ਼ਾ ਲੈਂਦਿਆਂ ਇਹ ਭਰੋਸਾ ਦਿਵਾਇਆ ਸੀ ਕਿ ਕੇਂਦਰ ਸਰਕਾਰ ਵੱਲੋਂ ਹਰ ਸੰਭਵ ਮਦਦ ਮਿਲੇਗੀ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਮੋਦੀ ਨੇ ਵੀ ਮ੍ਰਿਤਕਾਂ ਦੇ ਪਰਿਵਾਰਾਂ ਨੂੰ 2 ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 50-50 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਸੀ। ਦੱਸ ਦਈਏ ਕਿ ਸਿੱਕਮ ਵਿਧਾਨ ਸਭਾ ਨੇ ਸੁਰੰਗ ਢਹਿਣ ਕਾਰਨ ਮਾਰੇ ਗਏ ਮਜ਼ਦੂਰਾਂ ਦੇ ਸ਼ੋਕ ਵਿੱਚ ਦੋ ਮਿੰਟ ਦਾ ਮੌਨ ਵੀ ਰੱਖਿਆ ਸੀ।

## ਜੰਮੂ-ਕਸ਼ਮੀਰ ਦੇ...

ਲਈਆਂ ਗਈਆਂ ਹਨ, ਜਦਕਿ ਬਾਕੀ ਲਾਪਤਾ ਵਿਅਕਤੀਆਂ ਦੀ ਭਾਲ ਲਈ ਤਲਾਸ਼ੀ ਅਭਿਆਨ ਜਾਰੀ ਸੀ।ਉਨ੍ਹਾਂ ਦੱਸਿਆ ਕਿ ਸਾਂਗਲਾ ਪਿੰਡ ਵਿੱਚ ਅਚਾਨਕ ਆਏ ਹੜ੍ਹ ਵਿੱਚ ਇੱਕ ਹੋਰ ਪਰਿਵਾਰ ਦਾ ਮਕਾਨ ਵਹਿ ਜਾਣ ਤੋਂ ਬਾਅਦ ਪਰਿਵਾਰ ਦੇ ਚਾਰ ਮੈਂਬਰ ਲਾਪਤਾ ਦੱਸੇ ਜਾ ਰਹੇ ਹਨ। ਅਧਿਕਾਰੀਆਂ ਮੁਤਾਬਕ ਲਾਪਤਾ ਲੋਕਾਂ ਵਿੱਚ ਅਬਦੁਲ ਹਮੀਦ, ਪਤਨੀ ਸ਼ਰੀਫਾ ਬੇਗਮ, ਬੇਟੀ ਅਰੀਬਾ ਅਤੇ ਭੈਣ ਮਨੀਰਾ ਬੇਗਮ ਸ਼ਾਮਲ ਹਨ।

ਇਸ ਤੋਂ ਇਲਾਵਾ ਨੂਨਾਬੰਦੀ ਪਿੰਡ ਵਿੱਚ ਇੱਕ ਮਕਾਨ ਢਹਿ ਜਾਣ ਕਾਰਨ 28 ਸਾਲਾ ਔਰਤ ਨਾਜ਼ੀਆ ਕੌਸਰ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਉਸ ਦੇ ਪਤੀ ਮੁਹੰਮਦ ਹਫੀਜ਼ ਅਤੇ ਦੋ ਤੋਂ ਛੇ ਸਾਲ ਦੀ ਉਮਰ ਦੇ ਤਿੰਨ ਬੱਚਿਆਂ ਨੂੰ ਜ਼ਖਮੀ ਹਾਲਤ ਵਿੱਚ ਬਚਾ ਲਿਆ ਗਿਆ ਅਤੇ ਹਸਪਤਾਲ ਪਹੁੰਚਾਇਆ ਗਿਆ।ਉੱਥੇ ਹੀ ਸਾਂਗਲਾਨੀ-ਸੁਰਨਕੋਟ ਵਿੱਚ ਮਕਾਨ ਢਹਿ ਜਾਣ ਕਾਰਨ ਸ਼ਾਹਜ਼ੇਬ ਅਹਿਮਦ (22) ਦੀ ਜਾਨ ਚਲੀ ਗਈ, ਜਦੋਂ ਕਿ ਮਾਰਹੋਤੇ ਵਿੱਚ ਇੱਕ ਨਾਬਾਲਗ ਲੜਕੀ, ਜਿਸ ਦੀ ਪਛਾਣ ਇਰਮ ਵਜੋਂ ਹੋਈ ਹੈ, ਇੱਕ ਨਾਲੇ ਵਿੱਚ ਡੁੱਬ ਗਈ। ਅਧਿਕਾਰੀਆਂ ਨੇ ਦੱਸਿਆ ਕਿ ਧੁੰਦਕ ਲਾਬੂਨ ਪੁਲ ਨੇੜੇ ਨਾਲੇ ਵਿੱਚੋਂ ਅਣਪਛਾਤੀ ਔਰਤ ਦੀ ਲਾਸ਼ ਵੀ ਬਾਹਰ ਕੱਢੀ ਗਈ ਹੈ।ਅਧਿਕਾਰੀਆਂ ਨੇ ਦੱਸਿਆ ਕਿ ਪੁਣਛ ਜ਼ਿਲ੍ਹੇ ਦੀ ਹਵੇਲੀ ਤਹਿਸੀਲ ਵਿੱਚ ਕਰੀਬ ਅੱਧਾ ਦਰਜਨ ਮਕਾਨ ਢਹਿ ਜਾਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਇੱਕ ਹੋਰ ਗੰਭੀਰ ਜ਼ਖਮੀ ਹੋ ਗਿਆ।

# ਅਮਰੀਕਾ 'ਚ ਭਾਰਤੀ ਪਰਿਵਾਰ ਹੋਇਆ ਖ਼ਤਮ

### * ਦਿਲ ਕੰਬਾਊ ਹਾਦਸੇ ਦੌਰਾਨ 3 ਜਣਿਆਂ ਦੀ ਮੌਤ

### * ਪਿਉ-ਧੀ ਦੀ ਹਾਲਤ ਨਾਜ਼ੁਕ, ਕੈਲੇਫੋਰਨੀਆ 'ਚ ਚੱਲ ਰਿਹਾ ਇਲਾਜ



ਕੈਲੇਫੋਰਨੀਆ : ਅਮਰੀਕਾ ਵਿਚ ਵਾਪਰੇ ਦਿਲ ਕੰਬਾਊ ਹਾਦਸੇ ਦੌਰਾਨ ਭਾਰਤੀ ਪਰਵਾਰ ਦੇ ਤਿੰਨ ਜੀਅ ਦਮ ਤੋੜ ਗਏ ਜਦਕਿ ਦੋ ਹੋਰਨਾਂ ਨੂੰ ਨਾਜ਼ੁਕ ਹਾਲਤ ਵਿਚ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਕੈਲੇਫੋਰਨੀਆ ਵਿਚ ਦੋ ਗੱਡੀਆਂ ਦੀ ਆਹਮੋ-ਸਾਹਮਣੀ ਟੱਕਰ ਦੌਰਾਨ 45 ਸਾਲਾ ਨਾਜ਼ੀਆ ਸਲਮਾ, ਉਸ ਦੀ 19 ਸਾਲਾ ਬੇਟੀ ਹਫ਼ੀਜ਼ਾ ਨੇਹਾ ਸ਼ੇਖ ਅਤੇ 14 ਸਾਲਾ ਬੇਟੇ ਹਫ਼ੀਜ਼ ਓਮਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਨਾਜ਼ੀਆ ਦੇ ਪਤੀ ਸ਼ੇਖ ਅਬਦੁਲ ਨਵੀਦ ਅਤੇ ਬੇਟੀ ਖਾਤੀਜਾ ਸ਼ੇਖ ਗੰਭੀਰ ਜ਼ਖ਼ਮੀ ਦੱਸੇ ਜਾ ਰਹੇ ਹਨ। ਹਾਦਸਾ ਸਾਲਟਨ ਸਿਟੀ ਨੇੜੇ ਵਾਪਰਿਆ ਅਤੇ ਦੂਜੀ ਕਾਰ ਦਾ ਡਰਾਈਵਰ ਵੀ ਦਮ ਤੋੜ ਗਿਆ। ਪੁਲਿਸ ਵੱਲੋਂ ਹਾਦਸੇ ਦੇ ਕਾਰਨਾਂ ਦੀ ਪੜਤਾਲ ਕੀਤੀ ਜਾ ਰਹੀ ਹੈ। ਭਾਰਤੀ ਪਰਵਾਰ ਹੈਦਰਾਬਾਦ ਦੇ ਨਾਲ ਲਗਦੇ ਸਈਦਾਬਾਦ ਇਲਾਕੇ ਨਾਲ ਸਬੰਧਤ ਦੱਸਿਆ ਜਾ ਰਿਹਾ ਹੈ। ਸ਼ੇਖ ਅਬਦੁਲ ਨਵੀਦ ਦੇ ਪਿਤਾ ਸ਼ੇਖ ਅਬਦੁਲ ਸਈਦ ਨੇ ਦੱਸਿਆ ਕਿ ਉਹ ਮੰਗਲਵਾਰ ਸਵੇਰੇ ਆਪਣੇ ਬੇਟੇ ਨੂੰ ਫੋਨ ਕਰ ਰਹੇ ਸਨ ਪਰ ਕਈ ਵਾਰ ਕਾਲ ਕਰਨ 'ਤੇ ਵੀ ਕੋਈ ਹੁੰਗਾਰਾ ਨਾ ਮਿਲਿਆ। ਉਨ੍ਹਾਂ ਇਕ ਵਾਰ ਫਿਰ ਫੋਨ ਕੀਤਾ ਤਾਂ ਅੱਗੋਂ ਪੁਲਿਸ ਅਫ਼ਸਰ ਨੇ ਬੇਹੱਦ ਦੁਖਦ ਖ਼ਬਰ ਸੁਣਾ ਦਿਤੀ। ਅਬਦੁਲ ਨਵੀਦ ਤਕਰੀਬਨ 19 ਸਾਲ ਪਹਿਲਾ ਪੀ.ਐਚ.ਡੀ. ਵਾਸਤੇ ਅਮਰੀਕਾ ਪੁੱਜਾ ਅਤੇ ਇਥੇ ਹੀ ਵਸ ਗਿਆ। ਸਮੇਂ ਦੇ ਨਾਲ ਉਸ ਨੇ ਆਪਣਾ ਪਰਵਾਰ ਵੀ ਅਮਰੀਕਾ ਸੱਦ ਲਿਆ ਅਤੇ ਬਤੌਰ ਵਿਗਿਆਨੀ ਕੈਲੇਫੋਰਨੀਆ ਦੀ ਇਕ ਨਾਮੀ ਕੰਪਨੀ ਵਿਚ ਕੰਮ ਕਰ ਰਿਹਾ ਸੀ। ਸੂਤਰਾਂ ਮੁਤਾਬਕ ਪਰਵਾਰ ਦੇ ਸਾਰੇ ਮੈਂਬਰ ਸੈਰ ਸਪਾਟੇ ਮਗਰੋਂ ਵਾਪਸ ਆ ਰਹੇ ਸਨ ਜਦੋਂ ਸਾਹਮਣੇ ਤੋਂ ਆ ਰਹੀ ਇਕ ਗੱਡੀ ਅਚਾਨਕ ਬੇਕਾਬੂ ਹੋਣ ਮਗਰੋਂ ਉਨ੍ਹਾਂ ਦੀ ਗੱਡੀ ਨਾਲ ਟਕਰਾਅ ਗਈ। ਹਾਦਸਾ ਐਨਾ ਖ਼ਤਰਨਾਕ ਸੀ ਕਿ ਗੱਡੀ ਦੇ ਪਰਖੱਚੇ ਉਡ ਗਏ।

ਸ਼ੇਖ ਅਬਦੁਲ ਸਈਦ ਵੱਲੋਂ ਭਾਰਤ ਸਰਕਾਰ ਅਤੇ ਤੇਲੰਗਾਨਾ ਸਰਕਾਰ ਨੂੰ ਅਪੀਲ ਕੀਤੀ ਗਈ ਹੈ ਕਿ ਉਨ੍ਹਾਂ ਨੂੰ ਅਮਰੀਕਾ ਦੀ ਅੰਬੈਸੀ ਤੋਂ ਜਲਦ ਵੀਜ਼ਾ ਦਿਵਾਇਆ ਜਾਵੇ ਤਾਂਕਿ ਆਪਣੇ ਜ਼ਖ਼ਮੀ ਪੁੱਤ ਅਤੇ ਪੋਤੀ ਦੀ ਦੇਖਭਾਲ ਕਰ ਸਕਣ ਅਤੇ ਮ੍ਰਿਤਕਾਂ ਦਾ ਅੰਤਮ ਸਸਕਾਰ ਕੀਤਾ ਜਾ ਸਕੇ। ਉਧਰ, ਹਾਦਸੇ ਬਾਰੇ ਸਈਦਾਬਾਦ ਵਿਚ ਖ਼ਬਰ ਫੈਲੀ ਤਾਂ ਰਿਸ਼ਤੇਦਾਰ ਅਤੇ ਦੋਸਤ ਦੁੱਖ ਸਾਂਝਾ ਕਰਨ ਪੁੱਜਣ ਲੱਗੇ। ਏ.ਆਈ.ਐਮ.ਆਈ. ਐਮ. ਦੇ ਵਿਧਾਇਕ ਮਾਜਿਦ ਹੁਸੈਨ ਵੀ ਸ਼ੇਖ ਅਬਦੁਲ ਸਈਦ ਦੇ ਘਰ ਪੁੱਜੇ ਅਤੇ ਉਨ੍ਹਾਂ ਦੇ ਪੋਤੇ-ਪੋਤੀ ਅਤੇ ਨੂੰਹ ਦੀ ਬੇਵਕਤੀ ਮੌਤ 'ਤੇ ਦੁੱਖ ਸਾਂਝਾ ਕੀਤਾ।

ਦੂਜੇ ਪਾਸੇ ਕੈਲੇਫੋਰਨੀਆ ਵਿਚ ਵਾਪਰੇ ਇਕ ਹੋਰ ਦਰਦਨਾਕ ਹਾਦਸੇ ਦੌਰਾਨ ਫ਼ਰਿਜ਼ਨੋ ਦੀਆਂ ਮਾਵਾਂ-ਧੀਆਂ ਦੀ ਮੌਤ ਹੋ ਗਈ। ਕੈਲੇਫੋਰਨੀਆ ਹਾਈਵੇਅ ਪੈਟਰੋਲ ਨੇ ਦੱਸਿਆ ਕਿ 50 ਸਾਲਾ ਔਰਤ ਅਤੇ ਉਸ ਦੀ ਬੇਟੀ ਕਾਲੇ ਰੰਗ ਦੀ ਹੌਂਡਾ ਵਿਚ ਹਾਈਵੇਅ 152 'ਤੇ ਜਾ ਰਹੀਆਂ ਸਨ ਜਦੋਂ ਇਹ ਬੇਕਾਬੂ ਹੋ ਕੇ ਇਕ ਟਰੱਕ ਦੇ ਪਿੱਛੇ ਜਾ ਵੱਜੀ ਅਤੇ ਕਾਰ ਦਾ ਮੂਹਰਲਾ ਹਿੱਸਾ ਨਜ਼ਰ ਆਉਣਾ ਹੀ ਬੰਦ ਹੋ ਗਿਆ। ਟਰੱਕ ਡਰਾਈਵਰ ਨੂੰ ਝਟਕਾ ਮਹਿਸੂਸ ਹੋਇਆ ਤਾਂ ਉਸ ਨੇ ਸੜਕ ਦੇ ਇਕ ਪਾਸੇ ਟਰੱਕ ਰੋਕ ਕੇ ਹਾਲਾਤ ਦਾ ਜਾਇਜ਼ਾ ਲੈਣ ਦੇ ਯਤਨ ਕੀਤੇ ਪਰ ਕਾਰ ਦਾ ਪਿਛਲਾ ਹਿੱਸਾ ਹੀ ਨਜ਼ਰ ਆ ਰਿਹਾ ਸੀ। ਟਰੱਕ ਡਰਾਈਵਰ ਨੇ ਹੀ ਐਮਰਜੰਸੀ ਕਾਮਿਆਂ ਨੂੰ ਸੱਦਿਆ ਅਤੇ ਕਾਰ ਨੂੰ ਟਰੱਕ ਵਿਚੋਂ ਬਾਹਰ ਕੱਢਿਆ ਗਿਆ ਪਰ ਇਸ ਵਿਚ ਸਵਾਰ ਦੋਹਾਂ ਔਰਤਾਂ ਦੀ ਮੌਤ ਹੋ ਚੁੱਕੀ ਸੀ। ਦੋਹਾਂ ਨੇ ਸੀਟ ਬੈਲਟ ਲਾਈ ਹੋਈ ਸੀ ਅਤੇ ਫ਼ਿਲਹਾਲ ਇਹ ਦੱਸਣਾ ਮੁਸ਼ਕਲ ਹੈ ਕਿ ਸ਼ਰਾਬ ਜਾਂ ਕਿਸੇ ਕਿਸਮ ਦਾ ਹੋਰ ਨਸ਼ਾ ਹਾਦਸੇ ਲਈ ਜ਼ਿੰਮੇਵਾਰ ਰਿਹਾ।

# ਅਮਰੀਕਾ ਤੇ ਇਰਾਨ ਵਿਚਾਲੇ ਹਮਲੇ ਤੇਜ਼

### ਹਰਮੁਜ਼ ਜਲਮਾਰਗ ਨੂੰ ਲੈ ਕੇ ਸੰਘਰਸ਼ ਡੂੰਘਾ ਹੋਇਆ

ਅਮਰੀਕਾ ਅਤੇ ਇਰਾਨ ਨੇ ਸ਼ਨਿੱਚਰਵਾਰ ਨੂੰ ਵੀ ਇੱਕ-ਦੂਜੇ ਦੇ ਬੁਨਿਆਦੀ ਢਾਂਚੇ ਅਤੇ ਫ਼ੌਜੀ ਟਿਕਾਣਿਆਂ ਨੂੰ ਨਿਸ਼ਾਨਾ ਬਣਾ ਕੇ ਹਮਲੇ ਕੀਤੇ। ਦੁਨੀਆ ਦੇ ਸਭ ਤੋਂ ਅਹਿਮ ਸਮੁੰਦਰੀ ਮਾਰਗਾਂ ਵਿੱਚੋਂ ਇੱਕ 'ਹਰਮੁਜ਼ ਜਲਮਾਰਗ' 'ਤੇ ਕੰਟਰੋਲ ਨੂੰ ਲੈ ਕੇ ਦੋਵਾਂ ਦੇਸ਼ਾਂ ਵਿਚਾਲੇ ਸੰਘਰਸ਼ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ। ਪਿਛਲੇ ਕਈ ਦਿਨਾਂ ਤੋਂ ਦੋਵੇਂ ਦੇਸ਼ ਇੱਕ-ਦੂਜੇ 'ਤੇ ਲਗਾਤਾਰ ਹਮਲੇ ਕਰ ਰਹੇ ਹਨ। ਅੰਤਰਿਮ ਜੰਗਬੰਦੀ ਟੁੱਟਣ ਤੋਂ ਬਾਅਦ, ਇਸ ਸੰਘਰਸ਼ ਦੇ ਜਲਦੀ ਖ਼ਤਮ ਹੋਣ ਦੇ ਕੋਈ ਸੰਕੇਤ ਨਹੀਂ ਹਨ।

'ਅਮਰੀਕੀ ਸੈਂਟਰਲ ਕਮਾਂਡ' ਨੇ ਦੱਸਿਆ ਕਿ ਉਸ ਨੇ ਲਗਾਤਾਰ ਸੱਤਵੀਂ ਰਾਤ ਇਰਾਨ ਦੇ ਖ਼ਿਲਾਫ਼ ਮੁਹਿੰਮ ਵਿੱਚ ਉਸ ਦੀ ਫ਼ੌਜੀ ਤਾਕਤ ਨੂੰ ਕਮਜ਼ੋਰ ਕਰਨ ਦੇ ਉਦੇਸ਼ ਨਾਲ ਹਮਲੇ ਕੀਤੇ। ਸ਼ਨਿੱਚਰਵਾਰ ਤੜਕੇ ਜਾਰੀ ਬਿਆਨ ਵਿੱਚ ਕਿਹਾ ਗਿਆ ਕਿ ਇਨ੍ਹਾਂ ਹਮਲਿਆਂ ਵਿੱਚ ਨਿਗਰਾਨੀ ਕੇਂਦਰਾਂ, ਫ਼ੌਜੀ ਸਾਜ਼ੋ-ਸਾਮਾਨ, ਭੂਮੀਗਤ ਹਥਿਆਰਾਂ ਦੇ ਭੰਡਾਰ ਅਤੇ ਸਮੁੰਦਰੀ ਫ਼ੌਜੀ ਸਮਰੱਥਾਵਾਂ ਨੂੰ ਨਿਸ਼ਾਨਾ ਬਣਾਇਆ ਗਿਆ।

ਉੱਥੇ ਹੀ ਕੁਵੈਤ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਉਹ ਇਰਾਨ ਦੀਆਂ ਮਿਜ਼ਾਈਲਾਂ ਅਤੇ ਡਰੋਨਾਂ ਨੂੰ ਨਸ਼ਟ ਕਰ ਰਿਹਾ ਹੈ, ਪਰ ਇੱਕ ਡੀਸੈਲੀਨੇਸ਼ਨ ਪਲਾਂਟ (ਪਾਣੀ ਸਾਫ਼ ਕਰਨ ਵਾਲੇ ਪਲਾਂਟ) 'ਤੇ ਹਮਲਾ ਹੋਇਆ ਜਿਸ ਨਾਲ ਅੱਗ ਲੱਗ ਗਈ। ਰੇਗਿਸਤਾਨ ਵਿੱਚ ਸਥਿਤ ਇਸ ਛੋਟੇ ਜਿਹੇ ਦੇਸ਼ 'ਚ ਦੋ ਦਿਨਾਂ ਦੌਰਾਨ ਇਹ ਦੂਜਾ ਅਜਿਹਾ ਹਮਲਾ ਸੀ। ਇਹ ਦੇਸ਼ ਆਪਣੇ ਪੀਣ ਵਾਲੇ ਪਾਣੀ ਦਾ 90 ਫੀਸਦੀ ਹਿੱਸਾ ਡੀਸੈਲੀਨੇਸ਼ਨ ਤੋਂ ਹੀ ਹਾਸਲ ਕਰਦਾ ਹੈ।

ਕੁਵੈਤ ਫਾਇਰ ਫੋਰਸ ਦੇ ਅਨੁਸਾਰ, ਇਰਾਨ ਦੇ ਹਮਲਿਆਂ ਕਾਰਨ ਦੋ ਹੋਰ ਥਾਵਾਂ 'ਤੇ ਲੱਗੀ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਵਿੱਚ ਕਈ ਕਰਮਚਾਰੀ ਜ਼ਖ਼ਮੀ ਹੋ ਗਏ। ਮਿਜ਼ਾਈਲ ਦੇ ਖ਼ਤਰੇ ਕਾਰਨ ਕੁਵੈਤ ਨੇ ਸਵੇਰੇ ਕੁਝ ਸਮੇਂ ਲਈ ਆਪਣਾ ਹਵਾਈ ਖੇਤਰ (ਏਅਰਸਪੇਸ) ਬੰਦ ਕਰ ਦਿੱਤਾ ਸੀ ਅਤੇ ਕੁਵੈਤ ਏਅਰਵੇਜ਼ ਨੇ ਕਿਹਾ ਕਿ ਉਹ ਰਾਜਧਾਨੀ ਆਉਣ-ਜਾਣ ਵਾਲੀਆਂ ਜ਼ਿਆਦਾਤਰ ਉਡਾਣਾਂ ਦਾ ਸਮਾਂ ਬਦਲ ਰਿਹਾ ਹੈ।

ਦੂਜੇ ਪਾਸੇ ਇਰਾਕ ਨੇ ਕਿਹਾ ਕਿ ਉਸ ਨੇ ਅਰਬਿਲ ਸ਼ਹਿਰ ਦੇ ਉੱਪਰ ਹਮਲਾ ਕਰਨ ਵਾਲੇ ਡਰੋਨ ਨੂੰ ਮਾਰ ਗਿਰਾਇਆ ਹੈ। ਜਾਰਡਨ ਦੀ ਸਰਕਾਰੀ ਸਮਾਚਾਰ ਏਜੰਸੀ 'ਪੇਟਰਾ' ਨੇ ਦੱਸਿਆ ਕਿ ਦੇਸ਼ ਦੀ ਹਵਾਈ ਰੱਖਿਆ ਪ੍ਰਣਾਲੀ ਨੇ ਇਰਾਨ ਦੀਆਂ ਮਿਜ਼ਾਈਲਾਂ ਨੂੰ ਨਸ਼ਟ ਕਰ ਦਿੱਤਾ ਹੈ, ਜਦਕਿ ਬਹਿਰੀਨ ਸਰਕਾਰ ਦੇ ਅਨੁਸਾਰ, ਉੱਥੇ ਕਈ ਵਾਰ ਹਵਾਈ ਸਾਇਰਨ ਵੱਜੇ। ਇਰਾਨੀ ਅਧਿਕਾਰੀਆਂ ਦੇ ਅਨੁਸਾਰ, ਹਾਲ ਹੀ ਦੇ ਅਮਰੀਕੀ ਹਮਲਿਆਂ ਵਿੱਚ ਦਰਜਨਾਂ ਲੋਕਾਂ ਦੀ ਮੌਤ ਹੋਈ ਹੈ ਅਤੇ ਸੈਂਕੜੇ ਲੋਕ ਜ਼ਖਮੀ ਹੋਏ ਹਨ। ਦੂਜੇ ਪਾਸੇ, ਅਮਰੀਕੀ ਫ਼ੌਜ ਨੇ ਵੀ ਆਪਣੇ ਕਈ ਹੋਰ ਸੈਨਿਕਾਂ ਦੇ ਜ਼ਖਮੀ ਹੋਣ ਦੀ ਪੁਸ਼ਟੀ ਕੀਤੀ ਹੈ। ਇਰਾਨ ਨੇ ਜੰਗ ਸ਼ੁਰੂ ਹੋਣ ਤੋਂ ਬਾਅਦ ਹਰਮੁਜ਼ ਜਲਮਾਰਗ ਤੋਂ ਜਹਾਜ਼ਾਂ ਦੀ ਆਵਾਜਾਈ ਪ੍ਰਭਾਵਸ਼ਾਲੀ ਰੂਪ ਵਿੱਚ ਰੋਕ ਦਿੱਤੀ ਹੈ, ਜਿਸ ਨਾਲ ਆਲਮੀ ਤੇਲ ਬਾਜ਼ਾਰ ਪ੍ਰਭਾਵਿਤ ਹੋਇਆ ਹੈ।










# ਦਿੱਲੀ 'ਚ ਵਿਦਿਆਰਥੀਆਂ 'ਤੇ ਹੋਏ ਲਾਠੀਚਾਰਜ ਮਗਰੋਂ ਦਿਲਜੀਤ ਦੋਸਾਂਝ ਦਾ ਸਮੱਰਥਨ

## ਬੋਲੇ– ਮੈਨੂੰ ਫਿਰ ਤੋਂ ਦੇਸ਼ ਵਿਰੋਧੀ ਕਿਹਾ ਜਾਵੇਗਾ



ਪੰਜਾਬੀ ਅਦਾਕਾਰ ਤੇ ਗਾਇਕ ਦਿਲਜੀਤ ਦੋਸਾਂਝ ਨੇ ਸਿੱਖਿਆ ਪ੍ਰਣਾਲੀ 'ਚ ਸੁਧਾਰ ਦੀ ਮੰਗ ਤੇ NEET ਪ੍ਰੀਖਿਆ 'ਚ ਕਥਿਤ ਬੇਨਿਯਮੀਆਂ ਦੇ ਵਿਰੋਧ 'ਚ ਚੱਲ ਰਹੇ ਵਿਦਿਆਰਥੀਆਂ ਦੇ ਅੰਦੋਲਨ ਨੂੰ ਸਮਰਥਨ ਦਿੱਤਾ ਹੈ। ਬੀਤੇ ਦਿਨ, ਵਿਦਿਆਰਥੀਆਂ ਦੇ ਸੰਸਦ ਵੱਲ ਮਾਰਚ ਦੌਰਾਨ, ਉਨ੍ਹਾਂ ਨਾਲ ਕੀਤੇ ਗਏ ਸਲੂਕ ਨੂੰ ਉਨ੍ਹਾਂ ਨੇ "ਬਹੁਤ ਮਾੜਾ" ਕਿਹਾ ਤੇ ਉਨ੍ਹਾਂ ਨੇ ਅਧਿਕਾਰੀਆਂ ਨੂੰ ਵਿਦਿਆਰਥੀਆਂ ਦੀਆਂ ਮੰਗਾਂ ਸੁਣਨ ਦੀ ਅਪੀਲ ਕੀਤੀ ਹੈ।

ਦਿਲਜੀਤ ਦੁਸਾਂਝ ਦੀ ਇਨ੍ਹਾਂ ਦਿਨਾਂ 'ਚ 'ਫ਼ਿਲਮ ਸਤਲੁਜ' ਪੰਜਾਬ ਦੇ ਪਿੰਡ-ਪਿੰਡ ਦਿਖਾਈ ਜਾ ਰਹੀ ਹੈ ਤੇ ਦਿਲਜੀਤ ਨੇ ਲੋਕ ਮਨਾਂ 'ਚ ਪੰਜਾਬ ਦੇ ਪੁੱਤ ਵਜੋਂ ਮੁਹੱਬਤੀ ਥਾਂ ਬਣਾਈ ਹੈ। ਲੰਘੇ ਕੱਲ੍ਹ ਵਿਦਿਆਰਥੀਆਂ 'ਤੇ ਦਿੱਲੀ 'ਚ ਹੋਏ ਲਾਠੀਚਾਰਜ ਦੇ ਹਵਾਲੇ ਨਾਲ ਦਿਲਜੀਤ ਦੁਸਾਂਝ ਨੇ ਲਿਖਿਆ ਹੈ ਕਿ, ''ਅੱਜ ਜੋ ਹੋਇਆ ਬਹੁਤ ਮਾੜਾ ਹੋਇਆ। ਸਟੂਡੈਂਟਸ ਨਾਲ ਇੱਦਾਂ ਟਰੀਟ ਨਹੀਂ ਹੋਣਾ ਚਾਹੀਦਾ ਸੀ... ਮੈਂ ਪ੍ਰਸ਼ਾਸਨ ਨੂੰ ਬੇਨਤੀ ਕਰਦਾ ਹਾਂ ਕਿ ਸਟੂਡੈਂਟਸ ਦੀਆਂ ਡਿਮਾਂਡਜ਼ ਨੂੰ ਸੁਣ ਲਿਆ ਜਾਵੇ, ਲੋਕਾਂ ਦੀ ਆਵਾਜ਼ ਰੱਬ ਦੀ ਆਵਾਜ਼ ਹੁੰਦੀ ਆ।''

ਦਿਲਜੀਤ ਦੋਸਾਂਝ ਨੇ ਦਿੱਲੀ 'ਚ ਸਾਲ 2020-21 'ਚ ਚੱਲੇ ਕਿਸਾਨ ਅੰਦੋਲਨ ਦੇ ਹਵਾਲੇ ਨਾਲ ਇਹ ਵੀ ਲਿਖਿਆ ਹੈ, ''ਮੇਰੇ 'ਤੇ ਪਹਿਲਾਂ ਵੀ ਦੇਸ਼ ਵਿਰੋਧੀ ਹੋਣ ਦਾ ਟੈਗ ਲੱਗਿਆ ਹੈ। ਹੁਣ ਵੀ ਮੈਨੂੰ ਦੇਸ਼ ਵਿਰੋਧੀ ਕਿਹਾ ਜਾਵੇਗਾ। ਕਿਸਾਨਾਂ ਦੇ ਵਿਰੋਧ ਤੋਂ ਬਾਅਦ ਮੈਨੂੰ ਬਹੁਤ ਸਾਰੀਆਂ ਪ੍ਰਤੀਕ੍ਰਿਆਵਾਂ ਤੇ ਕਾਨੂੰਨੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ, ਜਿਨ੍ਹਾਂ ਬਾਰੇ ਮੈਂ ਚਰਚਾ ਵੀ ਨਹੀਂ ਕਰ ਸਕਦਾ।

ਬਾਕੀ ਪਰਮਾਤਮਾ ਦੇ ਹੱਥ ਵਿੱਚ ਹੈ। ਬਾਬਾ ਸਾਰਿਆਂ ਨੂੰ ਅਸੀਸ ਦੇਵੇ।''

# ਪੰਜਾਬ 'ਚ ਰਾਹੁਲ ਕਰਨਗੇ ਕਾਂਗਰਸ ਦੀ ਚੋਣ ਮੁਹਿੰਮ ਦੀ ਸ਼ੁਰੂਆਤ



ਪੰਜਾਬ ਕਾਂਗਰਸ ਵਿਚਕਾਰ ਪਿਛਲੇ ਕਈ ਦਿਨਾਂ ਤੋਂ ਚੱਲ ਰਹੇ ਅੰਦਰੂਨੀ ਟਕਰਾਅ ਦਰਮਿਆਨ ਅੱਜ ਕਾਂਗਰਸ ਪਾਰਟੀ ਦੇ ਕੌਮੀ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਵੱਲੋਂ ਨਵੀਂ ਦਿੱਲੀ ਸਥਿਤ ਇੰਦਰਾ ਭਵਨ ਵਿੱਚ ਪੰਜਾਬ ਕਾਂਗਰਸ ਦੇ ਆਗੂਆਂ ਨਾਲ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ, ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸਣੇ ਪੰਜਾਬ ਦੇ ਵੱਡੀ ਗਿਣਤੀ ਆਗੂ ਮੌਜੂਦ ਰਹੇ। ਇਸ ਮੌਕੇ ਕਾਂਗਰਸ ਹਾਈਕਮਾਂਡ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਪਾਰਟੀ ਦੀਆਂ ਤਿਆਰੀਆਂ ਬਾਰੇ ਰਿਪੋਰਟ ਪੇਸ਼ ਕੀਤੀ ਗਈ, ਜਿਸ 'ਤੇ ਸਾਰਿਆਂ ਨੇ ਮੰਥਨ ਕੀਤਾ। ਇਸ ਮੌਕੇ ਫ਼ੈਸਲਾ ਕੀਤਾ ਗਿਆ ਕਿ ਪੰਜਾਬ ਵਿੱਚ ਕਾਂਗਰਸ ਦੀ ਚੋਣ ਮੁਹਿੰਮ ਦੀ ਸ਼ੁਰੂਆਤ ਰਾਹੁਲ ਗਾਂਧੀ ਵੱਲੋਂ ਕੀਤੀ ਜਾਵੇਗੀ। ਇਹ ਕਦੋਂ ਤੋਂ ਸ਼ੁਰੂ ਕੀਤੀ ਜਾਵੇਗੀ, ਉਸ ਦਾ ਫ਼ੈਸਲਾ ਪਾਰਟੀ ਵੱਲੋਂ ਜਲਦੀ ਲਿਆ ਜਾਵੇਗਾ। ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ ਨੇ ਕਿਹਾ ਕਿ ਜਲਦੀ ਹੀ ਪੰਜਾਬ ਲਈ ਅਗਲੀ ਰੂਪ-ਰੇਖਾ 'ਤੇ ਚਰਚਾ ਕਰਨ ਲਈ ਕਾਂਗਰਸ ਹਾਈਕਮਾਂਡ ਤੋਂ ਸਮਾਂ ਲਿਆ ਜਾਵੇਗਾ। ਸ੍ਰੀ ਬਘੇਲ ਨੇ ਕਿਹਾ ਕਿ ਪਾਰਟੀ ਵੱਲੋਂ ਚੋਣ ਮੁਹਿੰਮ ਦੌਰਾਨ ਜਨਤਕ ਰੈਲੀਆਂ ਕਰਨ ਜਾਂ ਫਿਰ ਬੱਸ ਯਾਤਰਾ ਕੱਢਣ ਬਾਰੇ ਚਰਚਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪਾਰਟੀ ਹਾਈਕਮਾਂਡ ਨਾਲ ਗੱਲਬਾਤ ਕਰ ਕੇ ਇਸ ਮਹੀਨੇ ਦੇ ਅਖ਼ੀਰ ਤੱਕ ਫ਼ੈਸਲਾ ਲਿਆ ਜਾਵੇਗਾ। ਹਾਲਾਂਕਿ, ਕਾਂਗਰਸ ਹਾਈਕਮਾਂਡ ਨੇ ਪੰਜਾਬ ਦੇ ਸਾਰੇ ਆਗੂਆਂ ਨੂੰ ਇਕੱਠੇ ਕਰ ਕੇ ਇਕਜੁੱਟਤਾ ਦਾ ਸੁਨੇਹਾ ਦਿੱਤਾ।

# ਪੇਪਰ ਲੀਕ ਗੰਭੀਰ ਮੁੱਦਾ, ਮੇਰਾ ਦਿਲ ਪ੍ਰਭਾਵਿਤ ਹੋਏ ਲੋਕਾਂ ਨਾਲ ਹੈ: ਸਲਮਾਨ ਖਾਨ



ਪੇਪਰ ਲੀਕ ਨੂੰ ਇੱਕ ਗੰਭੀਰ ਮੁੱਦਾ ਕਰਾਰ ਦਿੰਦਿਆਂ ਸਲਮਾਨ ਖਾਨ ਨੇ ਬੁੱਧਵਾਰ ਨੂੰ ਪ੍ਰਦਰਸ਼ਨਕਾਰੀ ਵਿਦਿਆਰਥੀਆਂ ਦੇ ਸਮਰਥਨ ਵਿੱਚ ਸਾਹਮਣੇ ਆਏ ਅਤੇ ਕਿਹਾ ਕਿ ਉਨ੍ਹਾਂ ਦਾ ਦਿਲ ਉਨ੍ਹਾਂ ਲੋਕਾਂ ਲਈ ਦੁਖੀ ਹੈ ਜੋ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਦੇ ਸਮੇਂ ਜ਼ਖਮੀ ਹੋ ਗਏ ਸਨ। ਬਾਲੀਵੁੱਡ ਸਟਾਰ ਨੇ ਉਨ੍ਹਾਂ ਵਿਦਿਆਰਥੀਆਂ ਦੇ ਪੱਖ ਦੀ ਪ੍ਰਸ਼ੰਸਾ ਕੀਤੀ ਜਿਨ੍ਹਾਂ ਨੇ ਆਪਣੇ ਭਵਿੱਖ ਲਈ ਅਤੇ ਇੱਕ ਮਹਾਨ, ਸਿੱਖਿਅਤ ਭਾਰਤ ਲਈ, ਸਖ਼ਤ ਪੜ੍ਹਾਈ ਕਰਨ ਲਈ ਸਮਰਪਣ, ਇਮਾਨਦਾਰੀ ਅਤੇ ਉਤਸ਼ਾਹ ਦਿਖਾਇਆ ਹੈ।

ਸਲਮਾਨ ਖਾਨ ਨੇ ਐਕਸ 'ਤੇ ਇੱਕ ਸੋਚ-ਸਮਝ ਕੇ ਲਿਖੀ ਪੋਸਟ ਵਿੱਚ ਲਿਖਿਆ, "ਇਹ ਇੱਕ ਅਜਿਹਾ ਸ਼ਾਂਤਮਈ ਅੰਦੋਲਨ ਸੀ, ਬਹੁਤ ਦੁੱਖ ਮਹਿਸੂਸ ਹੁੰਦਾ ਹੈ ਕਿ ਇਸਨੂੰ ਹਿੰਸਕ ਰੂਪ ਧਾਰਨ ਕਰਨਾ ਪਿਆ। ਮੇਰਾ ਦਿਲ ਉਨ੍ਹਾਂ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਦੁਖੀ ਹੈ ਜੋ ਜ਼ਖਮੀ ਹੋਏ ਹਨ। ਪੇਪਰ ਲੀਕ ਇੱਕ ਬਹੁਤ ਹੀ ਗੰਭੀਰ ਮੁੱਦਾ ਹੈ, ਅਤੇ ਮੈਨੂੰ ਇਹ ਜਾਣ ਕੇ ਅਤੇ ਦੇਖ ਕੇ ਖੁਸ਼ੀ ਹੋਈ ਹੈ ਕਿ ਸਾਡੇ ਦੇਸ਼ ਦੇ ਬੱਚੇ ਇੱਕ ਬਿਹਤਰ ਸਿੱਖਿਆ ਪ੍ਰਣਾਲੀ ਲਈ ਇਕੱਠੇ ਹੋਏ ਹਨ, ਅਤੇ ਉਨ੍ਹਾਂ ਦੇ ਮਾਪਿਆਂ ਨੇ ਉਨ੍ਹਾਂ ਦਾ ਸਮਰਥਨ ਕੀਤਾ ਹੈ।"

ਹਾਲਾਂਕਿ, ਉਨ੍ਹਾਂ ਕਿਹਾ ਕਿ ਪ੍ਰਦਰਸ਼ਨਾਂ ਨੂੰ "ਸਿਆਸੀ ਤੌਰ 'ਤੇ ਹਾਈਜੈਕ" ਨਹੀਂ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਲਿਖਿਆ, "ਇਹ ਅੰਦੋਲਨ, ਇਹ ਪ੍ਰਦਰਸ਼ਨ, ਇਸ ਬਾਰੇ ਜਾਣ ਦਾ ਸਹੀ ਤਰੀਕਾ ਹੈ ਅਤੇ ਵਿਦਿਆਰਥੀਆਂ ਨੇ ਇਹ ਸ਼ਾਂਤਮਈ ਢੰਗ ਨਾਲ ਕੀਤਾ ਹੈ। ਬਹੁਤ ਹਿੰਮਤ ਵਾਲਾ ਅਤੇ ਬਹਾਦਰ। ਸਿੱਖਿਆ ਪ੍ਰਤੀ ਸਮਰਪਿਤ ਅਤੇ ਪ੍ਰੇਰਿਤ, ਇਹ ਪੀੜ੍ਹੀ ਭਾਰਤ ਨੂੰ ਮਾਣ ਮਹਿਸੂਸ ਕਰਵਾਏਗੀ। ਇਹ ਮੁੱਦਾ ਵਿਦਿਆਰਥੀਆਂ ਅਤੇ ਸਿੱਖਿਆ ਪ੍ਰਣਾਲੀ ਦੇ ਵਿਚਕਾਰ ਹੈ, ਇਸ ਨੂੰ ਸਿਆਸੀ ਤੌਰ 'ਤੇ ਹਾਈਜੈਕ ਨਹੀਂ ਕੀਤਾ ਜਾਣਾ ਚਾਹੀਦਾ, ਇਸਦਾ ਸਿਹਰਾ ਸਿਰਫ਼ ਸਾਡੇ ਦੇਸ਼ ਦੇ ਵਿਦਿਆਰਥੀਆਂ ਨੂੰ ਜਾਣਾ ਚਾਹੀਦਾ ਹੈ, ਅਤੇ ਮੈਨੂੰ ਯਕੀਨ ਹੈ ਕਿ ਸਰਕਾਰ ਵੀ ਉਨ੍ਹਾਂ ਨੂੰ ਪੂਰਾ ਸਮਰਥਨ ਦੇਵੇਗੀ ਅਤੇ ਇੱਕ ਮਜ਼ਬੂਤ ਸਿੱਖਿਆ ਪ੍ਰਣਾਲੀ ਬਣਾਏਗੀ। ਇਹ ਇੱਕ ਜਿੱਤ-ਜਿੱਤ ਦੀ ਸਥਿਤੀ ਹੈ। ਇੱਕ ਸਕਾਰਾਤਮਕ ਫੈਸਲੇ ਦੀ ਉਮੀਦ ਅਤੇ ਪ੍ਰਾਰਥਨਾ ਕਰ ਰਿਹਾ ਹਾਂ।"

ਅਦਾਕਾਰ ਨੇ ਕਿਹਾ ਕਿ ਸਿੱਖਿਆ ਨੂੰ ਹੋਰ ਟਰੈਂਡੀ ਅਤੇ ਫੈਸ਼ਨੇਬਲ ਬਣਾਇਆ ਜਾਣਾ ਚਾਹੀਦਾ ਹੈ ਤਾਂ ਜੋ ਭਾਰਤ ਇੱਕ ਸਿੱਖਿਆ ਹੱਬ ਬਣ ਜਾਵੇ। ਕਥਿਤ ਨੀਟ ਪੇਪਰ ਲੀਕ ਨੂੰ ਲੈ ਕੇ ਵਿਦਿਆਰਥੀਆਂ ਦੇ ਪ੍ਰਦਰਸ਼ਨਾਂ ਨੂੰ ਫਿਲਮ ਇੰਡਸਟਰੀ ਦੇ ਕਈ ਲੋਕਾਂ ਦਾ ਸਮਰਥਨ ਮਿਲਿਆ ਹੈ, ਜਿਨ੍ਹਾਂ ਵਿੱਚ ਨਸੀਰੁਦੀਨ ਸ਼ਾਹ, ਰਤਨਾ ਪਾਠਕ ਸ਼ਾਹ, ਸ਼ਬਾਨਾ ਆਜ਼ਮੀ, ਪ੍ਰਕਾਸ਼ ਰਾਜ, ਰਾਜਕੁਮਾਰ ਰਾਓ, ਰੇਵਤੀ, ਟੋਵਿਨੋ ਥਾਮਸ ਅਤੇ ਅਨੁਰਾਗ ਕਸ਼ਯਪ ਸ਼ਾਮਲ ਹਨ।

# ਕਾਲੇ ਕੱਪੜੇ ਪਾ ਕੇ ਸੰਸਦ ਪਹੁੰਚੇ ਕਾਂਗਰਸੀ ਸਾਂਸਦ

## ਪ੍ਰਿਅੰਕਾ ਗਾਂਧੀ ਨੇ ਵਿਦਿਆਰਥੀਆਂ ਦੇ ਮੁੱਦੇ 'ਤੇ ਕੇਂਦਰ ਨੂੰ ਘੇਰਿਆ



ਨਵੀ ਦਿੱਲੀ : ਮਾਨਸੂਨ ਸੈਸ਼ਨ ਦਾ ਅੱਜ ਤੀਜਾ ਦਿਨ ਹੈ। ਕਾਂਗਰਸ ਦੇ ਸੰਸਦ ਮੈਂਬਰ ਅੱਜ ਕਾਲੇ ਕੱਪੜੇ ਪਾ ਕੇ ਸਦਨ ਵਿੱਚ ਪੁੱਜੇ । ਇਸ ਮੌਕੇ ਕਾਂਗਰਸ ਸੰਸਦ ਮੈਂਬਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਵਿਦਿਆਰਥੀਆਂ ਦੇ ਮੁੱਦੇ 'ਤੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀਆਂ ਮੰਗਾਂ ਜਾਇਜ਼ ਹਨ ਅਤੇ ਉਹ ਆਪਣੇ ਹੱਕਾਂ ਲਈ ਆਵਾਜ਼ ਉਠਾ ਰਹੇ ਹਨ।

ਇਸ ਤੋਂ ਪਹਿਲਾ ਮੰਗਲਵਾਰ ਨੂੰ ਵੀ ਸਦਨ ਦੀ ਕਾਰਵਾਈ ਹੰਗਾਮੇ ਦੀ ਭੇਂਟ ਚੜ੍ਹ ਗਈ। ਸੀ.ਜੇ.ਪੀ. (CJP) ਦੇ ਵਿਰੋਧ ਪ੍ਰਦਰਸ਼ਨ ਦੇ ਵਿਚਕਾਰ ਸਦਨ ਦੀ ਕਾਰਵਾਈ ਨੂੰ ਵਾਰ-ਵਾਰ ਮੁਲਤਵੀ ਕਰਨਾ ਪਿਆ। ਕਾਕਰੋਚ ਜਨਤਾ ਪਾਰਟੀ ਦੇ ਪ੍ਰਦਰਸ਼ਨ ਦੇ ਵਿਚਕਾਰ ਮੰਗਲਵਾਰ ਨੂੰ ਰਾਹੁਲ ਗਾਂਧੀ, ਪ੍ਰਿਅੰਕਾ ਅਤੇ ਅਖਿਲੇਸ਼ ਯਾਦਵ ਸਮੇਤ ਕਈ ਸੰਸਦ ਮੈਂਬਰ ਪ੍ਰਧਾਨ ਮੰਤਰੀ ਨਿਵਾਸ ਦੇ ਨੇੜੇ ਧਰਨੇ 'ਤੇ ਬੈਠ ਗਏ, ਜਿਸ ਤੋਂ ਬਾਅਦ ਕਾਫ਼ੀ ਹੰਗਾਮਾ ਹੋਇਆ ਅਤੇ ਦੇਰ ਸ਼ਾਮ ਉਨ੍ਹਾਂ ਨੂੰ ਉੱਥੋਂ ਹਟਾਇਆ ਗਿਆ। ਇਸ ਤੋਂ ਬਾਅਦ ਰਾਹੁਲ ਗਾਂਧੀ ਨੇ ਪੰਜ ਮੰਗਾਂ ਰੱਖੀਆਂ, ਜਿਨ੍ਹਾਂ ਵਿੱਚ ਮੁੱਖ ਮੰਗ ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ ਅਤੇ ਇਸ ਮਾਮਲੇ 'ਤੇ ਸਦਨ ਵਿੱਚ ਗ੍ਰਹਿ ਮੰਤਰੀ ਦਾ ਬਿਆਨ ਸੀ। ਰਾਹੁਲ ਨੇ ਨਾਲ ਹੀ ਕਿਹਾ ਕਿ ਅਸੀਂ ਵਿਦਿਆਰਥੀਆਂ ਦੇ ਮੁੱਦੇ 'ਤੇ ਚਰਚਾ ਚਾਹੁੰਦੇ ਹਾਂ।

ਇਸ ਤੋਂ ਬਾਅਦ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਵੀ ਬਿਆਨ ਦਿੱਤਾ ਕਿ ਸਰਕਾਰ ਨੀਟ (NEET) 'ਤੇ ਚਰਚਾ ਲਈ ਤਿਆਰ ਹੈ। ਸਰਕਾਰ ਹੱਲ ਲੱਭਣ ਲਈ ਵਚਨਬੱਧ ਹੈ। ਪਰ ਉਨ੍ਹਾਂ ਨੇ ਰਾਹੁਲ ਗਾਂਧੀ 'ਤੇ ਵੀ ਨਿਸ਼ਾਨਾ ਸਾਧਿਆ ਕਿ ਉਹ ਵਿਦਿਆਰਥੀਆਂ ਦੀ ਵਰਤੋਂ ਰਾਜਨੀਤੀ ਲਈ ਕਰ ਰਹੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਵੀ ਮੰਗਲਵਾਰ ਨੂੰ ਐੱਨ.ਡੀ.ਏ. (NDA) ਮੰਗਲ ਮਿਲਨ ਪ੍ਰੋਗਰਾਮ ਵਿੱਚ ਪੇਪਰ ਲੀਕ ਦੇ ਦੋਸ਼ੀਆਂ 'ਤੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਸੀ।

ਇਸ ਮਾਮਲੇ 'ਤੇ ਉੱਧਵ ਠਾਕਰੇ ਨੇ ਕਿਹਾ ਕਿ ਅਸੀਂ ਰਾਜਨੀਤੀ ਵਿੱਚ ਜਿਸ ਲਈ ਲੜ ਰਹੇ ਹਾਂ, ਉਹ ਇਹ ਬੱਚੇ ਹਨ। ਸਰਕਾਰ ਨੂੰ ਬੱਚਿਆਂ ਨਾਲ ਗੱਲਬਾਤ ਕਰਨੀ ਚਾਹੀਦੀ ਹੈ, ਜਿਵੇਂ ਹੀ ਵਿਰੋਧੀ ਧਿਰ ਨੂੰ ਵੀ ਆਪਸ ਵਿੱਚ ਗੱਲਬਾਤ ਕਰਨੀ ਚਾਹੀਦੀ ਹੈ। ਸਾਰੇ ਲੋਕਾਂ ਨੂੰ ਇੱਕ-ਦੂਜੇ 'ਤੇ ਦੋਸ਼ ਲਗਾਉਣ ਦੀ ਬਜਾਏ ਇੱਕਠੇ ਹੋ ਕੇ ਕੰਮ ਕਰਨਾ ਹੋਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੰਸਦ ਦੀ ਕਾਰਵਾਈ ਵਿੱਚ ਹਿੱਸਾ ਲੈਣ ਲਈ ਸੰਸਦ ਭਵਨ ਪਹੁੰਚ ਗਏ ਹਨ। ਪੀ.ਐੱਮ. ਮੋਦੀ ਥੋੜ੍ਹੀ ਦੇਰ ਵਿੱਚ ਸੀਨੀਅਰ ਮੰਤਰੀਆਂ ਨਾਲ ਮੁਲਾਕਾਤ ਕਰਨਗੇ।

# ਆਸਟਰੇਲੀਆ 'ਚ 20 ਲੋਕਾਂ ਦੀ ਜਾਨ ਬਚਾਉਣ ਵਾਲੇ ਭਾਰਤੀ ਨੂੰ ਮਿਲੀ ਸਥਾਈ ਰਿਹਾਇਸ਼



ਸਿਡਨੀ ਦੇ ਬੌਂਡੀ ਬੀਚ 'ਤੇ ਹੋਏ ਭਿਆਨਕ ਹਮਲੇ ਦੌਰਾਨ ਭਾਰਤੀ ਮੂਲ ਦੇ 37 ਸਾਲਾ ਕੈਬ ਡਰਾਈਵਰ ਰਹਿਮਤ ਪਾਸ਼ਾ ਨੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਬਹਾਦਰੀ ਦੀ ਮਿਸਾਲ ਕਾਇਮ ਕੀਤੀ ਸੀ। ਉਸ ਨੇ ਗੋਲੀਆਂ ਦੀ ਬਰਸਾਤ ਵਿਚੋਂ ਜ਼ਖ਼ਮੀਆਂ ਨੂੰ ਬਾਹਰ ਕੱਢਿਆ ਅਤੇ ਕਰੀਬ 18 ਤੋਂ 20 ਲੋਕਾਂ ਦੀ ਜਾਨ ਬਚਾਉਣ ਦਾ ਸਿਹਰਾ ਹਾਸਲ ਕੀਤਾ। ਪਾਸ਼ਾ ਦੀ ਇਸ ਬਹਾਦਰੀ ਨੂੰ ਦੇਖਦਿਆਂ ਆਸਟਰੇਲੀਆ ਨੇ ਉਨ੍ਹਾਂ ਨੂੰ ਸਥਾਈ ਰਿਹਾਇਸ਼ ਦੇ ਦਿੱਤੀ ਹੈ, ਇਸ ਤੋਂ ਇਲਾਵਾ ਉਸ ਦੀ ਪਤਨੀ ਅਤੇ ਤਿੰਨ ਬੱਚਿਆਂ ਦੀਆਂ ਸਥਾਈ ਰਿਹਾਇਸ਼ ਅਰਜ਼ੀਆਂ 'ਤੇ ਵੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਖ਼ਬਰ ਤੋਂ ਬਾਅਦ ਸਮਾਜਿਕ ਮਾਧਿਅਮਾਂ 'ਤੇ ਲੋਕਾਂ ਨੇ ਪਾਸ਼ਾ ਦੀ ਖੂਬ ਪ੍ਰਸ਼ੰਸਾ ਕੀਤੀ। ਕਈਆਂ ਨੇ ਲਿਖਿਆ ਕਿ ਉਸ ਨੂੰ ਬਹਾਦਰ ਇਨਸਾਨ ਵਜੋਂ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਹੋਰਾਂ ਨੇ ਕਿਹਾ ਕਿ ਅਜਿਹੇ ਕੰਮ ਵੱਖ-ਵੱਖ ਭਾਈਚਾਰਿਆਂ ਵਿਚਕਾਰ ਭਰੋਸਾ ਅਤੇ ਏਕਤਾ ਨੂੰ ਮਜ਼ਬੂਤ ਕਰਦੇ ਹਨ ਅਤੇ ਕੁਝ ਲੋਕਾਂ ਨੇ ਮੰਗ ਕੀਤੀ ਕਿ ਸਥਾਈ ਰਿਹਾਇਸ਼ ਦੇ ਨਾਲ ਉਸ ਨੂੰ ਵਿਸ਼ੇਸ਼ ਸਨਮਾਨ ਅਤੇ ਆਰਥਿਕ ਇਨਾਮ ਵੀ ਮਿਲਣਾ ਚਾਹੀਦਾ ਹੈ। ਵੇਰਵਿਆਂ ਅਨੁਸਾਰ ਰਾਹਤ ਕਾਰਜਾਂ ਦੌਰਾਨ ਪਾਈ ਉਸ ਦੀ ਟੋਪੀ ਨੂੰ ਸਿਡਨੀ ਦੇ ਅਜਾਇਬਘਰ ਵਿੱਚ ਰੱਖਿਆ ਜਾਵੇਗਾ ਅਤੇ ਰਹਿਮਤ ਪਾਸ਼ਾ ਦਾ ਨਾਮ ਕਈ ਬਹਾਦਰੀ ਪੁਰਸਕਾਰਾਂ ਲਈ ਵੀ ਭੇਜਿਆ ਗਿਆ ਹੈ।

# ਭਾਜਪਾ ਅਤੇ 'ਆਪ' ਦੀ ਦੋਹਰੀ ਨਾਕਾਮੀ ਨੇ ਨੌਜਵਾਨਾਂ ਦਾ ਭਵਿੱਖ ਦਾਅ 'ਤੇ ਲਾਇਆ

## ਪੇਪਰ ਲੀਕ ਮਾਮਲੇ 'ਚ ਦੋਵੇਂ ਸਰਕਾਰਾਂ ਬੇਨਕਾਬ: ਪਰਗਟ ਸਿੰਘ



ਚੰਡੀਗੜ੍ਹ: ਸਾਬਕਾ ਸਿੱਖਿਆ ਮੰਤਰੀ ਅਤੇ ਵਿਧਾਇਕ ਪਰਗਟ ਸਿੰਘ ਨੇ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਚਾਹੇ ਕੇਂਦਰ ਵਿੱਚ ਭਾਜਪਾ ਹੋਵੇ ਜਾਂ ਪੰਜਾਬ ਵਿੱਚ 'ਆਪ', ਦੋਵੇਂ ਸਰਕਾਰਾਂ ਪੇਪਰ ਲੀਕ ਅਤੇ ਭਰਤੀ ਘੁਟਾਲਿਆਂ ਵਿੱਚ ਜਵਾਬਦੇਹੀ ਤੈਅ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀਆਂ ਹਨ। ਉਨ੍ਹਾਂ ਕਿਹਾ ਕਿ ਦੋਵੇਂ ਸਰਕਾਰਾਂ ਨੇ ਨੌਜਵਾਨਾਂ ਨੂੰ ਪਾਰਦਰਸ਼ੀ ਭਰਤੀ ਪ੍ਰਣਾਲੀ ਦੇਣ ਦਾ ਵਾਅਦਾ ਕੀਤਾ ਸੀ, ਪਰ ਅੱਜ ਦੇਸ਼ ਅਤੇ ਪੰਜਾਬ ਦੇ ਲੱਖਾਂ ਨੌਜਵਾਨਾਂ ਦਾ ਭਵਿੱਖ ਪੇਪਰ ਮਾਫੀਆ ਅਤੇ ਭ੍ਰਿਸ਼ਟ ਤੰਤਰ ਦੇ ਹਵਾਲੇ ਕਰ ਦਿੱਤਾ ਗਿਆ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਹੀ ਮਿਲੀਭੁਗਤ ਨਾਲ ਪੰਜਾਬ ਵਿੱਚ NEET ਵਰਗਾ ਪੇਪਰ ਲੀਕ ਕਰਵਾਇਆ ਹੈ।

ਪਰਗਟ ਸਿੰਘ ਨੇ ਕਿਹਾ ਕਿ ਪੰਜਾਬ ਵਿੱਚ 454 ਫਾਰਮਾਸਿਸਟ ਅਸਾਮੀਆਂ ਲਈ ਹੋਈ ਭਰਤੀ ਪ੍ਰੀਖਿਆ ਵਿੱਚ ਸਾਹਮਣੇ ਆਇਆ ਕਥਿਤ ਪੇਪਰ ਲੀਕ ਅਤੇ ਨਕਲ ਘੁਟਾਲਾ ਬਹੁਤ ਹੀ ਗੰਭੀਰ ਹੈ। ਦੋਸ਼ ਹਨ ਕਿ ਪ੍ਰੀਖਿਆ ਕੇਂਦਰਾਂ ਤੋਂ ਜੈਮਰ ਹਟਾਏ ਗਏ, ਲੱਖਾਂ ਰੁਪਏ ਲੈ ਕੇ ਨਕਲ ਕਰਵਾਈ ਗਈ ਅਤੇ ਪੂਰੇ ਰੈਕੇਟ ਨੂੰ ਸੁਰੱਖਿਆ ਦਿੱਤੀ ਗਈ। ਇੰਨੀ ਵੱਡੀ ਸਾਜ਼ਿਸ਼ ਸਰਕਾਰ ਦੀ ਜਾਣਕਾਰੀ ਜਾਂ ਸੁਰੱਖਿਆ ਤੋਂ ਬਿਨਾਂ ਸੰਭਵ ਨਹੀਂ ਹੋ ਸਕਦੀ। ਉਨ੍ਹਾਂ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਹੀ ਮਿਲੀਭੁਗਤ ਨਾਲ ਪੰਜਾਬ ਵਿੱਚ NEET ਵਰਗਾ ਪੇਪਰ ਲੀਕ ਕਰਵਾਇਆ ਹੈ।

ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਵੱਡੇ-ਵੱਡੇ ਦਾਅਵੇ ਕਰਦੇ ਹੋਏ ਆਮ ਆਦਮੀ ਪਾਰਟੀ ਦੇ ਆਗੂ ਕਹਿੰਦੇ ਸਨ ਕਿ ਜੇ ਪੰਜਾਬ ਵਿੱਚ ਪੇਪਰ ਲੀਕ ਹੋਇਆ ਤਾਂ ਸਿੱਖਿਆ ਮੰਤਰੀ ਦਾ ਅਸਤੀਫ਼ਾ ਲਿਆ ਜਾਵੇਗਾ। ਹੁਣ ਜਦੋਂ ਪੰਜਾਬ ਵਿੱਚ ਇਹ ਭਰਤੀ ਘੁਟਾਲਾ ਸਾਹਮਣੇ ਆਇਆ ਹੈ ਤਾਂ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਮੁੱਖ ਮੰਤਰੀ ਭਗਵੰਤ ਮਾਨ ਚੁੱਪ ਕਿਉਂ ਹਨ? ਹੁਣ ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਇਸ ਘੁਟਾਲੇ ਦੇ ਅਸਲੀ ਮਾਸਟਰਮਾਈਂਡ ਕੌਣ ਹਨ ਅਤੇ ਉਨ੍ਹਾਂ ਖ਼ਿਲਾਫ਼ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ। ਜਦੋਂ ਪੇਪਰ ਲੀਕ ਰਾਹੀਂ ਸਾਡੇ ਨੌਜਵਾਨਾਂ ਦਾ ਭਵਿੱਖ ਦਾਅ 'ਤੇ ਲੱਗ ਰਿਹਾ ਹੋਵੇ ਜਾਂ ਵੇਚਿਆ ਜਾ ਰਿਹਾ ਹੋਵੇ ਤਾਂ ਸੱਤਾ ਵਿੱਚ ਬੈਠੇ ਲੋਕਾਂ ਦੀ ਚੁੱਪੀ ਆਪਣੇ ਆਪ ਵਿੱਚ ਇੱਕ ਗੰਭੀਰ ਸਵਾਲ ਹੈ।

ਸਾਬਕਾ ਸਿੱਖਿਆ ਮੰਤਰੀ ਨੇ ਕਿਹਾ ਕਿ ਭਾਜਪਾ ਅਤੇ ਆਮ ਆਦਮੀ ਪਾਰਟੀ ਦੀ ਰਾਜਨੀਤੀ ਭਾਵੇਂ ਵੱਖ-ਵੱਖ ਸੂਬਿਆਂ ਵਿੱਚ ਹੋ ਸਕਦੀ ਹੈ, ਪਰ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਕਰਨ ਦੇ ਮਾਮਲੇ ਵਿੱਚ ਦੋਵਾਂ ਦਾ ਰਵੱਈਆ ਇੱਕੋ ਜਿਹਾ ਹੈ। ਕੇਂਦਰ ਵਿੱਚ NEET ਘੁਟਾਲੇ 'ਤੇ ਜਵਾਬਦੇਹੀ ਤੋਂ ਬਚਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਦਕਿ ਪੰਜਾਬ ਵਿੱਚ ਭਰਤੀ ਘੁਟਾਲੇ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਦੋਵੇਂ ਸਰਕਾਰਾਂ ਮੰਤਰੀਆਂ ਅਤੇ ਸੱਤਾ ਨਾਲ ਜੁੜੇ ਲੋਕਾਂ ਦੀ ਜ਼ਿੰਮੇਵਾਰੀ ਤੈਅ ਕਰਨ ਦੀ ਬਜਾਏ ਪੂਰੇ ਮਾਮਲੇ ਨੂੰ ਛੋਟੇ ਅਧਿਕਾਰੀਆਂ ਜਾਂ ਦਿਖਾਵਟੀ ਕਾਰਵਾਈ ਤੱਕ ਸੀਮਤ ਰੱਖਣ ਵਿੱਚ ਲੱਗੀਆਂ ਹੋਈਆਂ ਹਨ। ਉਨ੍ਹਾਂ ਮੰਗ ਕੀਤੀ ਕਿ ਓਂਠ ਪੇਪਰ ਲੀਕ ਅਤੇ ਪੰਜਾਬ ਫਾਰਮਾਸਿਸਟ ਭਰਤੀ ਪ੍ਰੀਖਿਆ ਘੁਟਾਲੇ ਦੀ ਨਿਰਪੱਖ ਅਤੇ ਸਮਾਂਬੱਧ ਜਾਂਚ ਕਰਵਾਈ ਜਾਵੇ ਅਤੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੇਸ਼ ਅਤੇ ਪੰਜਾਬ ਦੇ ਨੌਜਵਾਨਾਂ ਦੇ ਭਵਿੱਖ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਹੀਂ ਹੋਣ ਦੇਵੇਗੀ ਅਤੇ ਜਦੋਂ ਤੱਕ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲਦੀ, ਉਦੋਂ ਤੱਕ ਉਨ੍ਹਾਂ ਦੀ ਆਵਾਜ਼ ਬੁਲੰਦ ਕਰਦੀ ਰਹੇਗੀ।

# ਸੰਸਦ ਬਾਹਰ "ਅਸਤੀਫ਼ਾ ਦੋ" ਬਨਾਮ "ਵੰਦੇ ਮਾਤਰਮ" ਦੇ ਲੱਗੇ ਨਾਅਰੇ



ਸੀਜੇਪੀ ਦੇ ਚੱਲ ਰਹੇ ਅੰਦੋਲਨ ਨੂੰ ਲੈ ਕੇ ਤਣਾਅ ਵਧਣ ਕਾਰਨ ਸੱਤਾਧਾਰੀ ਐੱਨਡੀਏ ਅਤੇ ਵਿਰੋਧੀ ਇੰਡੀਆ ਬਲਾਕ ਦੋਵਾਂ ਦੇ ਸੰਸਦ ਮੈਂਬਰ ਅੱਜ ਸੰਸਦ ਦੇ ਬਾਹਰ ਪੇਪਰ ਲੀਕ ਦੇ ਮੁੱਦੇ 'ਤੇ ਆਹਮੋ-ਸਾਹਮਣੇ ਹੋ ਗਏ। ਦੋਵਾਂ ਪਾਸਿਆਂ ਨੇ ਇੱਕ ਦੂਜੇ ਨੂੰ ਨਿੰਦਣ ਲਈ ਵਿਰੋਧੀ ਨਾਅਰੇ ਬਾਜ਼ੀ ਕੀਤੀ। ਜਦੋਂ ਕਿ ਕਾਂਗਰਸ ਦੀ ਅਗਵਾਈ ਵਾਲੇ ਬਲਾਕ ਨੇ "ਅਸਤੀਫ਼ਾ ਦੋ ਅਸਤੀਫ਼ਾ ਦੋ, ਮੋਦੀ ਸਰਕਾਰ ਸ਼ਰਮ ਕਰੋ ਸ਼ਰਮ ਕਰੋ" ਦੇ ਨਾਅਰੇ ਲਗਾ ਕੇ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਕੀਤੀ, ਤਾਂ ਐੱਨਡੀਏ ਵਾਲੇ ਪਾਸਿਓਂ ਇਸ ਦੇ ਜਵਾਬ ਵਿੱਚ "ਵੰਦੇ ਮਾਤਰਮ" ਅਤੇ "ਭਾਰਤ ਮਾਤਾ ਕੀ ਜੈ" ਦੇ ਨਾਅਰੇ ਲਗਾਏ ਗਏ।

ਕਾਂਗਰਸ ਵਾਲੇ ਪਾਸੇ ਦੀ ਪ੍ਰਤੀਨਿਧਤਾ ਕੁਮਾਰੀ ਸ਼ੈਲਜਾ, ਗੁਰਜੀਤ ਔਜਲਾ, ਜੋਤਿਮਣੀ, ਜੇਬੀ ਮੈਥਰ ਅਤੇ ਹੋਰ ਸਮੇਤ ਸੀਨੀਅਰ ਸੰਸਦ ਮੈਂਬਰਾਂ ਨੇ ਕੀਤੀ। ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਦੀ ਅਗਵਾਈ ਕਾਂਗਰਸ ਸੰਸਦੀ ਪਾਰਟੀ ਦੀ ਚੇਅਰਪਰਸਨ ਸੋਨੀਆ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਨੇ ਕੀਤੀ। ਉਨ੍ਹਾਂ ਨੇ "ਪ੍ਰਧਾਨ ਨੂੰ ਬਰਖਾਸਤ ਕਰੋ" ਦੇ ਬੈਨਰ ਚੁੱਕੇ ਹੋਏ ਸਨ ਜਿਨ੍ਹਾਂ ਨੇ ਸੰਸਦ ਵਿੱਚ ਇੱਕ ਹੋਰ ਤਣਾਅਪੂਰਨ ਦਿਨ ਲਈ ਮਾਹੌਲ ਤਿਆਰ ਕੀਤਾ।













# ਸਿੱਖ ਗੇਮਜ਼ ਕੈਨੇਡਾ 2026:

## ਬਰੈਂਪਟਨ 'ਚ ਚਾਰ ਦਿਨਾਂ ਖੇਡਾਂ ਦਾ ਮਹਾਂਕੁੰਭ

ਬਰੈਂਪਟਨ, (ਸਟਾਰ ਨਿਊਜ਼): ਓਨਟਾਰੀਓ ਗੁਰਦੁਆਰਾਜ਼ ਕਮੇਟੀ ਵੱਲੋਂ 31 ਜੁਲਾਈ ਤੋਂ 3 ਅਗਸਤ 2026 ਤੱਕ ਸਿੱਖ ਗੇਮਜ਼ ਕੈਨੇਡਾ 2026 ਦਾ ਸ਼ਾਨਦਾਰ ਆਯੋਜਨ ਬਰੈਂਪਟਨ ਵਿੱਚ ਕੀਤਾ ਜਾ ਰਿਹਾ ਹੈ। ਚਾਰ ਦਿਨਾਂ ਤੱਕ ਚੱਲਣ ਵਾਲੇ ਇਸ ਖੇਡ ਮੇਲੇ ਵਿੱਚ ਦੇਸ਼ ਭਰ ਤੋਂ ਖਿਡਾਰੀ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨਗੇ। ਸਮਾਗਮ ਲਈ ਦਾਖਲਾ ਪੂਰੀ ਤਰ੍ਹਾਂ ਮੁਫ਼ਤ ਰੱਖਿਆ ਗਿਆ ਹੈ।

ਉਦਘਾਟਨੀ ਸਮਾਰੋਹ ਸ਼ਨੀਵਾਰ, 1 ਅਗਸਤ 2026 ਨੂੰ ਸਵੇਰੇ 9:00 ਵਜੇ ਬਰੈਂਪਟਨ ਸੌਕਰ ਸੈਂਟਰ ਵਿਖੇ ਹੋਵੇਗਾ। ਖੇਡ ਮੁਕਾਬਲੇ ਬਰੈਂਪਟਨ ਸੌਕਰ ਸੈਂਟਰ ਅਤੇ ਕੈਸੀ ਕੈਂਪਬੈਲ ਕਮਿਊਨਿਟੀ ਸੈਂਟਰ ਵਿੱਚ ਕਰਵਾਏ ਜਾਣਗੇ। ਇਨ੍ਹਾਂ ਵਿੱਚ ਸੌਕਰ, ਕਬੱਡੀ, ਫੀਲਡ ਹਾਕੀ, ਵਾਲੀਬਾਲ, ਬਾਸਕੇਟਬਾਲ, ਵੇਟਲਿਫਟਿੰਗ ਅਤੇ ਗਤਕਾ ਸ਼ਾਮਲ ਹਨ।

ਸਮਾਗਮ ਦੌਰਾਨ 3 ਅਗਸਤ ਨੂੰ ਸਵੇਰੇ 10:00 ਵਜੇ 5 ਕਿਲੋਮੀਟਰ ਦੌੜ ਵੀ ਕਰਵਾਈ ਜਾਵੇਗੀ। ਆਯੋਜਕਾਂ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਹਰੇਕ ਭਾਗ ਲੈਣ ਵਾਲੇ ਖਿਡਾਰੀ ਨੂੰ ਮੈਡਲ ਨਾਲ ਸਨਮਾਨਿਤ ਕੀਤਾ ਜਾਵੇਗਾ।

ਸਮਾਪਤੀ ਸਮਾਰੋਹ ਸੋਮਵਾਰ, 3 ਅਗਸਤ 2026 ਨੂੰ ਸਵੇਰੇ 10:00 ਵਜੇ ਤੋਂ ਸ਼ਾਮ 4:00 ਵਜੇ ਤੱਕ ਕੈਸੀ ਕੈਂਪਬੈਲ ਕਮਿਊਨਿਟੀ ਸੈਂਟਰ ਵਿੱਚ ਹੋਵੇਗਾ। ਪ੍ਰਬੰਧਕਾਂ ਨੇ ਸਮੂਹ ਸੰਗਤ ਅਤੇ ਖੇਡ ਪ੍ਰੇਮੀਆਂ ਨੂੰ ਆਪਣੇ ਪਰਿਵਾਰਾਂ ਸਮੇਤ ਇਸ ਵਿਸ਼ਾਲ ਖੇਡ ਮੇਲੇ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ।




# ਫੁਲਬੈਹਰੀ ਅਤੇ ਇਸ ਦਾ ਸਾਊਥ ਏਸ਼ੀਅਨ ਭਾਈਚਾਰੇ ਤੇ ਪ੍ਰਭਾਵ



ਭਾਵੇਂ ਅਕਸਰ ਗਲਤੀ ਨਾਲ ਇਸ ਨੂੰ ਇੱਕ ਸ਼ੁੱਧ ਕਾਸਮੈਟਿਕ ਹਾਲਤ ਸਮਝਿਆ ਜਾਂਦਾ ਹੈ, ਪਰ ਫੁਲਬੈਹਰੀ (vitiligo) ਅਸਲ ਵਿੱਚ ਇਕ ਮਿਆਦੀ ਆਟੋ-ਇਮਯੂਨ ਬਿਮਾਰੀ ਹੈ, ਜਿਹੜੀ ਆਮ ਕਰਕੇ ਹੋਰ ਖਿਤਿਆਂ ਦੇ ਮੁਕਾਬਲੇ ਸਾਊਥ ਏਸ਼ੀਅਨ ਅਬਾਦੀ ਵਿੱਚ ਜ਼ਿਆਦਾ ਹੈ। ਇਸ ਬਿਮਾਰੀ ਤੋਂ ਪ੍ਰਭਾਵਤ ਲੋਕਾਂ ਵਿਚੋਂ 20 ਪਰਸੈਂਟ ਤੋਂ ਵੀ ਘੱਟ ਅਜਿਹੇ ਹੁੰਦੇ ਹਨ, ਜਿਨ੍ਹਾਂ ਨੂੰ ਡਾਇਗਨੌਸਿਸ ਵੇਲੇ ਇਸ ਬਾਰੇ ਪੂਰੀ ਜਾਣਕਾਰੀ ਹੁੰਦੀ ਹੈ ਜਾਂ ਉਹ ਸ਼ੁਰੂ ਵਿਚ ਕਾਫੀ ਉਲਝਣ ਵਿਚ ਹੁੰਦੇ ਹਨ। ਇਸ ਸੂਰਤ ਵਿਚ ਫੁਲਬੈਹਰੀ ਨਾਲ ਜੁੜੇ ਹੋਏ ਕੁੱਝ ਤੱਥ ਕੀ ਹਨ?

ਫੁਲਬੈਹਰੀ ਵਾਲੇ ਮਰੀਜ਼ਾਂ ਵਿਚ ਰੰਗਤ ਪੈਦਾ ਕਰਨ ਵਾਲੇ ਸੈੱਲ ਨਸ਼ਟ ਹੋ ਜਾਂਦੇ ਹਨ, ਜਿਸ ਨਾਲ ਉਨ੍ਹਾਂ ਦੀ ਚਮੜੀ ਦੇ ਕਈ ਹਿੱਸਿਆਂ ਦਾ ਰੰਗ ਬਦਲ ਜਾਂਦਾ ਹੈ, ਜਾਂ ਉਹ ਚਿੱਟੇ ਨਜ਼ਰ ਆਉਂਦੇ ਹਨ। ਇਸ ਨਾਲ ਉਨ੍ਹਾਂ ਲੋਕਾਂ ਦੀ ਮਾਨਸਿਕ ਸਿਹਤ ਤੇ ਬੁਰਾ ਪ੍ਰਭਾਵ ਪੈਂਦਾ ਹੈ, ਉਨ੍ਹਾਂ ਦੇ ਆਤਮ-ਵਿਸ਼ਵਾਸ਼ ਨੂੰ ਸੱਟ ਲੱਗਦੀ ਹੈ ਅਤੇ ਜੀਵਨ ਦੀ ਸਮੁੱਚੀ ਕੁਆਲਿਟੀ ਤੇ ਅਸਰ ਪੈਂਦਾ ਹੈ। ਆਮ ਲੋਕਾਂ ਨੂੰ ਸ਼ਾਇਦ ਇਸ ਗੱਲ ਦਾ ਨਾ ਪਤਾ ਹੋਵੇ ਕਿ ਸਾਊਥ ਏਸ਼ੀਅਨ ਲੋਕਾਂ ਵਿਚ ਇਹ ਬਿਮਾਰੀ ਜ਼ਿਆਦਾ ਹੈ।

ਚਮੜੀ ਦੇ ਜਿਨ੍ਹਾਂ ਹਿੱਸਿਆਂ ਵਿਚ ਰੰਗਤ ਪੈਦਾ ਕਰਨ ਵਾਲੇ ਸੈੱਲ ਨਸ਼ਟ ਹੋ ਜਾਂਦੇ ਹਨ, ਉਹ ਚਮੜੀ ਦੇ ਦੂਜੇ ਹਿੱਸਿਆਂ ਦੇ ਮੁਕਾਬਲੇ ਸਪਸ਼ਟ ਰੂਪ ਵਿਚ ਵੱਖਰੇ ਨਜ਼ਰ ਆਉਂਦੇ ਹਨ। ਬਹੁਤ ਸਾਰੇ ਕਾਰਨਾਂ ਕਰਕੇ ਸਾਊਥ ਏਸ਼ੀਅਨ ਲੋਕਾਂ ਵਿਚ ਇਹ ਸਮੱਸਿਆ ਜ਼ਿਆਦਾ ਹੁੰਦੀ ਹੈ। ਇਸ ਬਿਮਾਰੀ ਦਾ ਗਹਿਰਾ ਮਨੋਵਿਗਿਆਨ ਪ੍ਰਭਾਵ ਪੈਂਦਾ ਹੈ ਅਤੇ ਸਾਊਥ ਏਸ਼ੀਅਨ ਕਲਚਰ ਵਿਚ ਇਸ ਨਾਲ ਕਈ ਤਰਾਂ ਦੀਆਂ ਕਲਚਰਲ ਧਾਰਨਾਵਾਂ ਜੁੜੀਆਂ ਹਨ। ਕਈ ਲੋਕ ਸਮਝਦੇ ਹਨ ਕਿ ਇਹ ਬਿਮਾਰੀ ਦੂਜਿਆਂ ਨੂੰ ਲੱਗ ਜਾਂਦੀ ਹੈ, ਕਈ ਇਸ ਨੂੰ ਕਾਰਮਿਕ ਸਮਝਦੇ ਹਨ ਜਾਂ ਧਾਰਮਿਕ ਤੌਰ ਤੇ ਅਪਵਿੱਤਰ ਸਥਿਤੀ ਸਮਝਦੇ ਹਨ। ਕੌਸਮੈਟਿਕ ਅਤੇ ਸੋਸ਼ਲ ਦੋਵੇਂ ਤਰਾਂ ਦੇ ਪਹਿਲੂ ਮਾਨਸਿਕ ਪ੍ਰੇਸ਼ਾਨੀ ਪੈਦਾ ਕਰਦੇ ਹਨ, ਜਿਹੜਾ ਕਿ ਸਾਊਥ ਏਸ਼ੀਅਨ ਲੋਕਾਂ ਵਿਚ ਦੂਜਿਆਂ ਦੇ ਮੁਕਾਬਲੇ ਕਾਫੀ ਵੱਧ ਹੁੰਦਾ ਹੈ।

ਡਾ. ਸੁਨੀਲ ਕਾਲੀਆ ਡਰਮਾਟੌਲੋਜੀ ਸੋਸਾਇਟੀ ਔਫ ਬ੍ਰਿਟਿਸ਼ ਕੋਲੰਬੀਆ ਦੇ ਪ੍ਰਧਾਨ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਬਿਮਾਰੀ ਇਨਸਾਨ ਦੀ ਦਿੱਖ ਤੇ ਅਸਰ ਪਾਉਂਦੀ ਹੈ ਅਤੇ ਪੱਕੇ ਰੰਗ ਵਾਲੀ ਚਮੜੀ ਤੇ ਜ਼ਿਆਦਾ ਚਮਕਦੀ ਹੈ। ਇਸ ਕਰਕੇ ਇਸ ਨਾਲ ਭਾਵਨਾਤਮਿਕ ਦਬਾਅ ਪੈਦਾ ਹੁੰਦਾ ਹੈ। ਇਸ ਤੋਂ ਇਲਾਵਾ ਇਸ ਨਾਲ ਕਈ ਗਲਤ ਧਾਰਨਾਵਾਂ ਵੀ ਜੁੜੀਆਂ ਹਨ, ਜਿਵੇਂ ਕਿ ਇਹ ਕੋਈ ਖਾਸ ਖਾਣਾ ਖਾਣ ਨਾਲ ਪੈਦਾ ਹੁੰਦੀ ਹੈ ਜਾਂ ਇਹ ਸਮਝਿਆ ਜਾਂਦਾ ਹੈ ਕਿ ਇਹ ਦੂਸਰਿਆਂ ਨੂੰ ਲੱਗ ਸਕਦੀ ਹੈ। ਇਹ ਸਾਰਾ ਕੁੱਝ ਗਲਤ ਹੈ। ਡਾ.ਕਾਲੀਆ ਦਾ ਕਹਿਣਾ ਹੈ ਕਿ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਡਰਮਾਟੌਲੋਜਿਸਟ ਨੂੰ ਮਿਲਣਾ ਅਤੇ ਫੁਲਬੈਹਰੀ ਬਾਰੇ ਉਸਨੂੰ ਸੁਆਲ ਪੁੱਛਣ। ਅੱਜਕੱਲ੍ਹ ਕਈ ਨਵੇਂ ਇਲਾਜ ਸਾਹਮਣੇ ਆਏ ਹਨ ਅਤੇ ਮਰੀਜ਼ਾਂ ਨੂੰ ਉਪਲਬਧ ਹਨ।

ਵਧੇਰੇ ਜਾਣਕਾਰੀ ਲਈ ਤੁਸੀਂ Canadian Skin Patient Alliance ਦੀ ਵੈਬਸਾਈਟ CanadianSkin.ca/Vitiligo ਦੇਖ ਸਕਦੇ ਹਨ।

LEGAL SERVICES & IMMIGRATION MATTERS
ਕਿਸੇ ਤਰ੍ਹਾਂ ਦੇ ਕਨੂੰਨੀ ਜਾਂ ਇਮੀਗਰੇਸ਼ਨ ਕੇਸ ਲਈ ਮਿਲੋ

* Divorce Cases: Mutual & Contested
* Drink & Driving
* Trafic Tickets
* Domestic Violence Cases
* Notary Services

* RAD appeals (Refugee Appeals)
* IAD appeals (any kind of immigration appeals)
* Judicial Review
* Writ of Mandamus (if your case is being delayed by Immigration)
* Application for asylum (Refugee)
* If your visitor visa work permit or PR application is refused just call us

* Expert Guidance
* Personalized Assistance in every matter
THE SOLUTION YOU NEED CALL US:
519-740-7080

* ਨੋਟਰੀ ਦੀਆਂ ਸੇਵਾਵਾਂ * ਸੈਪਰੇਸ਼ਨ ਐਗਰੀਮੈਂਟ,
* ਤਲਾਕ * ਡ੍ਰਿੰਕ ਐਂਡ ਡ੍ਰਾਈਵਿੰਗ ਦਾ ਕੇਸ
* ਟ੍ਰੈਫਿਕ ਟਿਕਟ * ਘਰੇਲੂ ਹਿੰਸਾ
* ਅਮਰੀਕਾ, ਇੰਗਲੈਂਡ ਵੀਜ਼ਾ ਐਪਲੀਕੇਸ਼ਨ ਭਰਨੀ
* ਰੈਕਰਡ ਸਸਪੈਂਸ਼ਨ ਅਤੇ ਯੂਐਸ ਵੇਵਰ
* ਨੈਕਸਸ, ਫਾਸਟ ਕਾਰਡ, ਸੀਡੀਆਰਪੀ,
* ਕੈਨੇਡੀਅਨ ਪੈਨਸ਼ਨ ਦੀ ਐਪਲੀਕੇਸ਼ਨ ਭਰਨੀ
* ਕੋਈ ਵੀ ਇੰਡੀਅਨ ਸਰਕਾਰੀ ਕਾਗਜ਼ ਪੱਤਰ ਦੀ ਪੰਜਾਬੀ ਤੋਂ ਅੰਗ੍ਰੇਜ਼ੀ ਵਿੱਚ ਟ੍ਰਾਂਸਲੇਸ਼ਨ
* ਪੀਆਰ ਕਾਰਡ ਅਪਲਾਈ ਜਾਂ ਰਿਨੀਊ ਕਰਨਾ
* ਇੰਡੀਆ ਵਿੱਚ ਜ਼ਮੀਨ ਜਾਂ ਪਰਿਵਾਰਕ ਝਗੜੇ

Passport Services for Indian Citizens
* New Passport * Passport Renewal
* Lost or Damaged Passport Replacement
* OCI applications, OCI Card Renewal
* Visa Services: Tourist Visa, E-Visa
Land or Family Disputes in India
* Partition of Property * Removing Illegal Possession * Land Encroachment
* Matrimonial Property Disputes

Cambridge:- 181 Groh Ave., Suite# 201-C, Cambridge, ON N3C 1Y8
Mississauga: 7035 Maxwell Rd., Suite# 203, Mississauga, ON L5S 1R5

PUNJAB STAR TV
ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ
IPTV
Roku
eBaba Ent
webtv
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666
YUPPTV
GET IT ON Google Play
Shava tv
jadoo tv
Cruze tv
amazon fireTV
NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਪੰਜਾਬ ਭਾਜਪਾ ਵੱਲੋਂ ਜਥੇਬੰਦਕ ਢਾਂਚੇ ਦੀ ਮਜ਼ਬੂਤੀ ਲਈ ਨਵੇਂ ਜ਼ਿਲ੍ਹਾ ਪ੍ਰਧਾਨਾਂ ਦੀ ਨਿਯੁਕਤੀ



ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਸੂਬੇ ਦੇ ਜਥੇਬੰਦਕ ਢਾਂਚੇ ਦੀ ਮਜ਼ਬੂਤੀ ਲਈ ਵੱਖ-ਵੱਖ ਜ਼ਿਲ੍ਹਿਆਂ ਦੇ ਜ਼ਿਲ੍ਹਾ ਪ੍ਰਧਾਨਾਂ ਦੀ ਨਿਯੁਕਤੀ ਕਰ ਦਿੱਤੀ ਹੈ। ਇਹ ਨਿਯੁਕਤੀਆਂ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਦੀ ਸਹਿਮਤੀ ਨਾਲ ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਵੱਲੋਂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਭਾਜਪਾ ਪੰਜਾਬ ਵਿੱਚ ਆਪਣੇ ਜਥੇਬੰਦਕ ਢਾਂਚੇ ਨੂੰ ਲਗਾਤਾਰ ਮਜ਼ਬੂਤ ਕਰ ਰਹੀ ਹੈ ਤਾਂ ਜੋ ਪਾਰਟੀ ਨੂੰ ਬੂਥ ਅਤੇ ਜ਼ਮੀਨੀ ਪੱਧਰ 'ਤੇ ਮਜ਼ਬੂਤ ਕੀਤਾ ਜਾ ਸਕੇ।

ਉਨ੍ਹਾਂ ਕਿਹਾ ਕਿ ਨਵੇਂ ਨਿਯੁਕਤ ਕੀਤੇ ਗਏ ਜ਼ਿਲ੍ਹਾ ਪ੍ਰਧਾਨ ਆਪਣੇ ਤਜ਼ਰਬੇ ਅਤੇ ਮਿਹਨਤ ਨਾਲ ਜਥੇਬੰਦੀ ਨੂੰ ਮਜ਼ਬੂਤ ਕਰਨਗੇ ਅਤੇ ਪਾਰਟੀ ਤੇ ਕੇਂਦਰ ਸਰਕਾਰ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਉਣਗੇ। ਪੰਜਾਬ ਭਾਜਪਾ ਵੱਲੋਂ ਨਵੇਂ ਨਿਯੁਕਤ ਕੀਤੇ ਗਏ ਪ੍ਰਧਾਨਾਂ ਵਿੱਚ ਅੰਮ੍ਰਿਤਸਰ ਦਿਹਾਤੀ-2 (ਮਜੀਠਾ) ਤੋਂ ਕਨਵਰਬੀਰ ਸਿੰਘ ਮੰਜ਼ਿਲ, ਅੰਮ੍ਰਿਤਸਰ ਸ਼ਹਿਰੀ ਤੋਂ ਸਲੀਲ ਕਪੂਰ, ਬਰਨਾਲਾ ਤੋਂ ਨਰਿੰਦਰ ਗਰਗ ਨੀਟਾ, ਫਰੀਦਕੋਟ ਤੋਂ ਗੌਰਵ ਕੱਕੜ, ਫਾਜ਼ਿਲਕਾ ਤੋਂ ਸੁਖਵਿੰਦਰ ਸਿੰਘ ਕਾਕਾ ਕੰਬੋਜ, ਹੁਸ਼ਿਆਰਪੁਰ ਦਿਹਾਤੀ ਤੋਂ ਯੋਗੇਸ਼ ਸਪਰਾ, ਹੁਸ਼ਿਆਰਪੁਰ ਸ਼ਹਿਰੀ ਤੋਂ ਸਤੀਸ਼ ਠਾਕੁਰ ਬਾਵਾ, ਜਲੰਧਰ ਸ਼ਹਿਰੀ ਤੋਂ ਅਸ਼ੋਕ ਸਰੀਨ ਹਿੱਕੀ, ਜਲੰਧਰ ਦਿਹਾਤੀ ਨੌਰਥ ਤੋਂ ਮਨਮੀਤ ਸਿੰਘ ਵਿੱਕੀ, ਜਲੰਧਰ ਦਿਹਾਤੀ ਸਾਊਥ ਤੋਂ ਜਗਬੀਰ ਸਿੰਘ ਬਰਾੜ, ਕਪੂਰਥਲਾ ਤੋਂ ਚੇਤਨ ਸੂਰੀ, ਲੁਧਿਆਣਾ ਸ਼ਹਿਰੀ ਤੋਂ ਸੁਨੀਲ ਮੌਦਗਿੱਲ, ਸ੍ਰੀ ਮੁਕਤਸਰ ਸਾਹਿਬ ਤੋਂ ਸਤੀਸ਼ ਆਸੀਜਾ, ਰੂਪਨਗਰ ਤੋਂ ਅਜੈ ਵੀਰ ਸਿੰਘ ਲਾਲਪੁਰਾ, ਸੰਗਰੂਰ-1 ਤੋਂ ਮਤਿੰਦਰ ਸਿੰਘ ਅਤੇ ਤਰਨ ਤਾਰਨ ਤੋਂ ਸਤਨਾਮ ਸਿੰਘ ਭੁੱਲਰ ਨੂੰ ਪ੍ਰਧਾਨ ਲਗਾਇਆ ਗਿਆ ਹੈ।

ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਨਵੇਂ ਨਿਯੁਕਤ ਜ਼ਿਲ੍ਹਾ ਪ੍ਰਧਾਨਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਭਾਜਪਾ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਇੱਕ ਮਜ਼ਬੂਤ, ਸਰਗਰਮ ਅਤੇ ਲੋਕ-ਕੇਂਦਰਿਤ ਜਥੇਬੰਦੀ ਖੜ੍ਹੀ ਕਰਨ ਲਈ ਵਚਨਬੱਧ ਹੈ। ਉਨ੍ਹਾਂ ਉਮੀਦ ਜਤਾਈ ਕਿ ਸਾਰੇ ਨਵੇਂ ਜ਼ਿਲ੍ਹਾ ਪ੍ਰਧਾਨ ਪੂਰੀ ਇਮਾਨਦਾਰੀ, ਅਨੁਸ਼ਾਸਨ ਅਤੇ ਸਮਰਪਣ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣਗੇ ਅਤੇ ਸੂਬੇ ਵਿੱਚ ਪਾਰਟੀ ਲਈ ਆਉਣ ਵਾਲੀਆਂ ਚੋਣਾਂ ਵਿੱਚ ਦਿਨ-ਰਾਤ ਇੱਕ ਕਰਕੇ ਕੰਮ ਕਰਨਗੇ।

# ਐਕਸ਼ਨ 'ਚ ਦਿੱਲੀ ਪੁਲਿਸ: ਭੁੱਖ ਹੜਤਾਲ 'ਤੇ ਬੈਠੇ ਸੋਨਮ ਵਾਂਗਚੁਕ ਨੂੰ ਹਸਪਤਾਲ ਕਰਵਾਇਆ ਭਰਤੀ



ਨਵੀ ਦਿੱਲੀ :ਪਿਛਲੇ 20 ਦਿਨਾਂ ਤੋਂ ਜੰਤਰ-ਮੰਤਰ 'ਤੇ ਭੁੱਖ ਹੜਤਾਲ 'ਤੇ ਬੈਠੇ ਸੋਨਮ ਵਾਂਗਚੁਕ ਨੂੰ ਪੁਲਿਸ ਨੇ ਇਲਾਜ ਲਈ ਸਫਦਰਜੰਗ ਹਸਪਤਾਲ ਵਿੱਚ ਸ਼ਿਫਟ ਕਰ ਦਿੱਤਾ ਹੈ। ਪੁਲਿਸ ਨੇ ਜੰਤਰ-ਮੰਤਰ ਤੋਂ ਪ੍ਰਦਰਸ਼ਨਕਾਰੀਆਂ ਨੂੰ ਹਟਾਇਆ ਅਤੇ ਵਾਂਗਚੁਕ ਨੂੰ ਸਿੱਧਾ ਹਸਪਤਾਲ ਲੈ ਗਈ।

ਸੋਨਮ ਵਾਂਗਚੁਕ ਨੂੰ ਹਸਪਤਾਲ ਲੈ ਜਾਣ 'ਤੇ ਦਿੱਲੀ ਪੁਲਿਸ ਦਾ ਬਿਆਨ ਵੀ ਆਇਆ ਹੈ। ਦਿੱਲੀ ਪੁਲਿਸ ਦਾ ਸਾਫ਼ ਕਹਿਣਾ ਹੈ ਕਿ ਹਾਈ ਕੋਰਟ ਦੇ ਹੁਕਮਾਂ 'ਤੇ ਇਹ ਕਾਰਵਾਈ ਕੀਤੀ ਗਈ ਹੈ। ਦੱਸ ਦਈਏ ਕਿ ਸੋਨਮ ਵਾਂਗਚੁਕ ਦੀ ਤਬੀਅਤ ਲਗਾਤਾਰ ਵਿਗੜ ਰਹੀ ਸੀ। ਉਨ੍ਹਾਂ ਦਾ ਵਜ਼ਨ ਵੀ 9 ਕਿਲੋ ਤੋਂ ਜ਼ਿਆਦਾ ਘਟ ਗਿਆ ਸੀ।

ਡੀਸੀਪੀ ਨਵੀਂ ਦਿੱਲੀ ਦੇ ਅਧਿਕਾਰਤ ਐਕਸ ਹੈਂਡਲ ਤੋਂ ਪੋਸਟ ਕੀਤਾ ਗਿਆ ਕਿ 'ਹਾਈ ਕੋਰਟ ਦੇ ਹੁਕਮਾਂ ਅਤੇ ਮੈਡੀਕਲ ਮਾਹਰਾਂ ਦੀ ਸਲਾਹ ਅਨੁਸਾਰ, ਸੋਨਮ ਵਾਂਗਚੁਕ ਦੀ ਵਿਗੜਦੀ ਸਿਹਤ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਜ਼ਰੂਰੀ ਮੈਡੀਕਲ ਦੇਖਭਾਲ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਹਾਈ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਦੇ ਸਮੇਂ ਪ੍ਰਦਰਸ਼ਨਕਾਰੀਆਂ ਨੇ ਰੁਕਾਵਟ ਪਾਉਣ ਦੀ ਕੋਸ਼ਿਸ਼ ਕੀਤੀ, ਜਿਸ ਨਾਲ ਥੋੜ੍ਹੀ ਹਫੜਾ ਦਫੜੀ ਮਚੀ; ਹਾਲਾਂਕਿ, ਪੁਲਿਸ ਨੇ ਸੰਜਮ ਵਰਤਦੇ ਹੋਏ ਪੂਰੀ ਪ੍ਰਕਿਰਿਆ ਨੂੰ ਸੁਰੱਖਿਅਤ ਢੰਗ ਨਾਲ ਪੂਰਾ ਕਰ ਲਿਆ।' ਦੱਸ ਦਈਏ ਕਿ ਬੀਤੇ ਵੀਰਵਾਰ ਨੂੰ ਦਿੱਲੀ ਹਾਈ ਕੋਰਟ ਨੇ ਨਿਰਦੇਸ਼ ਦਿੱਤਾ ਸੀ ਕਿ ਭੁੱਖ ਹੜਤਾਲ ਦੌਰਾਨ ਸੋਨਮ ਵਾਂਗਚੁਕ ਦੀ ਮੈਡੀਕਲ ਹਾਲਤ ਦੀ ਰੋਜ਼ਾਨਾ ਕਲੀਨਿਕਲ ਨਿਗਰਾਨੀ ਕੀਤੀ ਜਾਵੇ। ਹਾਈ ਕੋਰਟ ਨੇ ਇਹ ਵੀ ਨਿਰਦੇਸ਼ ਦਿੱਤਾ ਸੀ ਕਿ ਸਰਕਾਰੀ ਡਾਕਟਰਾਂ ਦੀ ਰਾਇ ਦੇ ਆਧਾਰ 'ਤੇ ਲੋੜ ਪੈਣ 'ਤੇ ਕੋਈ ਵੀ ਮੈਡੀਕਲ ਮਦਦ ਦਿੱਤੀ ਜਾਵੇ। ਇਹ ਨਿਰਦੇਸ਼ ਚੀਫ਼ ਜਸਟਿਸ ਦੇਵੇਂਦਰ ਕੁਮਾਰ ਉਪਾਧਿਆਏ ਅਤੇ ਜਸਟਿਸ ਤੇਜਸ ਕਰੀਆ ਦੀ ਡਿਵੀਜ਼ਨ ਬੈਂਚ ਨੇ ਸੋਨਮ ਵਾਂਗਚੁਕ ਦੀ ਵਿਗੜਦੀ ਸਿਹਤ 'ਤੇ ਚਿੰਤਾ ਪ੍ਰਗਟਾਉਣ ਵਾਲੀ ਇੱਕ ਜਨਹਿਤ ਪਟੀਸ਼ਨ (PIL) ਦਾ ਨਿਪਟਾਰਾ ਕਰਦੇ ਹੋਏ ਦਿੱਤੇ ਸਨ।

ਇਹ ਵੀ ਜਾਣਕਾਰੀ ਸਾਹਮਣੇ ਆਈ ਹੈ ਕਿ ਪੁਲਿਸ ਨੇ ਜੰਤਰ-ਮੰਤਰ ਤੋਂ ਪ੍ਰਦਰਸ਼ਨਕਾਰੀਆਂ ਨੂੰ ਹਟਾ ਦਿੱਤਾ ਹੈ। ਉੱਥੋਂ ਬੈਨਰ ਅਤੇ ਪੋਸਟਰ ਵੀ ਹਟਾ ਦਿੱਤੇ ਗਏ ਹਨ। ਕਾਂਗਰਸ ਪਾਰਟੀ ਦਾ ਦਾਅਵਾ ਹੈ ਕਿ ਦਿੱਲੀ ਪੁਲਿਸ ਨੇ ਅਭਿਜੀਤ ਦਿਪਕੇ ਨੂੰ ਉਸੇ ਜਗ੍ਹਾ 'ਤੇ ਰੋਕ ਲਿਆ ਹੈ, ਜਿੱਥੇ ਉਹ ਠਹਿਰੇ ਹੋਏ ਸਨ।

# ਟਾਂਡਾ ਦਾ ਸਾਬਕਾ SHO ਗੁਰਿੰਦਰਜੀਤ ਸਿੰਘ ਨਾਗਰਾ ਗ੍ਰਿਫ਼ਤਾਰ



ਹੁਸ਼ਿਆਰਪੁਰ: ਪੰਜਾਬ ਪੁਲਿਸ ਨੇ ਟਾਂਡਾ ਥਾਣੇ ਦੇ ਸਾਬਕਾ ਥਾਣਾ ਮੁਖੀ (ਐੱਸ.ਐੱਚ.ਓ.) ਗੁਰਿੰਦਰਜੀਤ ਸਿੰਘ ਨਾਗਰਾ ਨੂੰ ਚਾਰ ਕਰੋੜ ਰੁਪਏ ਦੀ ਫ਼ਿਰੌਤੀ ਅਤੇ ਭ੍ਰਿਸ਼ਟਾਚਾਰ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਕਾਰਵਾਈ ਅਮਰੀਕੀ ਐੱਫ.ਬੀ.ਆਈ. (FBI) ਦੇ 'ਓਪਰੇਸ਼ਨ ਹਾਰਡ ਬਾਲ' ਵਿੱਚ ਨਾਮ ਸਾਹਮਣੇ ਆਉਣ ਤੋਂ ਬਾਅਦ ਕੀਤੀ ਗਈ ਹੈ। ਜਾਂਚ ਏਜੰਸੀਆਂ ਮੁਤਾਬਕ ਨਾਗਰਾ 'ਤੇ ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਗੈਂਗ ਦੇ ਅੰਤਰਰਾਸ਼ਟਰੀ ਨੈੱਟਵਰਕ ਨਾਲ ਜੁੜੇ ਲੋਕਾਂ ਨਾਲ ਮਿਲ ਕੇ ਅਮਰੀਕਾ ਵਿੱਚ ਰਹਿ ਰਹੇ ਇੱਕ ਪਰਿਵਾਰ ਤੋਂ ਫ਼ਿਰੌਤੀ ਮੰਗਣ ਦਾ ਆਰੋਪ ਹੈ। ਡੀ.ਆਈ.ਜੀ. ਜਲੰਧਰ ਰੇਂਜ ਨਵੀਨ ਸਿੰਗਲਾ ਦੇ ਨਿਰਦੇਸ਼ਾਂ 'ਤੇ ਜਾਂਚ ਪੂਰੀ ਹੋਣ ਤੋਂ ਬਾਅਦ ਨਾਗਰਾ ਖ਼ਿਲਾਫ਼ ਫ਼ਿਰੌਤੀ ਅਤੇ ਭ੍ਰਿਸ਼ਟਾਚਾਰ ਰੋਕੂ ਐਕਟ ਤਹਿਤ ਕੇਸ ਦਰਜ ਕੀਤਾ ਗਿਆ। ਇਸ ਮਾਮਲੇ ਦੀ ਜਾਂਚ ਜਲੰਧਰ ਦੇ ਐੱਸ.ਪੀ. ਇਨਵੈਸਟੀਗੇਸ਼ਨ ਵਨੀਤ ਅਹਿਲਾਵਤ ਨੂੰ ਸੌਂਪੀ ਗਈ ਸੀ।

ਦੱਸ ਦਈਏ ਕਿ ਐੱਫ.ਬੀ.ਆਈ. ਵੱਲੋਂ ਚਲਾਏ ਗਏ 'ਓਪਰੇਸ਼ਨ ਹਾਰਡ ਬਾਲ' ਵਿੱਚ ਲਾਰੈਂਸ ਅਤੇ ਜੱਗੂ ਭਗਵਾਨਪੁਰੀਆ ਵਰਗੇ ਗੈਂਗਸਟਰਾਂ ਦੇ ਅੰਤਰਰਾਸ਼ਟਰੀ ਨੈੱਟਵਰਕ ਵਿੱਚ ਨਾਗਰਾ ਦਾ ਨਾਮ ਫ਼ਿਰੌਤੀ ਮੰਗਣ ਵਿੱਚ ਆਇਆ ਸੀ। ਡੀ.ਆਈ.ਜੀ. (DIG) ਨਵੀਨ ਸਿੰਗਲਾ ਨੇ ਨਾਗਰਾ ਨੂੰ ਲਾਈਨ ਹਾਜ਼ਰ ਕਰਕੇ ਐੱਸ.ਪੀ. (SP) ਵਿਨੀਤ ਅਹਿਲਾਵਤ ਨੂੰ ਜਾਂਚ ਸੌਂਪੀ ਸੀ। ਜਾਂਚ ਤੋਂ ਬਾਅਦ ਸ਼ੁੱਕਰਵਾਰ ਦੇਰ ਰਾਤ ਇੰਸਪੈਕਟਰ ਨਾਗਰਾ ਖ਼ਿਲਾਫ਼ ਐਕਸਟੌਰਸ਼ਨ ਅਤੇ ਕਰੱਪਸ਼ਨ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ। 10 ਜੁਲਾਈ ਨੂੰ ਅਮਰੀਕਾ ਅਤੇ ਕੈਨੇਡਾ ਦੀਆਂ ਜਾਂਚ ਏਜੰਸੀਆਂ ਨੇ ਜੁਆਇੰਟ ਆਪ੍ਰੇਸ਼ਨ ਵਿੱਚ ਅਮਰੀਕਾ, ਕੈਨੇਡਾ ਅਤੇ ਯੂਰਪ ਵਿੱਚ ਗੈਂਗਸਟਰ ਨੈੱਟਵਰਕ ਦੀ ਜਾਂਚ ਕੀਤੀ। ਇਸੇ ਦੌਰਾਨ ਕੈਲੀਫੋਰਨੀਆ ਵਿੱਚ ਗੈਂਗਸਟਰ ਜੱਗੂ ਭਗਵਾਨਪੁਰੀਆ ਦੇ ਨੈੱਟਵਰਕ ਖ਼ਿਲਾਫ਼ ਚੱਲ ਰਹੀ ਜਾਂਚ ਵਿੱਚ ਇੱਕ ਭਾਰਤੀ ਪੁਲਿਸ ਅਧਿਕਾਰੀ ਦੇ ਨਾਮ ਦਾ ਜ਼ਿਕਰ ਸਾਹਮਣੇ ਆਇਆ। ਅਮਰੀਕੀ ਏਜੰਸੀਆਂ ਨੇ ਆਰੋਪ ਲਾਇਆ ਸੀ ਕਿ ਪੰਜਾਬ ਦੇ ਇੱਕ ਐੱਸ.ਐੱਚ.ਓ. ਨੇ ਗੈਂਗ ਨੈੱਟਵਰਕ ਨਾਲ ਮਿਲ ਕੇ ਇੱਕ ਅਮਰੀਕੀ ਪਰਿਵਾਰ ਤੋਂ 4 ਲੱਖ ਡਾਲਰ ਦੀ ਕਥਿਤ ਫ਼ਿਰੌਤੀ ਮੰਗਣ ਦੀ ਕੋਸ਼ਿਸ਼ ਕੀਤੀ, ਜਿਸ ਦਾ ਨਾਮ ਗੁਰਿੰਦਰਜੀਤ ਸਿੰਘ ਨਾਗਰਾ ਹੈ। ਉਸ ਦੀ ਫੋਟੋ ਵੀ ਗੈਂਗਸਟਰਾਂ ਨਾਲ ਜਾਰੀ ਕੀਤੀ ਗਈ ਸੀ। ਅਮਰੀਕਾ ਰਹਿ ਰਹੇ ਰਿਟਾਇਰਡ ਏ.ਐੱਸ.ਆਈ. (ASI) ਚਰਨਜੀਤ ਸਿੰਘ ਨੇ ਸ਼ਿਕਾਇਤ ਵਿੱਚ ਕਿਹਾ ਸੀ ਕਿ 15 ਜਨਵਰੀ 2026 ਦੀ ਸ਼ਾਮ ਕਰੀਬ 4 ਵਜੇ ਹੁਸ਼ਿਆਰਪੁਰ ਦੇ ਟਾਂਡਾ ਦੇ ਪਿੰਡ ਮਿਆਣੀ ਵਿੱਚ ਤਿੰਨ ਮੋਟਰਸਾਈਕਲ ਸਵਾਰ ਹਮਲਾਵਰਾਂ ਨੇ 'ਆਪ' ਵਰਕਰ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ।

# ਕੈਨੇਡਾ ਦੇ ਜਿਮ ਵਿੱਚੋਂ ਕਕਾਰ ਕਾਰਨ ਸਿੱਖ TikTok ਇਨਫਲੂਐਂਸਰ ਨੂੰ ਬਾਹਰ ਕੱਢਿਆ



ਕੈਨੇਡਾ ਦੇ ਓਂਟਾਰੀਓ ਸੂਬੇ ਦੇ ਸ਼ਹਿਰ ਵਿੰਡਸਰ ਵਿਚ ਉੱਘੇ ਸਿੱਖ ਟਿਕ ਟੌਕ ਇਨਫਲੂਐਂਸਰ ਗੁਰਪ੍ਰਤਾਪ ਸਿੰਘ ਖ਼ਾਲਸਾ ਨੂੰ ਜਿਮ ਵਿੱਚੋਂ ਬਾਹਰ ਜਾਣ ਲਈ ਆਖ ਦਿੱਤਾ ਗਿਆ। ਇਸ ਘਟਨਾ ਤੋਂ ਬਾਅਦ ਵਿਦੇਸ਼ਾਂ ਵਿੱਚ ਸਿੱਖ ਕਕਾਰਾਂ (ਧਾਰਮਿਕ ਚਿੰਨ੍ਹਾਂ) ਦੀ ਆਜ਼ਾਦੀ ਅਤੇ ਨਸਲੀ ਵਿਤਕਰੇ ਨੂੰ ਲੈ ਕੇ ਇੱਕ ਵਾਰ ਫਿਰ ਬਹਿਸ ਛਿੜ ਗਈ ਹੈ। ਇਹ ਮਾਮਲਾ ਧਾਰਮਿਕ ਅਧਿਕਾਰਾਂ ਅਤੇ ਜਨਤਕ ਥਾਵਾਂ 'ਤੇ ਸੁਰੱਖਿਆ ਨਿਯਮਾਂ ਨਾਲ ਜੁੜਿਆ ਹੋਇਆ ਹੈ। ਜਾਣਕਾਰੀ ਮੁਤਾਬਕ ਗੁਰਪ੍ਰਤਾਪ ਸਿੰਘ ਖ਼ਾਲਸਾ ਵਿੰਡਸਰ ਸਥਿਤ 'ਗੁੱਡ ਲਾਈਫ਼ ਫਿਟਨੈੱਸ' (GoodLife Fitness) ਜਿਮ ਵਿੱਚ ਕਸਰਤ ਕਰ ਰਿਹਾ ਸੀ। ਇਸ ਦੌਰਾਨ ਜਿਮ ਦੇ ਇੱਕ ਕਰਮਚਾਰੀ ਨੇ ਉਸ ਕੋਲ ਆ ਕੇ ਇਤਰਾਜ਼ ਜਤਾਇਆ। ਦੱਸਿਆ ਜਾ ਰਿਹਾ ਹੈ ਕਿ ਜਿਮ ਵਿੱਚ ਮੌਜੂਦ ਕਿਸੇ ਹੋਰ ਨੇ ਗੁਰਪ੍ਰਤਾਪ ਸਿੰਘ ਵੱਲੋਂ ਪਹਿਨੀ ਹੋਈ ਕਿਰਪਾਨ ਨੂੰ ਦੇਖ ਕੇ ਪ੍ਰਬੰਧਕਾਂ ਕੋਲ ਚਿੰਤਾ ਜ਼ਾਹਰ ਕੀਤੀ ਸੀ। ਇਸ ਤੋਂ ਬਾਅਦ ਜਿਮ ਦੇ ਸਟਾਫ਼ ਨੇ ਕਿਰਪਾਨ ਨੂੰ 'ਹਥਿਆਰ' ਗਰਦਾਨਦਿਆਂ ਖ਼ਾਲਸਾ ਨੂੰ ਤੁਰੰਤ ਜਿਮ ਦੀ ਇਮਾਰਤ ਛੱਡਣ ਲਈ ਕਹਿ ਦਿੱਤਾ।

ਇਸ ਸਾਰੀ ਘਟਨਾ ਦੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਵਾਇਰਲ ਵੀਡੀਓ ਵਿੱਚ ਜਿਮ ਕਰਮਚਾਰਨ ਇਹ ਕਹਿੰਦੀ ਸੁਣਾਈ ਦਿੰਦੀ ਹੈ ਕਿ ਕਿਸੇ ਹੋਰ ਮੈਂਬਰ ਦੇ ਇਤਰਾਜ਼ ਤੋਂ ਬਾਅਦ ਹੀ ਇਹ ਕਦਮ ਚੁੱਕਿਆ ਗਿਆ ਹੈ। ਦੂਜੇ ਪਾਸੇ, ਗੁਰਪ੍ਰਤਾਪ ਸਿੰਘ ਜਿਮ ਦੇ ਕਰਮਚਾਰੀ ਦੇ ਇਸ ਵਤੀਰੇ 'ਤੇ ਸਖ਼ਤ ਸਵਾਲ ਚੁੱਕਦਾ ਨਜ਼ਰ ਆ ਰਿਹਾ ਹੈ। ਉਸ ਨੇ ਦਲੀਲ ਦਿੱਤੀ ਕਿ ਕੈਨੇਡਾ ਦੇ ਕਾਨੂੰਨ ਧਾਰਮਿਕ ਆਜ਼ਾਦੀ ਦੀ ਰੱਖਿਆ ਕਰਦੇ ਹਨ ਅਤੇ ਕਿਰਪਾਨ ਸਿੱਖ ਧਰਮ ਦਾ ਪਵਿੱਤਰ ਧਾਰਮਿਕ ਚਿੰਨ੍ਹ ਹੈ, ਨਾ ਕਿ ਹਮਲੇ ਲਈ ਵਰਤਿਆ ਜਾਣ ਵਾਲਾ ਕੋਈ ਹਥਿਆਰ।

ਉਸ ਨੇ ਦੋਸ਼ ਲਾਇਆ ਕਿ ਉਸ ਨੂੰ ਸਿਰਫ਼ ਸਿੱਖ ਹੋਣ ਕਰਕੇ ਨਿਸ਼ਾਨਾ ਬਣਾਇਆ ਗਿਆ ਹੈ, ਜੋ ਸਿੱਧੇ ਤੌਰ 'ਤੇ ਨਸਲੀ ਅਤੇ ਧਾਰਮਿਕ ਵਿਤਕਰਾ ਹੈ। ਇਸ ਘਟਨਾ ਨੇ ਇੰਟਰਨੈੱਟ 'ਤੇ ਆਮ ਲੋਕਾਂ ਦੀ ਰਾਇ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਹੈ। ਬਹੁਤੇ ਲੋਕਾਂ ਨੇ ਜਿਮ ਪ੍ਰਬੰਧਕਾਂ ਦੀ ਸਖ਼ਤ ਨਿਖੇਧੀ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਕੈਨੇਡਾ ਦਾ ਸੰਵਿਧਾਨ ਹਰ ਨਾਗਰਿਕ ਨੂੰ ਧਾਰਮਿਕ ਆਜ਼ਾਦੀ ਦਿੰਦਾ ਹੈ। ਅੰਮ੍ਰਿਤਧਾਰੀ ਸਿੱਖ ਲਈ ਕਿਰਪਾਨ ਸਰੀਰ ਦਾ ਇੱਕ ਅਟੁੱਟ ਅੰਗ ਹੈ, ਜੋ ਨਿਆਂ, ਧਰਮ ਦੀ ਰੱਖਿਆ ਅਤੇ ਕਮਜ਼ੋਰਾਂ ਦੀ ਸਹਾਇਤਾ ਦਾ ਪ੍ਰਤੀਕ ਹੈ। ਇਸ ਨੂੰ ਹਥਿਆਰ ਕਹਿ ਕੇ ਬਾਹਰ ਕੱਢਣਾ ਸਿੱਖ ਮਰਿਆਦਾ ਦਾ ਘੋਰ ਅਪਮਾਨ ਹੈ। ਦੂਜੇ ਪਾਸੇ ਕੁਝ ਲੋਕਾਂ ਦਾ ਤਰਕ ਹੈ ਕਿ ਜਿਮ ਵਰਗੀਆਂ ਜਨਤਕ ਥਾਵਾਂ 'ਤੇ ਸੁਰੱਖਿਆ ਨਿਯਮਾਂ ਤਹਿਤ ਕਿਸੇ ਵੀ ਤਰ੍ਹਾਂ ਦੀ ਨੁਕੀਲੀ ਜਾਂ ਧਾਰਦਾਰ ਚੀਜ਼ ਲਿਆਉਣ ਦੀ ਮਨਾਹੀ ਹੁੰਦੀ ਹੈ, ਇਸ ਲਈ ਜਿਮ ਪ੍ਰਬੰਧਕਾਂ ਨੇ ਸਿਰਫ਼ ਆਪਣੀ ਅੰਦਰੂਨੀ ਪਾਲਿਸੀ ਦੀ ਪਾਲਣਾ ਕੀਤੀ ਹੈ। ਇਸ ਪੂਰੇ ਵਿਵਾਦ 'ਤੇ ਫ਼ਿਲਹਾਲ 'ਗੁੱਡ ਲਾਈਫ਼ ਫਿਟਨੈੱਸ' ਦੇ ਉੱਚ ਪ੍ਰਬੰਧਕਾਂ ਵੱਲੋਂ ਕੋਈ ਅਧਿਕਾਰਤ ਬਿਆਨ ਜਾਂ ਸਪਸ਼ਟੀਕਰਨ ਸਾਹਮਣੇ ਨਹੀਂ ਆਇਆ ਹੈ ਪਰ ਕੈਨੇਡਾ ਵਿੱਚ ਵੱਸਦੇ ਸਿੱਖ ਭਾਈਚਾਰੇ ਅਤੇ ਧਾਰਮਿਕ ਜਥੇਬੰਦੀਆਂ ਵੱਲੋਂ ਇਸ ਘਟਨਾ ਨੂੰ ਲੈ ਕੇ ਗੰਭੀਰ ਚਿੰਤਾ ਪ੍ਰਗਟਾਈ ਜਾ ਰਹੀ ਹੈ। ਭਾਈਚਾਰੇ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਕੈਨੇਡਾ ਦੇ ਜਨਤਕ ਅਤੇ ਨਿੱਜੀ ਅਦਾਰਿਆਂ ਨੂੰ ਸਿੱਖ ਇਤਿਹਾਸ, ਰੀਤੀ-ਰਿਵਾਜ਼ਾਂ ਅਤੇ ਕਕਾਰਾਂ ਦੀ ਅਹਿਮੀਅਤ ਬਾਰੇ ਜਾਗਰੂਕ ਕੀਤਾ ਜਾਵੇ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਮੰਦਭਾਗੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

# ਵਿਦਿਆਰਥੀਆਂ 'ਤੇ ਲਾਠੀਚਾਰਜ ਕਰਨਾ ਸ਼ਰਮਨਾਕ: ਇਆਲੀ

ਚੰਡੀਗੜ੍ਹ: ਨਵੀਂ ਦਿੱਲੀ ਦੇ ਜੰਤਰ-ਮੰਤਰ ਵਿਖੇ ਨੀਟ ਲੀਕ ਪੇਪਰ ਅਤੇ ਆਪਣਾ ਭਵਿੱਖ ਬਚਾਉਣ ਲਈ ਰੋਸ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਦੀ ਕੁੱਟਮਾਰ ਕਰਨਾ ਬੇਹੱਦ ਸ਼ਰਮਨਾਕ ਹੈ। ਕੇਂਦਰ ਸਰਕਾਰ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦਾ ਤੁਰੰਤ ਅਸਤੀਫ਼ਾ ਲਵੇ ਤਾ ਜੋ ਵਿਦਿਆਰਥੀਆਂ ਅਤੇ ਨੌਜਵਾਨਾਂ ਅੰਦਰ ਦਿਨੋ ਦਿਨ ਵੱਧ ਰਹੇ ਰੋਸ ਨੂੰ ਦੂਰ ਕੀਤਾ ਜਾਵੇ।

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਅੰਦਰ ਆਰ.ਐਸ.ਐਸ. (RSS) ਦੀ ਦਿਨੋ-ਦਿਨ ਵਧਦੀ ਨਾਜਾਇਜ਼ ਦਖ਼ਲਅੰਦਾਜ਼ੀ ਨੂੰ ਤੁਰੰਤ ਠੱਲ੍ਹ ਪਾਈ ਜਾਵੇ। ਵਿਦਿਆਰਥੀਆਂ ਨਾਲ ਕਿਸੇ ਵੀ ਕਿਸਮ ਦਾ ਧੱਕਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਭਾਰਤ ਅਤੇ ਅਮਰੀਕਾ ਵਿਚਾਲੇ ਹੋਣ ਜਾ ਰਹੀ ਟਰੇਡ ਡੀਲ ਨੂੰ ਲੈ ਕੇ ਦੇਸ਼ ਦੇ ਕਿਸਾਨਾਂ ਅੰਦਰ ਭਾਰੀ ਰੋਸ ਹੈ। ਸਾਡੀ ਮੰਗ ਹੈ ਕਿ ਖੇਤੀਬਾੜੀ ਅਤੇ ਡੇਅਰੀ ਉਤਪਾਦਾਂ ਨੂੰ ਇਸ ਡੀਲ ਤੋਂ ਪੂਰੀ ਤਰ੍ਹਾਂ ਬਾਹਰ ਰੱਖਿਆ ਜਾਵੇ ਤਾਂ ਜੋ ਸਾਡੇ ਕਿਸਾਨਾਂ ਅਤੇ ਪਸ਼ੂ ਪਾਲਕਾਂ ਨਾਲ ਕੋਈ ਧੱਕਾ ਨਾ ਹੋਵੇ। ਪੰਜਾਬ ਸਰਕਾਰ ਵੱਲੋਂ ਮਨਰੇਗਾ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਮੰਨਣ ਦੀ ਬਜਾਏ ਉਨ੍ਹਾਂ ਨੂੰ ਨੌਕਰੀਆਂ ਤੋਂ ਕੱਢਣਾ ਅਤਿ ਨਿੰਦਣਯੋਗ ਹੈ। ਸਰਕਾਰ ਮਜ਼ਦੂਰਾਂ ਨਾਲ ਬੈਠ ਕੇ ਵਿਚਾਰ-ਵਟਾਂਦਰਾ ਕਰੇ। ਮਜ਼ਦੂਰਾਂ 'ਤੇ ਕੀਤੀ ਗਈ ਕੁੱਟਮਾਰ ਅਤੇ ਉਨ੍ਹਾਂ ਨੂੰ ਥਾਣਿਆਂ ਵਿੱਚ ਬੰਦ ਕਰਨ ਦੀ ਕਾਰਵਾਈ ਦੀ ਅਸੀਂ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ।

# ਭਾਰਤੀਆਂ ਦੀਆਂ ਮੁਸ਼ਕਿਲਾਂ ਘੱਟ ਕਰਨ ਲਈ ਅਮਰੀਕੀ ਪ੍ਰਸ਼ਾਸਨ ਨਾਲ ਗੱਲਬਾਤ ਜਾਰੀ: ਭਾਰਤ




ਅਮਰੀਕਾ ਵੱਲੋਂ ਵੀਜ਼ਾ ਨਿਯਮਾਂ ਨੂੰ ਸਖ਼ਤ ਕੀਤੇ ਜਾਣ ਤੋਂ ਬਾਅਦ ਹੁਣ ਵਿਦੇਸ਼ੀ ਵਿਦਿਆਰਥੀ ਅਤੇ ਐਕਸਚੇਂਜ ਵਿਜ਼ਿਟਰ ਪ੍ਰੋਗਰਾਮ ਤਹਿਤ ਅਮਰੀਕਾ ਜਾਣ ਵਾਲੇ ਲੰਬੇ ਸਮੇਂ ਤੱਕ ਉੱਥੇ ਨਹੀਂ ਰਹਿ ਸਕਣਗੇ। ਭਾਰਤ ਨੇ ਅੱਜ ਕਿਹਾ ਕਿ ਉਹ ਇਸ ਫੈਸਲੇ ਕਾਰਨ ਭਾਰਤੀ ਨਾਗਰਿਕਾਂ ਨੂੰ ਹੋਣ ਵਾਲੀਆਂ ਮੁਸ਼ਕਿਲਾਂ ਨੂੰ ਘੱਟ ਕਰਨ ਲਈ ਅਮਰੀਕੀ ਅਧਿਕਾਰੀਆਂ ਨਾਲ ਲਗਾਤਾਰ ਰਾਬਤਾ ਕਾਇਮ ਕਰ ਰਿਹਾ ਹੈ।

ਇਨ੍ਹਾਂ ਨਵੇਂ ਨਿਯਮਾਂ ਦਾ ਸਭ ਤੋਂ ਵੱਡਾ ਅਸਰ ਅਮਰੀਕਾ ਵਿੱਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਅਤੇ ਉੱਥੇ ਗਏ ਐਕਸਚੇਂਜ ਵਿਜ਼ਿਟਰਾਂ 'ਤੇ ਪੈਣ ਦੀ ਸੰਭਾਵਨਾ ਹੈ। ਅਮਰੀਕੀ ਹੋਮਲੈਂਡ ਸੁਰੱਖਿਆ ਵਿਭਾਗ ਵੱਲੋਂ ਵੀਜ਼ਾ ਨਿਯਮਾਂ ਵਿੱਚ ਕੀਤੇ ਬਦਲਾਅ ਬਾਰੇ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆਂ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, 'ਅਸੀਂ ਵੀਜ਼ਾ ਨਿਯਮਾਂ ਨਾਲ ਸਬੰਧਤ ਰਿਪੋਰਟਾਂ ਦੇਖੀਆਂ ਹਨ। ਵੀਜ਼ਾ ਨਿਯਮ, ਵੀਜ਼ਾ ਪ੍ਰਕਿਰਿਆਵਾਂ ਅਤੇ ਇਮੀਗ੍ਰੇਸ਼ਨ ਦੇ ਮਾਮਲੇ ਕਿਸੇ ਵੀ ਦੇਸ਼ ਦੇ ਪ੍ਰਭੂਸੱਤਾ ਦੇ ਅਧਿਕਾਰ ਹੁੰਦੇ ਹਨ।'

ਰਣਧੀਰ ਜੈਸਵਾਲ ਨੇ ਕਿਹਾ, 'ਇਹ ਸਭ ਹੋਣ ਦੇ ਬਾਵਜੂਦ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਵੀ ਅਮਰੀਕਾ ਜਾਣ ਦੇ ਚਾਹਵਾਨ ਭਾਰਤੀਆਂ, ਵਿਦਿਆਰਥੀਆਂ ਜਾਂ ਹੋਰਾਂ ਨੂੰ ਆਉਣ ਵਾਲੀਆਂ ਮੁਸ਼ਕਿਲਾਂ ਦੇ ਮਾਮਲੇ ਸਾਡੇ ਧਿਆਨ ਵਿੱਚ ਆਉਂਦੇ ਹਨ ਤਾਂ ਅਸੀਂ ਉਨ੍ਹਾਂ ਮੁੱਦਿਆਂ ਨੂੰ ਅਮਰੀਕੀ ਅਧਿਕਾਰੀਆਂ ਕੋਲ ਉਠਾਉਂਦੇ ਹਾਂ ਤਾਂ ਕਿ ਸਾਡੇ ਲੋਕਾਂ ਨੂੰ ਘੱਟ ਤੋਂ ਘੱਟ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇ।'

ਅਮਰੀਕਾ ਦੇ ਇਨ੍ਹਾਂ ਨਵੇਂ ਵੀਜ਼ਾ ਨਿਯਮਾਂ ਨੇ ਉਸ ਦਹਾਕਿਆਂ ਪੁਰਾਣੀ ਨੀਤੀ ਨੂੰ ਖ਼ਤਮ ਕਰ ਦਿੱਤਾ ਹੈ, ਜਿਸ ਤਹਿਤ ਵਿਦੇਸ਼ੀ ਵਿਦਿਆਰਥੀਆਂ, ਐਕਸਚੇਂਜ ਵਿਜ਼ਿਟਰਾਂ ਅਤੇ ਪੱਤਰਕਾਰਾਂ ਨੂੰ ਸਰਕਾਰੀ ਨਿਗਰਾਨੀ ਤੋਂ ਬਿਨਾਂ ਅਣਮਿੱਥੇ ਸਮੇਂ ਲਈ ਦੇਸ਼ ਵਿੱਚ ਰਹਿਣ ਦੀ ਇਜਾਜ਼ਤ ਮਿਲਦੀ ਸੀ। ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਉਰਿਟੀ (DHS) ਵੱਲੋਂ ਵੀਰਵਾਰ ਨੂੰ ਜਾਰੀ ਕੀਤੇ ਬਿਆਨ ਅਨੁਸਾਰ, ਨਵੇਂ ਨਿਯਮਾਂ ਤਹਿਤ ਹੁਣ F, J, ਅਤੇ I ਸ਼੍ਰੇਣੀ ਦੇ ਵੀਜ਼ਾ ਧਾਰਕਾਂ ਲਈ ਅਮਰੀਕਾ ਵਿੱਚ ਰਹਿਣ ਦੀ ਇੱਕ ਨਿਸ਼ਚਿਤ ਮਿਆਦ ਤੈਅ ਕਰ ਦਿੱਤੀ ਗਈ ਹੈ।

### ਵੀਜ਼ਾ ਸ਼੍ਰੇਣੀਆਂ ਦਾ ਵੇਰਵਾ ਅਤੇ ਪੜ੍ਹਾਈ ਖ਼ਤਮ ਹੋਣ ਤੋਂ ਬਾਅਦ ਦੇਸ਼ ਛੱਡਣ ਦੀ ਘਟੀ ਮਿਆਦ

ਅਮਰੀਕੀ ਵੀਜ਼ਾ ਪ੍ਰਣਾਲੀ ਦੇ ਨਵੇਂ ਨਿਯਮਾਂ ਮੁਤਾਬਕ, F ਸ਼੍ਰੇਣੀ ਦੇ ਵੀਜ਼ੇ ਖ਼ਾਸ ਤੌਰ 'ਤੇ ਵਿਦਿਆਰਥੀਆਂ ਲਈ ਹੁੰਦੇ ਹਨ, J ਸ਼੍ਰੇਣੀ ਦੇ ਵੀਜ਼ੇ ਐਕਸਚੇਂਜ ਵਿਜ਼ਿਟਰਾਂ ਲਈ ਅਤੇ I ਸ਼੍ਰੇਣੀ ਦੇ ਵੀਜ਼ੇ ਪੱਤਰਕਾਰਾਂ ਨੂੰ ਜਾਰੀ ਕੀਤੇ ਜਾਂਦੇ ਹਨ। ਇਸ ਨਵੇਂ ਬਦਲਾਅ ਵਿੱਚ ਸਭ ਤੋਂ ਅਹਿਮ ਗੱਲ ਇਹ ਹੈ ਕਿ F ਵੀਜ਼ਾ ਧਾਰਕ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ (ਗਰੈਜੂਏਸ਼ਨ) ਪੂਰੀ ਕਰਨ ਤੋਂ ਬਾਅਦ ਦੇਸ਼ ਛੱਡਣ, ਦੂਜੇ ਸਕੂਲ ਵਿੱਚ ਟਰਾਂਸਫਰ ਲੈਣ ਜਾਂ ਆਪਣਾ ਸਟੇਟਸ ਬਦਲਣ ਲਈ ਪਹਿਲਾਂ 60 ਦਿਨਾਂ ਦਾ ਸਮਾਂ ਮਿਲਦਾ ਸੀ, ਜਿਸ ਨੂੰ ਹੁਣ ਘਟਾ ਕੇ ਸਿਰਫ਼ 30 ਦਿਨ ਕਰ ਦਿੱਤਾ ਗਿਆ ਹੈ। ਇਸ ਕਾਰਨ ਭਾਰਤੀ ਵਿਦਿਆਰਥੀਆਂ ਨੂੰ ਹੁਣ ਪੜ੍ਹਾਈ ਖ਼ਤਮ ਹੁੰਦਿਆਂ ਹੀ ਬਹੁਤ ਘੱਟ ਸਮੇਂ ਅੰਦਰ ਅਗਲੇ ਸਾਰੇ ਪ੍ਰਬੰਧ ਕਰਨੇ ਪੈਣਗੇ, ਜਿਸ ਨੂੰ ਲੈ ਕੇ

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
NUTRA SELECT · AJWA DATE FRESH SEED POWDER · PRODUCT OF CANADA
100% NATURAL PRODUCT
PRODUCT OF CANADA
Visit nutraselect.ca to learn the amazing health benefits of our fresh ajwa date seed powder
NUTRA SELECT
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr. Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟ੍ਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟ੍ਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਈਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED
& SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2

ਪੰਜਾਬ ਸਟਾਰ

To Contact Us:

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਬਾਣ

# ਜਥੇਬੰਦੀ ਤੋਂ ਜਗੀਰ ਤੱਕ ਦਾ ਸਫ਼ਰ !



ਬੁੱਧ ਸਿੰਘ ਨੀਲੋਂ
94643 70823

ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਕਿਸੇ ਰਾਜਸੀ ਘਰਾਣੇ ਨੇ ਨਹੀਂ ਕੀਤੀ ਸੀ। ਇਸ ਦੇ ਨੀਂਹ ਪੱਥਰ ਉਹ ਲੋਕ ਸਨ ਜਿਨ੍ਹਾਂ ਨੇ ਗੁਰਦੁਆਰਾ ਸੁਧਾਰ ਲਹਿਰਾਂ ਵਿੱਚ ਲਾਠੀਆਂ ਖਾਧੀਆਂ, ਜੇਲ੍ਹਾਂ ਕੱਟੀਆਂ ਅਤੇ ਕੁਰਬਾਨੀਆਂ ਦਿੱਤੀਆਂ। ਇਹ ਇੱਕ ਅਜਿਹੀ ਜਥੇਬੰਦੀ ਸੀ ਜਿਸ ਦੀ ਪੂੰਜੀ ਲੋਕਾਂ ਦਾ ਭਰੋਸਾ ਸੀ, ਕਿਸੇ ਪਰਿਵਾਰ ਦੀ ਵਿਰਾਸਤ ਨਹੀਂ। ਇਤਿਹਾਸ ਦਾ ਇੱਕ ਕੌੜਾ ਸੱਚ ਇਹ ਵੀ ਹੈ ਕਿ ਜਿਹੜੀਆਂ ਜਥੇਬੰਦੀਆਂ ਲੋਕਾਂ ਦੀਆਂ ਹੁੰਦੀਆਂ ਹਨ, ਉਹ ਕਈ ਵਾਰ ਆਗੂਆਂ ਦੀਆਂ ਜਗੀਰਾਂ ਬਣ ਜਾਂਦੀਆਂ ਹਨ। ਜਿਵੇਂ ਹੁਣ ਬਾਦਲ ਦਲ ਬਣ ਕੇ ਰਹਿ ਗਿਆ ਹੈ। ਇਹ ਸਿੱਖ ਕੌਮ ਦੀ ਆਵਾਜ਼ ਨਾਲੋਂ ਕੋਈ ਕੰਪਨੀ ਬਣ ਕੇ ਰਹਿ ਗਈ ਹੈ। ਕੰਪਨੀ ਵਿੱਚ ਹਮੇਸ਼ਾ ਮੁਨਾਫ਼ਾ ਵਧਾਉਣ ਲਈ ਢੰਗ ਤਰੀਕੇ ਵਰਤੇ ਜਾਂਦੇ ਹਨ।

ਪੈਪਸੂ ਦੀ ਪਹਿਲੀ ਅਕਾਲੀ ਸਰਕਾਰ ਵੇਲੇ ਜਦੋਂ ਮੁੱਖ ਮੰਤਰੀ ਗਿਆਨ ਸਿੰਘ ਰਾੜੇਵਾਲਾ ਦੇ ਭਾਣਜੇ ਨੂੰ ਟਿਕਟ ਮਿਲੀ ਤਾਂ ਸਿੱਖ ਸਿਆਸਤ ਵਿੱਚ ਹੰਗਾਮਾ ਮੱਚ ਗਿਆ। "ਮਾਮਾ-ਭਾਣਜਾ ਸਰਕਾਰ" ਦਾ ਤੰਜ ਕੇਵਲ ਰਾਜਨੀਤਿਕ ਵਿਰੋਧ ਨਹੀਂ ਸੀ, ਸਗੋਂ ਇੱਕ ਸਪੱਸ਼ਟ ਸੁਨੇਹਾ ਸੀ ਕਿ ਪੰਥਕ ਸਿਆਸਤ ਵਿੱਚ ਰਿਸ਼ਤੇਦਾਰੀ ਨੂੰ ਕਬੂਲ ਨਹੀਂ ਕੀਤਾ ਜਾਵੇਗਾ। ਉਸ ਸਮੇਂ ਲੋਕਾਂ ਦਾ ਮੰਨਣਾ ਸੀ ਕਿ ਜਿਹੜਾ ਆਗੂ ਆਪਣੇ ਪਰਿਵਾਰ ਨੂੰ ਅੱਗੇ ਕਰਦਾ ਹੈ, ਉਹ ਪੰਥ ਦੀ ਸੇਵਾ ਨਹੀਂ, ਆਪਣਾ ਘਰ ਭਰ ਰਿਹਾ ਹੈ।



ਪੰਜਾਬੀ ਸੂਬਾ ਮੋਰਚੇ ਨੇ ਵੀ ਪਰਿਵਾਰਵਾਦ ਨੂੰ ਵਧਣ ਨਹੀਂ ਦਿੱਤਾ। ਕਾਰਨ ਸਪੱਸ਼ਟ ਸੀ ਕਿ ਮੋਰਚਿਆਂ ਵਿੱਚ ਲਾਠੀਆਂ ਖਾਣੀਆਂ ਪੈਂਦੀਆਂ ਸਨ, ਜੇਲ੍ਹਾਂ ਵਿੱਚ ਜਾਣਾ ਪੈਂਦਾ ਸੀ, ਕੁਰਬਾਨੀਆਂ ਦੇਣੀਆਂ ਪੈਂਦੀਆਂ ਸਨ। ਉੱਥੇ ਉਹ ਲੋਕ ਨਹੀਂ ਆਉਂਦੇ ਜੋ ਸਿਰਫ਼ ਸੱਤਾ ਦੀ ਮਲਾਈ ਖਾਣ ਲਈ ਸਿਆਸਤ ਕਰਦੇ ਹਨ। ਉਹ ਤਾਂ ਹਮੇਸ਼ਾ ਤਿਆਰ ਮੇਜ਼ 'ਤੇ ਬੈਠਣ ਦੇ ਆਦੀ ਹੁੰਦੇ ਹਨ, ਮੋਰਚਿਆਂ ਦੀ ਧੂੜ ਫੱਕਣ ਦੇ ਨਹੀਂ।

ਪਰ ਜਿਵੇਂ ਹੀ ਪੰਜਾਬੀ ਸੂਬਾ ਬਣਿਆ, ਸਿਆਸਤ ਦਾ ਚਿਹਰਾ ਬਦਲਣਾ ਸ਼ੁਰੂ ਹੋ ਗਿਆ।

1967 ਵਿੱਚ ਪ੍ਰਕਾਸ਼ ਸਿੰਘ ਬਾਦਲ ਆਪਣੇ ਭਰਾ ਗੁਰਦਾਸ ਬਾਦਲ ਨੂੰ ਵਿਧਾਨ ਸਭਾ ਵਿੱਚ ਲਿਆਉਣ ਵਿੱਚ ਕਾਮਯਾਬ ਰਹੇ। ਇਹ ਸ਼ਾਇਦ ਕੋਈ ਵੱਡੀ ਘਟਨਾ ਨਾ ਲੱਗੇ, ਪਰ ਇਤਿਹਾਸ ਅਕਸਰ ਛੋਟੇ ਕਦਮਾਂ ਨਾਲ ਹੀ ਦਿਸ਼ਾ ਬਦਲਦਾ ਹੈ। ਉਸ ਦਿਨ ਇੱਕ ਟਿਕਟ ਦਿੱਤੀ ਗਈ ਸੀ, ਪਰ ਅਸਲ ਵਿੱਚ ਇੱਕ ਨਵੀਂ ਪਰੰਪਰਾ ਦੀ ਸ਼ੁਰੂਆਤ ਹੋਈ ਸੀ। ਉਸ ਦਿਨ ਬਾਦਲਕਿਆਂ ਨੇ ਪਰਿਵਾਰਵਾਦ ਦਾ ਬੂਟਾ ਲਗਾ ਦਿੱਤਾ ਸੀ। ਫਿਰ ਹੌਲੀ-ਹੌਲੀ ਅਕਾਲੀ ਸਿਆਸਤ ਵਿੱਚ ਇੱਕ ਨਵਾਂ ਸਿਧਾਂਤ ਜਨਮ ਲੈਣ ਲੱਗਾ ਕਿ ਪਹਿਲਾਂ ਪਰਿਵਾਰ, ਫਿਰ ਪਾਰਟੀ।

1977 ਤੋਂ ਬਾਅਦ ਵੱਖ-ਵੱਖ ਧੜਿਆਂ ਦੇ ਆਗੂਆਂ ਨੇ ਆਪਣੇ ਭਰਾ, ਪੁੱਤਰ, ਪਤਨੀਆਂ ਅਤੇ ਰਿਸ਼ਤੇਦਾਰਾਂ ਨੂੰ ਅੱਗੇ ਲਿਆਉਣਾ ਸ਼ੁਰੂ ਕੀਤਾ। ਜਿਹੜੀ ਗੱਲ ਕਦੇ ਸ਼ਰਮ ਦੀ ਮੰਨੀ ਜਾਂਦੀ ਸੀ, ਉਹ ਹੁਣ ਸਿਆਸੀ ਚਤੁਰਾਈ ਸਮਝੀ ਜਾਣ ਲੱਗੀ। ਇਥੋਂ ਹੀ ਅਕਾਲੀ ਦਲ ਦਾ ਪਤਨ ਸ਼ੁਰੂ ਹੋ ਗਿਆ ਸੀ।

ਸਵਾਲ ਇਹ ਹੈ ਕਿ ਜੇ ਇੱਕ ਵਰਕਰ ਨੇ ਤੀਹ ਸਾਲ ਜਥੇਬੰਦੀ ਲਈ ਕੰਮ ਕੀਤਾ ਹੋਵੇ ਅਤੇ ਟਿਕਟ ਉਸ ਨੂੰ ਨਾ ਮਿਲ ਕੇ ਕਿਸੇ ਆਗੂ ਦੇ ਪੁੱਤਰ ਨੂੰ ਮਿਲ ਜਾਵੇ ਤਾਂ ਉਸ ਵਰਕਰ ਦਾ ਪਾਰਟੀ ਉੱਤੇ ਭਰੋਸਾ ਕਿਵੇਂ ਕਾਇਮ ਰਹੇ?

1985 ਤੋਂ ਬਾਅਦ ਇਹ ਰੁਝਾਨ ਹੋਰ ਖੁੱਲ੍ਹ ਕੇ ਸਾਹਮਣੇ ਆਇਆ। ਅਕਾਲੀ ਸਿਆਸਤ ਵਿੱਚ "ਕਾਕਾਵਾਦ" ਸ਼ਬਦ ਚਰਚਾ ਵਿੱਚ ਆਇਆ। ਹੁਣ ਸਿਰਫ਼ ਆਗੂ ਨਹੀਂ, ਸਗੋਂ ਆਗੂਆਂ ਦੇ ਪੁੱਤਰ ਵੀ ਸੱਤਾ ਦੇ ਕੇਂਦਰ ਬਣਨ ਲੱਗੇ। ਇਹ ਉਹ ਦੌਰ ਸੀ ਜਦੋਂ ਜਥੇਬੰਦੀ ਦੀ ਥਾਂ ਖ਼ਾਨਦਾਨਾਂ ਨੇ ਲੈਣੀ ਸ਼ੁਰੂ ਕੀਤੀ।

ਪਰ ਅਸਲ ਮੋੜ 1990ਵਿਆਂ ਦੇ ਅੰਤ ਵਿੱਚ ਆਇਆ। ਖਾੜਕੂਵਾਦ ਤੋਂ ਬਾਅਦ ਅਕਾਲੀ ਦਲ ਇੱਕ ਵਾਰ ਫਿਰ ਮਜ਼ਬੂਤ ਹੋ ਕੇ ਉਭਰਿਆ। ਇਹ ਉਹ ਸਮਾਂ ਸੀ ਜਦੋਂ ਪਾਰਟੀ ਨੂੰ ਲੋਕਤੰਤਰੀ ਅਤੇ ਜਥੇਬੰਦੀ ਢਾਂਚੇ ਵੱਲ ਲੈ ਜਾਇਆ ਜਾ ਸਕਦਾ ਸੀ। ਪਰ ਇਸ ਦੇ ਉਲਟ ਸੱਤਾ ਦਾ ਕੇਂਦਰੀਕਰਨ ਵਧਦਾ ਗਿਆ। ਟਿਕਟਾਂ ਦੀ ਵੰਡ, ਸੰਸਦੀ ਸੀਟਾਂ, ਮੰਤਰੀ ਅਹੁਦੇ, ਬੋਰਡਾਂ-ਕਾਰਪੋਰੇਸ਼ਨਾਂ ਦੀਆਂ ਨਿਯੁਕਤੀਆਂ, ਸਭ ਕੁਝ ਹੌਲੀ-ਹੌਲੀ ਇੱਕ ਹੀ ਘੇਰੇ ਵਿੱਚ ਸਿਮਟਦਾ ਗਿਆ।

ਇੱਥੋਂ ਅਕਾਲੀ ਦਲ ਇੱਕ ਪੰਥਕ ਜਥੇਬੰਦੀ ਤੋਂ ਸਿਆਸੀ ਕਾਰਪੋਰੇਸ਼ਨ ਵਿੱਚ ਬਦਲਦਾ ਦਿਖਾਈ ਦਿੱਤਾ। ਸਭ ਤੋਂ ਵੱਡਾ ਨੁਕਸਾਨ ਇਹ ਨਹੀਂ ਸੀ ਕਿ ਰਿਸ਼ਤੇਦਾਰਾਂ ਨੂੰ ਟਿਕਟਾਂ ਮਿਲੀਆਂ। ਸਭ ਤੋਂ ਵੱਡਾ ਨੁਕਸਾਨ ਇਹ ਸੀ ਕਿ ਹਜ਼ਾਰਾਂ ਨਿਸ਼ਕਾਮ ਵਰਕਰਾਂ ਨੂੰ ਇਹ ਸੁਨੇਹਾ ਗਿਆ ਕਿ ਪਾਰਟੀ ਵਿੱਚ ਉਨ੍ਹਾਂ ਦੀ ਵਫ਼ਾਦਾਰੀ ਨਾਲੋਂ ਵੱਧ ਕੀਮਤ ਕਿਸੇ ਦੇ ਖ਼ਾਨਦਾਨ ਦੀ ਹੈ।

ਜਦੋਂ ਕਿਸੇ ਜਥੇਬੰਦੀ ਵਿੱਚ ਯੋਗਤਾ ਦੀ ਥਾਂ ਵਿਰਾਸਤ, ਸੇਵਾ ਦੀ ਥਾਂ ਸਰਨੇਮ ਅਤੇ ਸੰਘਰਸ਼ ਦੀ ਥਾਂ ਰਿਸ਼ਤੇਦਾਰੀ ਫ਼ੈਸਲੇ ਕਰਨ ਲੱਗੇ ਤਾਂ ਉਸ ਜਥੇਬੰਦੀ ਦਾ ਪਤਨ ਸ਼ੁਰੂ ਹੋ ਜਾਂਦਾ ਹੈ। ਅੱਜ ਅਕਾਲੀ ਦਲ ਦੀ ਹਾਲਤ ਬਾਰੇ ਬਹੁਤ ਚਰਚਾ ਹੁੰਦੀ ਹੈ। ਕੋਈ ਇਸ ਲਈ ਵਿਰੋਧੀਆਂ ਨੂੰ ਦੋਸ਼ ਦਿੰਦਾ ਹੈ, ਕੋਈ ਸਮੇਂ ਨੂੰ। ਪਰ ਸੱਚ ਇਹ ਹੈ ਕਿ ਜਦੋਂ ਪਾਰਟੀ ਦੇ ਦਰਵਾਜ਼ੇ ਵਰਕਰਾਂ ਲਈ ਬੰਦ ਅਤੇ ਪਰਿਵਾਰਾਂ ਲਈ ਖੁੱਲ੍ਹ ਜਾਂਦੇ ਹਨ ਤਾਂ ਪਾਰਟੀਆਂ ਬਾਹਰੋਂ ਨਹੀਂ, ਅੰਦਰੋਂ ਖ਼ਤਮ ਹੁੰਦੀਆਂ ਹਨ। ਸ਼੍ਰੋਮਣੀ ਅਕਾਲੀ ਦਲ ਨੂੰ ਕੁੜਮਾਂ ਦੀ ਸਰਕਾਰ ਵੀ ਕਿਹਾ ਜਾਂਦਾ ਰਿਹਾ ਹੈ। ਜਦੋਂ ਅਕਾਲੀ ਦਲ ਤੇ ਭਾਜਪਾ ਗਠਜੋੜ ਦੀ ਸਰਕਾਰ ਸਮੇਂ ਬੇਅਦਬੀ ਮੁਹਿੰਮ ਸ਼ੁਰੂ ਹੋਈ। ਉਸਨੂੰ ਠੱਲ੍ਹ ਪਾਉਣ ਦੀ ਵਜਾਏ ਉਦੋਂ ਦੀ ਸਰਕਾਰ ਨੇ ਚੁੱਪ ਵੱਟੀ ਰੱਖੀ। ਆਪਣੇ ਪਿਤਾ ਜੀ ਦੀ ਫਿਲਮ ਦੇ ਪੋਸਟਰ ਬਚਾਉਣ ਲਈ ਪੁਲਿਸ ਦਾ ਸਹਾਰਾ ਲਿਆ। ਜਦੋਂ ਵਿਧਾਨ ਸਭਾ ਦੀਆਂ ਚੋਣਾਂ ਪੰਜਾਬ ਦੇ ਲੋਕਾਂ ਨੇ ਅਕਾਲੀ ਦਲ ਨੂੰ ਪੰਜੀ ਦਾ ਭੌਣ ਦਿਖਾਇਆ ਤਾਂ ਹੁਣ ਸੁਖਬੀਰ ਬਾਦਲ ਤਰਲੋ ਮੱਛੀ ਹੋ ਰਿਹਾ ਹੈ ਕਿ ਮੁੱਖ ਮੰਤਰੀ ਦੀ ਕੁਰਸੀ ਨੂੰ ਹੱਥ ਕਿਵੇਂ ਪਵੇ। ਉਧਰ ਬੇਅਦਬੀ ਦੀਆਂ ਫਾਇਲਾਂ ਖੁੱਲਣ ਨਾਲ ਅਕਾਲੀ ਦਲ ਦੇ ਆਗੂਆਂ ਦੀ ਨੀਂਦ ਗੁਆਚ ਗਈ ਹੈ। ਉਹਨਾਂ ਨੂੰ ਮਾੜੇ ਤੇ ਭੈੜੇ ਸੁਪਨੇ ਦਿਨ ਵੇਲੇ ਆ ਰਹੇ ਹਨ।

ਕਹਿੰਦੇ ਹਨ ਕਿ ਇਤਿਹਾਸ ਦਾ ਫ਼ੈਸਲਾ ਬਹੁਤ ਸਖ਼ਤ ਹੁੰਦਾ ਹੈ। ਉਹ ਕਿਸੇ ਆਗੂ ਦੀ ਤਾਕਤ ਨਹੀਂ ਦੇਖਦਾ, ਸਗੋਂ ਇਹ ਦੇਖਦਾ ਹੈ ਕਿ ਉਸ ਨੇ ਜਥੇਬੰਦੀ ਨੂੰ ਵਿਰਾਸਤ ਬਣਾਇਆ ਜਾਂ ਜਗੀਰ। ਹੁਣ ਤਾਂ ਸ਼੍ਰੋਮਣੀ ਅਕਾਲੀ ਦਲ ਕੇਵਲ ਇੱਕ ਦੀ ਗੁਲਾਮ ਬਣ ਕੇ ਰਹਿ ਗਈ ਹੈ। ਇਸ ਦੇ ਨਤੀਜੇ ਸਾਹਮਣੇ ਆ ਚੁੱਕੇ ਹਨ। ਅਗਲੇ ਸਮਿਆਂ ਵਿੱਚ ਹੋਰ ਕੀ ਹੋਵੇਗਾ ਇਹ ਤਾਂ ਪਤਾ ਨਹੀਂ ਪਰ ਹਾਲਾਤ ਮਾੜੇ ਨਜ਼ਰ ਆਉਂਦੇ ਹਨ।

ਬੁੱਧ ਬਾਣ

"ਅਕਾਲੀ ਦਲ ਦੀ ਤਾਕਤ ਉਸ ਵੇਲੇ ਸਭ ਤੋਂ ਵੱਧ ਸੀ ਜਦੋਂ ਇਹ ਸੰਗਤ ਦੀ ਜਥੇਬੰਦੀ ਸੀ; ਇਸ ਦੀ ਕਮਜ਼ੋਰੀ ਉਸ ਵੇਲੇ ਸ਼ੁਰੂ ਹੋਈ ਜਦੋਂ ਇਹ ਕੁਝ ਘਰਾਂ ਦੀ ਵਿਰਾਸਤ ਬਣਨ ਲੱਗੀ। ਜਥੇਬੰਦੀ ਜਦੋਂ ਜਗੀਰ ਬਣ ਜਾਵੇ ਤਾਂ ਝੰਡੇ ਤਾਂ ਰਹਿ ਜਾਂਦੇ ਹਨ, ਪਰ ਕਾਫ਼ਲੇ ਖ਼ਤਮ ਹੋ ਜਾਂਦੇ ਹਨ।"

## (ਨਾ ਕਾਹੂੰ ਸੇ ਦੋਸਤੀ ਨਾ ਕਾਹੂੰ ਸੇ ਵੈਰ)

# ਜਦੋਂ ਕਾਕਰੋਚ ਤੇ ਝਾੜੂ ਸੁੱਤੇ ਪਏ ਰਹਿ ਗਏ !



ਹਾਲਾਂਕਿ ਮੈਂ ਇੱਕ ਛੋਟਾ ਜਿਹਾ ਲਿਖਾਰੀ ਹਾਂ ਤੇ ਕੁਝ ਨਾ ਕੁਝ ਸਮੇਂ ਮੁਤਾਬਿਕ ਲਿਖਦਾ ਰਹਿੰਦਾ ਹਾਂ ਜਦੋਂ ਕਵਿਤਾ, ਗੀਤ, ਨਾਟਕ ਆਪਣੇ ਹੱਥ ਖੜ੍ਹੇ ਕਰ ਜਾਣ ਤਾਂ ਮੈਂ ਵਾਰਤਕ ਲਿਖਦਾ ਹਾਂ।

ਵਾਰਤਕ ਜੋ ਨਿਰੀ ਦਿਮਾਗ਼ ਦੀ ਖੇਡ ਹੈ ਤੇ ਕਈ ਵਾਰ ਤਾਂ ਦਿਮਾਗ਼ ਵੀ ਖ਼ਰਾਬ ਕਰ ਦਿੰਦੀ ਹੈ ਪਰ ਜਦੋਂ ਇਸ ਵਿਚ ਜਜ਼ਬਾਤ ਜੁੜ ਜਾਂਦੇ ਹਨ ਤਾਂ ਫ਼ਿਰ ਧਮਾਕਾ ਹੁੰਦਾ ਹੈ, ਨਿਰਾ ਵਿਸਫੋਟ।

ਅੱਜ ਕੱਲ੍ਹ ਕਾਕਰੋਚ ਪਾਰਟੀ ਦੁਆਰਾ ਦਿੱਲੀ ਦੇ ਜੰਤਰ ਮੰਤਰ ਤੇ ਇਸ ਲਈ ਧਰਨਾ ਦਿੱਤਾ ਜਾ ਰਿਹਾ ਹੈ ਕਿ ਭਾਜਪਾ ਦੀ ਸਰਕਾਰ ਦੇ ਵੇਲੇ ਧੜਾ ਧੜ ਪੇਪਰ ਲੀਕ ਹੋ ਰਹੇ ਹਨ, ਸੱਚ ਵੀ ਹੈ। ਇਸ ਕਰ ਕੇ ਹਿੰਦੋਸਤਾਨ ਦੇ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਨੂੰ ਆਪਣੀ ਪੋਸਟ ਤੋਂ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ।

ਬਿਨਾਂ ਸ਼ੱਕ ਰਿਜਾਇਨ ਕਰ ਦੇਣਾ ਚਾਹੀਦਾ ਸੀ, ਬਹੁਤ ਦੇਰ ਹੋ ਗਈ ਪਰ ਇਹ ਕਿਹੜਾ ਲਾਲ ਬਹਾਦਰ ਸ਼ਾਸਤਰੀ ਹੈ ਜਿਹੜਾ ਇੱਕ ਟ੍ਰੇਨ ਦੇ ਐਕਸੀਡੈਂਟ ਤੋਂ ਬਾਅਦ ਰੇਲ ਮੰਤਰੀ ਤੋਂ ਤੁਰੰਤ ਅਸਤੀਫ਼ਾ ਦੇ ਦੇਵੇ।

ਅੱਜ ਦੇ ਲੀਡਰਾਂ ਦੀ ਜ਼ਹਿਨੀਅਤ ਮਰ ਚੁੱਕੀ ਹੈ।

ਹੁਣ ਆਉਂਦਾ ਹਾਂ ਮੈਂ ਉਸ ਗੱਲ ਵੱਲ ਜਿਸ ਦਾ ਕੋਈ ਵੀ ਕਾਕਰੋਚ, ਝਾੜੂ ਵਾਲਾ ਜ਼ਿਕਰ ਤੱਕ ਨਹੀਂ ਕਰ ਰਿਹਾ।

ਝਾੜੂ ਵਾਲੇ ਤੇ ਹੋਰ ਵਿਰੋਧੀ ਪਾਰਟੀਆਂ ਇਕੱਠੀਆਂ ਹੋ ਕੇ ਉਸ ਕੁਰਸੀ ਨੂੰ ਰੋ ਰਹੀਆਂ ਹਨ ਜਿਹੜੀ ਉਹਨਾਂ ਨੂੰ ਪਿਛਲੇ 12 ਸਾਲਾਂ ਤੋਂ ਨਸੀਬ ਨਹੀਂ ਹੋ ਰਹੀ ਤੇ ਸ਼ਾਇਦ ਤਿੰਨ ਸਾਲ ਤੋਂ ਹੋਰ ਇੰਤਜ਼ਾਰ ਕਰਨਾ ਹੀ ਪਵੇਗਾ ਉਸ ਤੋਂ ਬਾਅਦ ਵੀ ਕੋਈ ਉਮੀਦ ਨਹੀਂ ਲੱਗਦੀ।

ਗੱਲ ਮਨਮੋਹਨ ਸਿੰਘ ਸਰਕਾਰ ਵੇਲੇ ਦੀ। ਬੇਟਾ ਪੂਨੇ ਕਿਸੇ ਕੰਪਨੀ ਵਿਚ ਇੰਜੀਨੀਅਰ ਲੱਗਿਆ ਹੋਇਆ ਸੀ। ਮੈਂ ਚਾਹੁੰਦਾ ਸੀ ਕਿ ਉਹ ਕੋਈ ਕੰਪੀਟੀਸ਼ਨ ਲੜ ਕੇ ਸੈਂਟਰ ਜਾਂ ਸਟੇਟ ਦੀ ਨੌਕਰੀ ਵਿਚ ਆ ਜਾਵੇ, ਇਸ ਨਾਲ ਉਹ ਜਿੱਥੇ ਨਜ਼ਦੀਕ ਵੀ ਰਹੇਗਾ ਤੇ ਪ੍ਰਾਈਵੇਟ ਕੰਪਨੀ ਤੋਂ ਸਰਕਾਰੀ ਨੌਕਰੀ ਵਿਚ ਆ ਜਾਵੇਗਾ।

ਉਸ ਨੇ ਮੇਰੇ ਕਹਿਣ ਤੇ ਕੰਬਾਈਡ ਗ੍ਰੈਜੂਏਟ ਲੈਵਲ ਐੱਸ ਐੱਸ ਸੀ ਦਾ ਪੇਪਰ ਦਿੱਤਾ ਤੇ ਉਸ ਦਾ ਰੈਂਕ ਇੰਸਪੈਕਟਰ ਇਨਕਮ ਟੈਕਸ ਦੇ ਲਈ ਪਹਿਲੀਆਂ ਪੁਜੀਸ਼ਨਾਂ ਵਿੱਚ ਹੀ ਆ ਗਿਆ।

ਪੰਜਾਬ ਵਿੱਚ ਜੇ ਇੱਕ ਵੀ ਇਨਕਮ ਟੈਕਸ ਇੰਸਪੈਕਟਰ ਦੀ ਸ਼ੀਟ ਬਣਦੀ ਸੀ ਤਾਂ ਉਹ ਬੇਟੇ ਨੂੰ ਹੀ ਮਿਲਣੀ ਸੀ ਕਿਉਂਕਿ ਉਸ ਦਾ ਰੈਂਕ ਹੀ ਬਹੁਤ ਅੱਛਾ ਸੀ।

ਅਜੇ ਖੁਸ਼ੀ ਹੀ ਮਨਾਈ ਜਾ ਰਹੀ ਸੀ ਕਿ ਪਤਾ ਲੱਗ ਗਿਆ ਕਿ ਦੇਹਰਾਦੂਨ ਸੈਂਟਰ ਵਿੱਚ ਐੱਸਐੱਸਸੀ ਦਾ ਪੇਪਰ ਲੀਕ ਹੋ ਗਿਆ ਤੇ ਸੁਪਰੀਮ ਕੋਰਟ ਨੇ ਉਹ ਪੇਪਰ ਰੱਦ ਕਰ ਦਿੱਤਾ।

ਬੇਟਾ ਕੰਪਨੀ ਵਿੱਚੋਂ ਰਿਜਾਇਨ ਕਰ ਚੁੱਕਿਆ ਸੀ।

ਮਨ ਉਦਾਸ ਹੋਇਆ ਉਸ ਵੇਲੇ ਕਾਂਗਰਸ ਦੀ ਸਰਕਾਰ ਸੀ। ਉਸ ਵੇਲੇ ਦਾ ਕੋਈ ਕਾਕਰੋਚ, ਕੋਈ ਝਾੜੂ ਅੰਦੋਲਨ ਕਰਨ ਲਈ ਨਹੀਂ ਆਇਆ।

ਬੇਟਾ ਪੇਪਰਾਂ ਦੀ ਤਿਆਰੀ ਵਿਚ ਪੂਰਾ ਫਾਰਮ ਵਿੱਚ ਸੀ।

ਹਾਲਾਂਕਿ ਮੈਂ ਉਦਾਸ ਸੀ ਪਰ ਉਸਨੇ ਹੌਂਸਲਾ ਨਹੀਂ ਸੀ ਛੱਡਿਆ।

ਪੰਜਾਬ ਵਿਚ ਫੂਡ ਇੰਸਪੈਕਟਰ ਦੇ ਪੇਪਰ ਹੋਏ। ਪੰਜਾਬ ਵਿੱਚ ਉਦੋਂ ਵੀ ਕਾਂਗਰਸ ਦੀ ਸਰਕਾਰ ਸੀ। ਬੇਟੇ ਦਾ ਬਹੁਤ ਵਧੀਆ ਰੈਂਕ ਆਇਆ ਸਿਲੈਕਸ਼ਨ ਵੀ ਹੋ ਗਈ ਸਰਟੀਫਿਕੇਟ ਵੀ ਚੈੱਕ ਹੋ ਗਏ, ਸਟੇਸ਼ਨ ਅਲਾਟ ਹੋਣਾ ਸੀ। ਉਸੇ ਦਿਨ ਹੀ ਖ਼ਬਰ ਆ ਗਈ ਕਿ ਇਹ ਪੇਪਰ ਤਾਂ ਪੰਜਾਬ ਦੀ ਇੱਕ ਪ੍ਰਾਈਵੇਟ ਯੂਨੀਵਰਸਿਟੀ ਵਿੱਚ ਸਮੂਹਿਕ ਨਕਲ ਕਰਕੇ ਰੱਦ ਕਰ ਦਿੱਤਾ ਗਿਆ ਹੈ।

ਮਨ ਬਹੁਤ ਉਦਾਸ ਹੋਇਆ ਇਸ ਵਾਰ ਤਾਂ ਬੇਟੇ ਨੂੰ ਵੀ ਸੋਚਣ ਲਈ ਮਜ਼ਬੂਰ ਹੋਣਾ ਪਿਆ।

ਅਸਲ ਵਿੱਚ ਉਹ ਚਾਹੁੰਦਾ ਸੀ ਕਿ ਮੈਂ ਇੱਕ ਨੌਕਰੀ ਜੁਆਇਨ ਕਰ ਕੇ ਅੱਗੇ ਹੋਰ ਯੂਪੀਐੱਸਸੀ ਜਾਂ ਪੀਪੀਐੱਸਸੀ ਦੀ ਤਿਆਰੀ ਕਰਾਂ।

ਡਾਇਰੈਕਟਰ ਤੱਕ ਨਾਲ ਗੱਲ ਹੋ ਗਈ ਕਿ ਤੁਸੀਂ ਇੱਕ ਵਾਰ ਨੌਕਰੀ ਜੁਆਇਨ ਕਰ ਲਓ ਉਸ ਤੋਂ ਬਾਅਦ ਲੰਮੀ ਛੁੱਟੀ ਲੈ ਕੇ ਬੱਚਾ ਤਿਆਰੀ ਕਰਦਾ ਰਹੇਗਾ।

ਉਸ ਵਾਰ ਵੀ ਕੋਈ ਕਾਕਰੋਚ ਕੋਈ ਝਾੜੂ ਮੈਦਾਨ ਵਿੱਚ ਨਹੀਂ ਆਇਆ। ਕਿਉਂਕਿ ਇਹ ਬੱਚਿਆਂ ਦੇ ਹਿੱਤ ਦੇ ਲਈ ਨਹੀਂ ਆਪਣੀ ਰਾਜਨੀਤਿਕ ਰੋਟੀਆਂ ਸੇਕਣ ਦੇ ਲਈ ਜੰਤਰ ਮੰਤਰ ਪਹੁੰਚਦੇ ਹਨ। ਉਸ ਤੋਂ ਵੀ ਵੱਧ ਮੌਜੂਦਾ ਸਰਕਾਰ ਹੈ ਜਿਸ ਨੇ ਪੇਪਰ ਲੀਕ ਨੂੰ ਆਪਣੇ ਸਿਰ ਅਜੇ ਤੱਕ ਨਹੀਂ ਲਿਆ ਭਾਵੇਂ ਕੁਝ ਬੰਦੇ ਫੜੇ ਗਏ ਹਨ ਪਰ ਉਸਦੀ ਜ਼ਿੰਮੇਵਾਰੀ ਸਰਕਾਰ ਸਿੱਧੇ ਰੂਪ ਵਿੱਚ ਲੈਣ ਲਈ ਤਿਆਰ ਨਹੀਂ ਤੇ ਨਾ ਹੀ ਮੰਤਰੀ ਸਾਹਿਬ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਨੂੰ ਤਿਆਰ ਹਨ।

ਸ਼ੁਕਰ ਹੈ ਬੱਚੇ ਨੇ ਕੈਟ ਦੇ ਪੇਪਰ ਦੀ ਤਿਆਰੀ ਵੀ ਗੱਡ ਕੇ ਕੀਤੀ ਹੋਈ ਸੀ ਉਸ ਵਿੱਚ ਵੀ ਉਸ ਨੇ ਉੱਪਰਲੇ ਰੈਂਕ ਵਿੱਚ ਆ ਕੇ ਐੱਮਡੀਆਈ ਗੁੜਗਾਓਂ ਤੋਂ ਆਪਣੀ ਐਮਬੀਏ ਦੀ ਪੜ੍ਹਾਈ ਕੀਤੀ ਤੇ ਅੱਜ ਬਹੁਤ ਅੱਛੀ ਕੰਪਨੀ ਵਿੱਚ ਸੀਨੀਅਰ ਮੈਨੇਜਰ ਦੇ ਤੌਰ 'ਤੇ ਕੰਮ ਕਰ ਰਿਹਾ ਹੈ।

ਮੈਨੂੰ ਅੱਜ ਇਹ ਗੱਲ ਲਿਖਣ ਲਈ ਮਜ਼ਬੂਰ ਹੋਣਾ ਪਿਆ ਕਿ ਕੁਝ ਝਾੜੂ ਵਾਲੇ ਤੇ ਕੁਝ ਕਾਕਰੋਚ ਸਿਰਫ਼ ਇਸ ਗੱਲ ਲਈ ਅੰਦੋਲਨ ਕਰ ਰਹੇ ਹਨ ਤੇ ਉਹਨਾਂ ਦੀ ਰਾਜਨੀਤੀ ਕਿਵੇਂ ਚਮਕੇ। ਹਾਲਾਂ ਕਿ ਆਪ ਨੇ ਪੰਜਾਬ ਵਿਚ ਸਾਰੇ ਮੁਲਾਜ਼ਮਾਂ ਨੂੰ ਵਖ਼ਤ ਪਾ ਰੱਖਿਆ ਹੈ।

(ਜਸਪਾਲ ਜੱਸੀ)

## ਜ਼ਿੰਦਗੀ ਦੀ ਰੀਤ

ਪੀਰ ਦੁੱਖਾਂ ਦੀ ਬਦਲ ਦੇਵੇ ਜੀ ਰੀਤ।
ਰਹਿਮਤ ਨਾਲ ਹਾਰ ਕੇ ਜਾਵਾਂ ਜੀ ਜੀਤ ।
ਕੋਈ ਦੁੱਖ ਸੁੱਖ ਵਿੱਚ ਬਣਦਾ ਨਾ ਮੀਤ ।
ਸਾਗਰ 'ਚ ਉਠਦੀਆਂ ਤਰੰਗਾਂ ਤੋਂ ,
ਸੁਣਦੇ ਰਹਿੰਦੇ ਰਹੱਸਮਈ ਜੀ ਸੰਗੀਤ।
ਜ਼ਿੰਦਗੀ ਸੰਘਰਸ਼ ਕਰਦੇ ਜਾਵੇ ਜੀ ਬੀਤ।
ਖਾਲੀ ਹੱਥ ਆਈ ਜਿੰਦੜੀਏ,
ਫਿਰ ਕਿਉਂ ਰੱਖ ਦੀ ਬਦਨੀਤ ।
ਕੁਝ ਪਲਾਂ ਦੀ ਹੁੰਦੀ ਏ, ਹੱਸ ਦੰਦਾਂ ਦੀ ਪ੍ਰੀਤ।
ਫੁੱਲਾਂ ਉੱਪਰ ਭੌਰੇ ਗਾਉਂਦੇ ਜੀ ਗੀਤ ।
ਪੱਛਮੀ ਸੱਭਿਆਚਾਰ ਅਪਨਾਉਣ ਦੀ ,
ਬਣਦੀ ਜਾਵੇ ਚਾਰ ਚੁਫੇਰੇ ਜੀ ਰੀਤ ।
ਮੁੱਠੀ ਵਿੱਚੋਂ ਡਿੱਗਦੀ ਰੇਤ ਵਾਂਗ,
ਵਕਤ ਤੇਜ਼ੀ ਨਾਲ ਜਾਂਦਾ ਜੀ ਬੀਤ।
ਮਾਂ ਬੋਲੀ ਬਣ ਨਾ ਜਾਵੇ ਜੀ ਅਤੀਤ।
ਝੂਠੇ ਜਗ ਦੇ ਦਿਖਾਵਿਆਂ ਦੇ ਵਿੱਚ,
ਇਨਸਾਨ ਗੁਆਉਂਦਾ ਜਾਂਦਾ ਅਸਲੀ ਪ੍ਰੀਤ।
ਨੇਕ ਕਮਾਈ ਨਾਲ ਹੀ ਹੁੰਦੀ ਜੀਵਨ ਜੀਤ।
ਮਿਹਨਤ ਦੇ ਨਾਲ ਜੋ ਹਲ ਵਾਹੁੰਦੇ,
ਉਹ ਖੁਸ਼ੀਆਂ ਦੇ ਹੀ ਗਾਉਂਦੇ ਗੀਤ,
ਸਬਰ ਸੰਤੋਖ ਦੀ ਰੱਖੀਏ ਜੀ ਰੀਤ।

ਪਰਮਬੀਰ ਕੌਰ ਰਿਆੜ






CANADIAN TRUCK TRAINING CENTRE

ਤਸੱਲੀਬਖਸ਼ ਸੇਵਾਵਾਂ ਲਈ

ਹਰਪਾਲ ਸਿੰਘ ਮਾਨ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

## ਬਾਣੀ ਦੇ ਪੱਤਰੇ

# ਮੁੱਕਦੀ ਨਾਹੀਂ ਦਰਦਾਂ ਦੀ ਪੂਣੀ.. !



ਚਰਨਜੀਤ ਭੁੱਲਰ




ਚੰਡੀਗੜ੍ਹ : ਪੰਜਾਬ ਨੇ ਕਾਲੀ ਹਨ੍ਹੇਰੀ ’ਚ ਬਹੁਤ ਕੁਝ ਗੁਆਇਆ। ਅੱਸੀ ਨੱਬੇ ਦੇ ਦਹਾਕੇ ’ਚ ਕਿੰਨੇ ਹੀ ਝੱਖੜ ਝੁੱਲੇ ਪਰ ਪੰਜਾਬ ਨੇ ਗੁਰੂ ਦੀ ਬਾਣੀ ਪ੍ਰਤੀ ਅਦਬ ਤੇ ਆਸਥਾ ਨੂੰ ਨਹੀਂ ਗੁਆਇਆ। ਜਦੋਂ ਵੀ ਸ਼ਰਾਰਤੀ ਤੱਤਾਂ ਨੇ ਪੰਜਾਬ ਦੀ ਦੁਖਦੀ ਰਗ ’ਤੇ ਹੱਥ ਰੱਖਿਆ ਤਾਂ ਪੰਜਾਬੀ ਆਪੇ ਤੋਂ ਬਾਹਰ ਹੋ ਗਏ। ਅੱਜ ਜੋ ਬੇਅਦਬੀ ਦਾ ਮੁੱਦਾ ਗੂੰਜ ਰਿਹਾ ਹੈ, ਉਸ ਦੀ ਜੜ੍ਹ ਅੱਸੀ ਦੇ ਦਹਾਕੇ ’ਚ ਪਈ ਹੈ। ਪਹਿਲਾਂ ਹਿੰਸਾ ਤੇ ਹੁਣ ਸਿਆਸਤ ‘ਪਵਿੱਤਰ ਆਸਥਾ’ ਨੂੰ ਹਥਿਆਰ ਵਜੋਂ ਵਰਤਣ ਲੱਗੀ ਹੈ। ਹਿੰਸਾ ਦੇ ਦੌਰ ’ਚ ਬੇਅਦਬੀ ਮਾਮਲੇ ਘੱਟ ਅਤੇ ਹੁਣ ਸਿਆਸੀ ਦੌਰ ’ਚ ਮਾਮਲੇ ਵਧੇ ਹਨ। ਪਹਿਲਾਂ ਨਜ਼ਰ ਹਿੰਸਕ ਦੌਰ ਦੇ ਦੋ ਦਹਾਕਿਆਂ ’ਤੇ ਜਿਸ ਦੇ ਦੌਰਾਨ ਸਾਲ 1981 ਤੋਂ 1999 ਤੱਕ ਬੇਅਦਬੀ ਦੇ ਕੁੱਲ 129 ਕੇਸ ਦਰਜ ਹੋਏ ਸਨ। ਵਰ੍ਹਾ 1981 ’ਚ ਬੇਅਦਬੀ ਨੂੰ ਲੈ ਕੇ ਇੱਕ ਕੇਸ ਦਰਜ ਹੋਇਆ ਸੀ ਅਤੇ ਉਸ ਦੌਰ ’ਚ ਆਖ਼ਰੀ ਦੋ ਕੇਸ ਸਾਲ 1988 ’ਚ ਦਰਜ ਹੋਏ ਸਨ। ਉਦੋਂ 1982 ’ਚ ਸਭ ਤੋਂ ਵੱਧ 53 ਕੇਸ ਬੇਅਦਬੀ ਦੇ ਦਰਜ ਹੋਏ ਸਨ ਜਦੋਂ ਕਿ 1983 ’ਚ 30 ਅਤੇ 1984 ’ਚ 27 ਕੇਸ ਦਰਜ ਹੋਏ ਸਨ।

1982 ਤੋਂ 1984 ਦੇ ਤਿੰਨ ਵਰ੍ਹਿਆਂ ’ਚ ਹੀ ਸਭ ਤੋਂ ਵੱਧ 110 ਕੇਸ ਬੇਅਦਬੀ ਦੇ ਦਰਜ ਹੋਏ ਸਨ। ਪੰਜਾਬੀਆਂ ’ਚ ਗੁਰੂ ਦਾ ਅਦਬ ਅਤੇ ਪਵਿੱਤਰ ਆਸਥਾ ਨੂੰ ਬਚਾਉਣ ਦੀ ਤੜਫ ਹਮੇਸ਼ਾ ਬਣੀ ਰਹੀ। ਪੰਜਾਬ ’ਚ ਸਾਲ 1988 ਤੋਂ ਲੈ ਕੇ 2015 ਤੱਕ ਬੇਅਦਬੀ ਦਾ ਕੋਈ ਮਾਮਲਾ ਸਾਹਮਣੇ ਨਹੀਂ ਆਇਆ। ਕਰੀਬ 27 ਵਰ੍ਹਿਆਂ ਦੇ ਅਰਸੇ ਮਗਰੋਂ ਪਹਿਲੀ ਜੂਨ 2015 ਨੂੰ ਮੁੜ ਬੇਅਦਬੀ ਦਾ ਮੁੱਢ ਫ਼ਰੀਦਕੋਟ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਬੱਝ ਗਿਆ। ਜਦੋਂ ਪੁਰਾਣੇ ਸਮਿਆਂ ’ਤੇ ਝਾਤ ਮਾਰਦੇ ਹਾਂ ਤਾਂ ਅਪਰੇਸ਼ਨ ਬਲ਼ੂ ਸਟਾਰ ਨੂੰ ਸਭ ਤੋਂ ਵੱਡੀ ਬੇਅਦਬੀ ਵਜੋਂ ਦੇਖਿਆ ਜਾਂਦਾ ਹੈ ਜਿਸ ’ਚ ਪਵਿੱਤਰ ਅਸਥਾਨ ’ਤੇ ਹਮਲਾ ਅਤੇ ਸਿੱਖ ਰੈਫਰੈਂਸ ਲਾਇਬ੍ਰੇਰੀ ਦੇ ਅਗਨ ਭੇਟ ਹੋਣ ਦੀ ਘਟਨਾ ਵੀ ਸ਼ਾਮਲ ਹੈ। ਉਸ ਦੌਰ ’ਚ ਮਾਝੇ ਤੇ ਦੁਆਬੇ ਦੇ ਕਈ ਸ਼ਹਿਰਾਂ ’ਚ ਸ਼ਰਾਰਤੀ ਤੱਤਾਂ ਨੇ ਵੱਖ ਵੱਖ ਫ਼ਿਰਕਿਆਂ ਦੇ ਧਾਰਮਿਕ ਅਸਥਾਨਾਂ ਕੋਲ ਇਤਰਾਜ਼ਯੋਗ ਵਸਤਾਂ ਸੁੱਟ ਕੇ ਬਾਬੇ ਨਾਨਕ ਦੇ ਸਾਂਝੇ ਲੰਗਰ ’ਚ ਬੈਠਣ ਵਾਲਿਆਂ ’ਚ ਨਫ਼ਰਤ ਭਰਨ ਦੀ ਕੋਸ਼ਿਸ਼ ਕੀਤੀ। ਜਿੱਥੇ ਉਹ ਇੱਕ ਦੂਜੇ ਖ਼ਿਲਾਫ਼ ਤਣ ਗਏ, ਉੱਥੇ ਨਫਰਤੀ ਉਬਾਲ ’ਤੇ ਸਾਂਝ ਦਾ ਛਿੱਟਾ ਦੇਣ ਵਾਲੇ ਵੀ ਕੁੱਦੇ ਸਨ।

ਮਲੇਰਕੋਟਲਾ ’ਚ 1980 ’ਚ ਅਜਿਹੀ ਹੀ ਇੱਕ ਘਟਨਾ ਵਾਪਰੀ ਸੀ। ‘ਸਾਕਾ ਨਕੋਦਰ’ ਨੂੰ ਹਿੰਸਾ ਦੇ ਦੌਰ ਦੀ ਵੱਡੀ ਘਟਨਾ ਵਜੋਂ ਦੇਖਿਆ ਜਾਂਦਾ ਹੈ। ਨਕੋਦਰ ’ਚ 2 ਫਰਵਰੀ 1986 ਨੂੰ ਸ਼ਰਾਰਤੀ ਅਨਸਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਅਗਨ ਭੇਟ ਕਰ ਦਿੱਤੇ ਸਨ। ਜਦੋਂ ਸਿੱਖ ਸੰਗਤ ਇਨ੍ਹਾਂ ਸਰੂਪਾਂ ਨੂੰ ਮਰਯਾਦਾ ਅਨੁਸਾਰ ਸ੍ਰੀ ਗੋਇੰਦਵਾਲ ਸਾਹਿਬ ਲਿਜਾਣ ਲੱਗੀ ਤਾਂ ਸੁਰੱਖਿਆ ਬਲਾਂ ਨੇ ਅੰਨ੍ਹੇਵਾਹ ਗੋਲੀ ਚਲਾ ਦਿੱਤੀ ਜਿਸ ਦੇ ਵਜੋਂ ਚਾਰ ਨੌਜਵਾਨ ਸ਼ਹੀਦ ਹੋ ਗਏ। ਬਾਅਦ ’ਚ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਬਣਿਆ ਅਤੇ ਰਿਪੋਰਟ ਵੀ ਨਸ਼ਰ ਹੋਈ। ਅੱਜ ਵੀ ਉਸ ਘਟਨਾ ਦਾ ਇਨਸਾਫ਼ ਅਧੂਰਾ ਹੈ। ਜਦੋਂ ਧਾਰਮਿਕ ਅਸਥਾਨਾਂ ’ਚ ਸੁਰੱਖਿਆ ਬਲ ਬੂਟਾਂ ਸਮੇਤ ਪੈਰ ਰੱਖਦੇ ਸਨ ਤਾਂ ਪੰਜਾਬ ਦੇ ਲੋਕਾਂ ਨੂੰ ਇੰਜ ਲੱਗਦਾ ਸੀ ਕਿ ਜਿਵੇਂ ਉਨ੍ਹਾਂ ਦੀ ਆਤਮਾ ’ਤੇ ਪੈਰ ਰੱਖਿਆ ਗਿਆ ਹੋਵੇ। ਉਸ ਵਕਤ ਭਾਈਚਾਰੇ ਨੂੰ ਤਾਰ ਤਾਰ ਕਰਨ ਦੇ ਕਿੰਨੇ ਹੀ ਯਤਨ ਹੋਏ। ਪੰਜਾਬ ’ਚ 27 ਸਾਲਾਂ ਮਗਰੋਂ ਮੁੜ ਗੁਰੂ ਦੀ ਬਾਣੀ ਦੇ ਪੱਤਰੇ ਤਾਰ ਤਾਰ ਕਰ ਦਿੱਤੇ ਗਏ। ਸਾਲ 2015 ’ਚ ਗੁਰੂ ਦੀ ਬਾਣੀ ਬਰਗਾੜੀ ਦੀਆਂ ਗਲੀਆਂ ’ਚ ਰੁਲ ਗਈ। ਪੰਜਾਬ ਮੁੜ ਉਬਾਲ ਖਾ ਗਿਆ। ਕਰੀਬ 11 ਸਾਲ ਬੀਤ ਚੁੱਕੇ ਹਨ ਕਿ ਬੇਅਦਬੀ ਦਾ ਨਿਆਂ ਹਾਲੇ ਤੱਕ ਨਹੀਂ ਮਿਲਿਆ। ਹੁਣ ਸਿਆਸਤ ਆਸਥਾ ਨੂੰ ਵੋਟਾਂ ਦੀ ਮੰਡੀ ’ਚ ਨਿਲਾਮ ਕਰ ਰਹੀ ਹੈ। ਹਰ ਛੋਟੀ ਵੱਡੀ ਚੋਣ ’ਚ ਬੇਅਦਬੀ ਦਾ ਹੁਣ ਵੱਡਾ ਮੁੱਦਾ ਬਣ ਗਿਆ। ਸਾਲ 2015 ਦੇ ਵਰ੍ਹੇ ਨੇ ਸਭ ਨੂੰ ਪਿੱਛੇ ਛੱਡ ਦਿੱਤਾ ਜਦੋਂ ਇੱਕੋ ਸਾਲ ’ਚ ਬੇਅਦਬੀ ਦੇ 65 ਮਾਮਲੇ ਦਰਜ ਹੋਏ ਸਨ। ਪੰਜਾਬ ਪੁਲੀਸ ਨੇ ਜੂਨ 2015 ਤੋਂ ਦਸੰਬਰ 2025 ਤੱਕ 597 ਬੇਅਦਬੀ ਦੇ ਕੇਸ ਦਰਜ ਕੀਤੇ ਹਨ। ਹੁਣ ਕੋਈ ਵਰ੍ਹਾ ਵੀ ਸੁੱਕਾ ਨਹੀਂ ਲੰਘਦਾ। ‘ਆਪ’ ਸਰਕਾਰ ਨੇ 13 ਅਪਰੈਲ 2026 ਨੂੰ ਪੰਜਾਬ ਵਿਧਾਨ ਸਭਾ ’ਚ ‘ਜਾਗਤ ਜੋਤ ਸ੍ਰੀ ਗੁਰੂ ਗਰੰਥ ਸਾਹਿਬ ਸਤਿਕਾਰ (ਸੋਧ) ਐਕਟ’ ਬਣਾਇਆ ਜਿਸ ’ਚ ਬੇਅਦਬੀ ਦੇ ਦੋਸ਼ੀਆਂ ਖ਼ਿਲਾਫ਼ ਸਖ਼ਤ ਸਜ਼ਾਵਾਂ ਦੀ ਵਿਵਸਥਾ ਕੀਤੀ ਗਈ। ਪੰਜਾਬ ਚੋਣਾਂ ’ਚ ਸਮਾਂ ਥੋੜ੍ਹਾ ਬਚਿਆ ਹੈ ਜਿਸ ਕਰਕੇ ਬੇਅਦਬੀ ਦਾ ਮੁੱਦਾ ਮੁੜ ਸੂਬੇ ਦੀ ਸਿਆਸਤ ’ਚ ਕੇਂਦਰ ਬਿੰਦੂ ਬਣਨ ਲੱਗਿਆ ਹੈ। ਜਦੋਂ ਤੱਕ ਬੇਅਦਬੀ ਪਿੱਛੇ ਛੁਪੇ ਚਿਹਰੇ ਨੰਗੇ ਨਹੀਂ ਹੋ ਜਾਂਦੇ, ਉਨ੍ਹਾਂ ਸਮਾਂ ਪੰਜਾਬ ਦੇ ਸੀਨੇ ’ਚ ਚੀਸ ਪੈਂਦੀ ਰਹੇਗੀ।

### ਨਿਰੰਕਾਰੀ ਵਿਵਾਦ : 65 ਮਾਮਲੇ ਦਰਜ

ਜਦੋਂ ਕਾਲਾ ਦੌਰ ਚੱਲ ਰਿਹਾ ਸੀ ਤਾਂ ਉਸ ਵਕਤ ਨਿਰੰਕਾਰੀਆਂ ’ਤੇ ਹਮਲੇ ਹੋਣ ਦੇ 65 ਕੇਸ ਦਰਜ ਹੋਏ ਸਨ। ਪੰਜਾਬ ਦੋ ਦਹਾਕੇ ਤੰਦੂਰ ਵਾਂਗ ਜਲਿਆ। ਨਿਰੰਕਾਰੀ ਵਿਵਾਦ ਨੇ ਹਿੰਸਕ ਦੌਰ ਦਾ ਮੁੱਢ ਬੰਨ੍ਹਿਆ। ਨਿਰੰਕਾਰੀ ਮਿਸ਼ਨ ਵੱਲੋਂ ਪ੍ਰਚਾਰੀ ਜਾ ਰਹੀ ‘ਅਵਤਾਰ ਬਾਣੀ’ ਨੂੰ ਸਿੱਖ ਭਾਈਚਾਰੇ ਨੇ ਗੁਰੂ ਸਾਹਿਬਾਨਾਂ ਦੀ ਤੌਹੀਨ ਸਮਝਿਆ। 13 ਅਪਰੈਲ 1978 ਨੂੰ ਹੋਈ ਘਟਨਾ ’ਚ ਸਿੱਖ ਭਾਈਚਾਰੇ ਦੇ 13 ਲੋਕ ਸ਼ਹੀਦ ਹੋ ਗਏ ਜਿਸ ਮਗਰੋਂ 24 ਅਪਰੈਲ 1980 ਨੂੰ ਨਿਰੰਕਾਰੀ ਮਿਸ਼ਨ ਦੇ ਬਾਬਾ ਗੁਰਬਚਨ ਸਿੰਘ ਦੀ ਹੱਤਿਆ ਹੋਈ। ਨਿਰੰਕਾਰੀ ਭਵਨਾਂ ਤੇ ਸਮਾਗਮਾਂ ’ਤੇ ਹਮਲੇ ਵਧ ਗਏ। 1983 ’ਚ ਨਿਰੰਕਾਰੀਆਂ ’ਤੇ ਹਮਲੇ ਦੇ 22 ਅਤੇ ਸਾਲ 1984 ’ਚ 11 ਕੇਸ ਦਰਜ ਹੋਏ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਿਰੰਕਾਰੀਆਂ ਨਾਲ ਕੋਈ ਸਾਂਝ ਨਾ ਰੱਖਣ ਦਾ ਹੁਕਮਨਾਮਾ ਵੀ ਜਾਰੀ ਹੋਇਆ ਸੀ।

### ਬੇਅਦਬੀ ਦੇ ਦਰਜ ਹੋਏ ਮਾਮਲੇ

| ਸਾਲ | ਦਰਜ ਕੇਸ | ਸਾਲ | ਦਰਜ ਕੇਸ |
|---|---|---|---|
| 1982 | 53 | 2015 | 65 |
| 1983 | 30 | 2016 | 54 |
| 1984 | 27 | 2017 | 47 |
| 1985 | 08 | 2018 | 40 |
| 1986 | 05 | 2022 | 80 |
| 1987 | 03 | 2023 | 54 |
| 1988 | 02 | 2024 | 65 |

## ਪਿਆਸ

ਅੱਜ ਤੇਰੇ ਸ਼ਹਿਰ ਵੱਲ,
ਹੋ ਗਿਆ ਏਂ ਮੁੱਖ ਵੇ।
ਮਨ ਚ ਉਦਾਸੀ ਏਂ ਤੇ,
ਬੁੱਲੀਆਂ ਤੇ ਚੁੱਪ ਵੇ।
ਅੱਜ ਤੇਰੇ ਸ਼ਹਿਰ....

ਬਦਲਿਆ ਹਵਾਵਾਂ ਦਾ ਵੀ,
ਲੱਗਦਾ ਏ ਰੁੱਖ ਵੇ।
ਅੱਜ ਤੇਰੇ ਸ਼ਹਿਰ....

ਚਿਰਾਂ ਤੋਂ ਪਿਆਸੀ ਜਾਏਂ,
ਜਿੰਦ ਨਾ ਏਂ ਸੁੱਕ ਵੇ।
ਅੱਜ ਤੇਰੇ ਸ਼ਹਿਰ ਵੱਲ....

ਸਾਉਣ ਦਾ ਮਹੀਨਾ ਏ ਤੇ,
ਪਿਆਰਾ ਵਾਲੀ ਰੁੱਤ ਵੇ।
ਅੱਜ ਤੇਰੇ ਸ਼ਹਿਰ ਵੱਲ....
ਉਡੀਕਦਾ ਤੇ ਹੋਣਾ ਤੂੰ ਵੀ,
ਅੱਡੀਆਂ ਨੂੰ ਚੁੱਕ ਵੇ।
ਅੱਜ ਤੇਰੇ ਸ਼ਹਿਰ ਵੱਲ....

ਕਰਕੇ ਦੀਦਾਰ ਤੇਰੇ,
ਹੋਣਾ ਬੇ ਸੁਰਤ ਵੇ।
ਅੱਜ ਤੇਰੇ ਸ਼ਹਿਰ ਵੱਲ....

ਮਰਜਾਣਿਆਂ ਮਾਹੀ ਮਿਲੇ,
ਮਿਟ ਜਾਵੇ ਭੁੱਖ ਵੇ।
ਮਰਜਾਣਿਆਂ ਮਾਹੀ ਮਿਲੇ,
ਲਹਿ ਜਾਵੇ ਭੁੱਖ ਵੇ।
ਅੱਜ ਤੇਰੇ ਸ਼ਹਿਰ ਵੱਲ....
ਅੱਜ ਤੇਰੇ ਸ਼ਹਿਰ ਵੱਲ....

ਸ਼ਾਇਰ,
ਮਾਹੀ ਮਰਜਾਣਾਂ

## ਪਰੰਪਰਾ ਤੋਂ ਪਾਰ

ਨਾ ਹੱਥਾਂ ਵਿੱਚ ਚੂੜਾ,
ਨਾ ਮੱਥੇ 'ਤੇ ਬਿੰਦੀ,
ਨਾ ਮਾਂਗ ਵਿੱਚ ਸੰਧੂਰ...
ਫਿਰ ਵੀ ਉਹ ਵਿਆਹੀ ਹੈ !
ਵਰਤ ਦੇ ਦਿਨਾਂ ਵਿੱਚ ਵੀ,
ਜਦੋਂ ਉਹ ਬੇਪਰਵਾਹ ਘੁੰਮਦੀ ਹੈ,
ਤਾਂ ਰਵਾਇਤਾਂ ਨੂੰ ਟਕੋਰਦਾ—
ਉਸ ਦਾ ਮੂੰਹ ਖ਼ਾਲੀ ਨਹੀਂ ਹੁੰਦਾ।
ਉਸਨੇ ਖ਼ੁਦ ਨੂੰ ਜੋੜ ਲਿਆ ਹੈ,
ਧਰਮ ਤੋਂ ਕਾਨੂੰਨ ਦੇ ਸਫ਼ਰ ਨਾਲ,
ਨਵੇਂ ਰੰਗਾਂ ਵਿੱਚ ਰੰਗੇ
ਉਸਦੇ ਕਦਮ ਤੁਰ ਪਏ ਨੇ,
ਬਿਨਾਂ ਕਿਸੇ ਹਿਚਕਿਚਾਹਟ ਦੇ।
ਲੋਕ ਲੱਭਦੇ ਨੇ ਉਸ ਵਿੱਚ
ਸਾਹਾਂ ਦੀ ਲੰਮੀ ਉਮਰ ਦੇ ਟੋਟਕੇ,
ਪਰ ਉਹ ਖ਼ੁਦ
ਇੱਕ ਪੂਰੀ ਜ਼ਿੰਦਗੀ ਜੀ ਰਹੀ ਹੈ—
ਬਿਨਾਂ ਕਿਸੇ ਪਹਿਰੇ,
ਬਿਨਾਂ ਕਿਸੇ ਦਿਖਾਵੇ ਦੇ।

ਮੋਹਨ ਬੇਗੋਵਾਲ

# ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਨੇ ਲਗਾਇਆ ਮਸਕੋਕਾ ਏਰੀਏ ਦਾ ਮਨੋਰੰਜਕ ਟੂਰ

## ਫ਼ੈਰੀ ‘ਤੇ ਸਵਾਰ ਹੋ ਕੇ ਹਜ਼ਾਰਾਂ ਕੁਦਰਤੀ ਜਜ਼ੀਰਿਆਂ ਨੂੰ ਨੇੜਿਉਂ ਤੱਕਣ ਦਾ ਲੁਤਫ਼ ਉਠਾਇਆ





ਬਰੈਂਪਟਨ, (ਡਾ.ਝੰਡ): ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ ਕੈਨੇਡਾ ਦੇ ਗਰਮੀਆਂ ਦੇ ਖ਼ੁਸ਼ਗਵਾਰ ਮੌਸਮ ਵਿੱਚ ਜਿੱਥੇ ਵੱਖ-ਵੱਖ ਥਾਵਾਂ ਤੇ ਹੋਣ ਵਾਲੀਆਂ ਦੌੜਾਂ ਅਤੇ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨ ਦੇ ਈਵੈਂਟਾਂ ਵਿੱਚ ਸਰਗ਼ਰਮੀ ਨਾਲ ਭਾਗ ਲੈਂਦੀ ਹੈ, ਉੱਥੇ ਇਸ ਦੇ ਪ੍ਰਬੰਧਕ ਆਪਣੇ ਮੈਂਬਰਾਂ ਦੀ ਸਰੀਰਕ ਸਿਹਤ ਦੇ ਨਾਲ-ਨਾਲ ਮਾਨਸਿਕ ਸਿਹਤ ਦਾ ਵੀ ਖ਼ਿਆਲ ਰੱਖਦਿਆਂ ਹੋਇਆਂ ਉਨ੍ਹਾਂ ਦੇ ਮਨੋਰੰਜਨ ਦਾ ਵੀ ਪੂਰਾ ਖ਼ਿਆਲ ਰੱਖਦੇ ਹਨ। ਇਸ ਮੌਸਮ ਵਿੱਚ ਉਹ ਹਰ ਸਾਲ ਦੋ-ਤਿੰਨ ਵਾਰ ਉਨ੍ਹਾਂ ਨੂੰ ਕੁਦਰਤੀ ਖ਼ੂਬਸੂਰਤੀ ਵਾਲੀਆਂ ਥਾਵਾਂ ਵੇਖਣ ਅਤੇ ਉਨ੍ਹਾਂ ਦਾ ਭਰਪੂਰ ਅਨੰਦ ਮਾਣਨ ਲਈ ਲੈ ਕੇ ਜਾਂਦੇ ਹਨ। ਇਸ ਸਿਲਸਿਲੇ ਵਿੱਚ ਕਲੱਬ ਵੱਲੋਂ ਇਸ ਸਾਲ ਦਾ ਪਹਿਲਾ ਟੂਰ ‘ਮਸਕੋਕਾ’ ਦੇ ਮਨਮੋਹਕ ਏਰੀਏ ਦਾ ਆਯੋਜਿਤ ਕੀਤਾ ਗਿਆ। ਨਿਰਧਾਰਤ ਪ੍ਰੋਗਰਾਮ ਅਨੁਸਾਰ ਕਲੱਬ ਦੇ 43 ਮੈਂਬਰ ਸ਼ਨੀਵਾਰ 18 ਜੁਲਾਈ ਨੂੰ ਸਵੇਰੇ ਸੱਤ ਵਜੇ ਏਅਰਪੋਰਟ ਰੋਡ ਅਤੇ ਕੰਟਰੀਸਾਈਡ ਵਾਲੇ ਪਲਾਜ਼ੇ ਦੀ ਪਾਰਕਿੰਗ ਵਿੱਚ ਪਹੁੰਚ ਗਏ ਜਿੱਥੇ ਖੜੀ ਨਵੀਂ-ਨਕੋਰ ਸਕੂਲ ਬੱਸ ਉਨ੍ਹਾਂ ਦਾ ਇੰਤਜ਼ਾਰ ਕਰ ਰਹੀ ਸੀ। ਖਾਣ-ਪੀਣ ਦਾ ਸਮਾਨ ਬੱਸ ‘ਚ ਟਿਕਾਉਣ ਤੋਂ ਬਾਅਦ ਸਵਾ ਸੱਤ ਵਜੇ ਇਹ ਬੱਸ ਉੱਤਰ ਦਿਸ਼ਾ ‘ਚ ਬੈਰੀ ਵੱਲ ਤੋਰ ਲਈ ਅਤੇ ਰਸਤੇ ਵਿੱਚ ਹਾਈ-ਵੇਅ 11 ਦੇ ਕਿਨਾਰੇ ਇੱਕ ਛੋਟਾ ਜਿਹਾ ਪੜਾਅ ਕਰਨ ਤੋਂ ਬਾਅਦ ਸਵੇਰੇ 10.00 ਵਜੇ ਸਾਰੇ ਮੈਂਬਰ ਮਸਕੋਕਾ ਪਹੁੰਚ ਗਏ। ਬੱਦਲਵਾਈ ਅਤੇ ਨਿੱਕੀ-ਨਿੱਕੀ ਪੈਂਦੀ ਭੂਰ ਨਾਲ ਮੌਸਮ ਬੜਾ ਸੁਹਾਵਣਾ ਹੋ ਗਿਆ ਸੀ ਅਤੇ ਇਸ ਨਾਲ ਸੱਭਨਾਂ ਨੂੰ ਪਿਛਲੇ ਦਿਨੀਂ ਪਈ ਸਖ਼ਤ ਗਰਮੀ ਤੋਂ ਛੁਟਕਾਰਾ ਮਿਲਿਆ ਸੀ। ਸਾਰੇ ਮੈਂਬਰ ਬੜੇ ਖ਼ੁਸ਼ ਨਜ਼ਰ ਆ ਰਹੇ ਸਨ।

ਬੱਸ ‘ਚੋਂ ਉੱਤਰਦਿਆਂ ਬਾਰਸ਼ ਕੁਝ ਤੇਜ਼ ਹੋ ਗਈ ਅਤੇ ਸਾਰੇ ਮੈਂਬਰ ਨੇੜਲੇ ਇੱਕ ਸ਼ੈੱਡ ਹੇਠ ਡੱਠੇ ਬੈਂਚਾਂ ‘ਤੇ ਸੱਜ ਗਏ। ਇੱਥੇ ਸਾਰਿਆਂ ਨੂੰ ਕੁਲਵੰਤ ਗਰੇਵਾਲ ਦੇ ‘ਸੱਬ-ਵੇਅ’ ਦੇ ‘ਸੱਬਾਂ’ ਦਾ ਕੋਲਡ-ਡਰਿੰਕਸ ਨਾਲ ਬਰੇਕਫ਼ਾਸਟ ਕਰਵਾਇਆ ਗਿਆ ਅਤੇ ਇਸ ਦੌਰਾਨ ਕਾਫ਼ੀ ਆਪਸੀ ਗੱਪ-ਸ਼ੱਪ ਚੱਲਦੀ ਰਹੀ। ‘ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ’ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਜੋ ਇਸ ਕਲੱਬ ਦੇ ਮੁੱਖ-ਸਲਾਹਕਾਰ ਤੇ ਨਜ਼ਦੀਕੀ ਸਾਥੀ ਹਨ, ਵੱਲੋਂ ਮੈਂਬਰਾਂ ਨੂੰ ਫ਼ੈਰੀ, ਜਿਸਦੇ ਚੱਲਣ ਦਾ ਸਮਾਂ 11.30 ਵਜੇ ਦਾ ਸੀ, ਦੀਆਂ ਟਿਕਟਾਂ ਤਕਸੀਮ ਕੀਤੀਆਂ ਗਈਆਂ ਅਤੇ ਸਾਰੇ ਮੈਂਬਰ ਫ਼ੈਰੀ ਸਟੇਸ਼ਨ ਵੱਲ ਚੱਲ ਪਏ। ਨਿਰਧਾਰਤ ਸਮੇਂ ‘ਤੇ ਪੂਰੇ 11.30 ਵਜੇ ਫ਼ੈਰੀ ਆਪਣੀ ਮੰਜ਼ਲ ਵੱਲ ਚੱਲ ਪਈ। ਨਿੱਕੀ-ਨਿੱਕੀ ਪੈਂਦੀ ਬਾਰਸ਼ ਵੀ ਬੰਦ ਹੋ ਗਈ ਅਤੇ ਕਲੱਬ ਦੇ ਸਾਰੇ ਮੈਂਬਰ ਫ਼ੈਰੀ ਦੀ ਛੱਤ ‘ਤੇ ਪਹੁੰਚ ਗਏ। ਰਸਤੇ ਵਿੱਚ ਆ ਰਹੇ ਖ਼ੂਬਸੂਰਤ ਆਈਲੈਂਡਜ਼ ਬਾਰੇ ਇਸ ਦੇ ਕੈਪਟਨ ਵੱਲੋਂ ਸਪੀਕਰ ਉੱਪਰ ਸਮੇਂ-ਸਮੇਂ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਸੀ। ਹਜ਼ਾਰਾਂ ਦੀ ਗਿਣਤੀ ਵਿੱਚ ਫ਼ੈਲੇ ਹੋਏ ਵੱਡੇ ਤੇ ਛੋਟੇ ਆਈਲੈਂਡ ਕੁਦਰਤੀ ਨਜ਼ਾਰਿਆਂ ਦੀ ਮਨਮੋਹਕ ਤਸਵੀਰ ਪੇਸ਼ ਕਰ ਰਹੇ ਸਨ, ਜਿਨ੍ਹਾਂ ਨੂੰ ਕਲੱਬ ਦੇ ਮੈਂਬਰ ਆਪਣੇ ਸੈੱਲ-ਕੈਮਰਿਆਂ ਵਿੱਚ ਕੈਦ ਕਰ ਰਹੇ ਸਨ। ਫ਼ੈਰੀ ਦੀ ਛੱਤ ਉੱਪਰ ਪੰਜ-ਪੰਜ, ਸੱਤ-ਸੱਤ ਦੇ ਗਰੁੱਪਾਂ ਵਿੱਚ ਬੈਠੇ ਤੇ ਖੜੇ ਮੈਂਬਰ ਗਰੁੱਪ-ਫ਼ੋਟੋਆਂ ਲੈ ਰਹੇ ਸਨ ਅਤੇ ਮੈਂਬਰਾਂ ਦਾ ਖਾਣ-ਪੀਣ ਦਾ ਸਿਲਸਿਲਾ ਵੀ ਨਾਲੋ-ਨਾਲ ਚੱਲ ਰਿਹਾ ਸੀ। ਸੁਹਾਵਣੇ ਮੌਸਮ ਦੀ ਮਸਤੀ ਵਿੱਚ ਆ ਕੇ ਕਈ ਮੈਂਬਰਾਂ ਨੇ ਭੰਗੜਾ ਪਾਉਣਾ ਸ਼ੁਰੂ ਕਰ ਦਿੱਤਾ, ਜਿਸ ਨੂੰ ਕਲੱਬ ਦੇ ਮੈਂਬਰਾਂ ਤੋਂ ਇਲਾਵਾ ਫ਼ੈਰੀ ਵਿੱਚ ਸਵਾਰ ਹੋਰ ਯਾਤਰੀਆਂ ਨੇ ਵੀ ਖ਼ੂਬ ਮਾਣਿਆਂ। ਸਾਰਿਆਂ ਦੇ ਚਿਹਰੇ ਖਿੜੇ-ਖਿੜੇ ਨਜ਼ਰ ਆ ਰਹੇ ਸਨ।

ਫ਼ੈਰੀ ਦੇ ਰੂਟ ਦਾ ਇਹ ਪੰਧ ਲੱਗਭੱਗ ਢਾਈ ਘੰਟੇ ਦਾ ਸੀ। ਇਸ ਲੰਮੇਂ ਰਸਤੇ ‘ਤੇ ਚੱਲਦਿਆਂ ਅਣਗਿਣਤ ਆਈਲੈਂਡ ਆਏ। ਇਨ੍ਹਾਂ ਵਿੱਚੋਂ ਕੁਝ ਵੱਡੇ ਆਈਲੈਂਡਜ਼ ਉੱਪਰ ਕਈ ਘਰ ਵੱਸੇ ਹੋਏ ਸਨ ਅਤੇ ਕਈ ਛੋਟਿਆਂ ਉੱਪਰ ਕੇਵਲ ਇੱਕ ਘਰ ਹੀ ਸੀ ਅਤੇ ਬਹੁਤੇ ਰਿਹਾਇਸ਼ ਤੋਂ ਸੱਖਣੇ ਹੀ ਸਨ। ਇਨ੍ਹਾਂ ਵਿੱਚੋਂ ਕਈਆਂ ਉੱਪਰ ਕੈਨੇਡਾ ਦੇ ਰਾਸ਼ਟਰੀ ਝੰਡੇ ਝੂਲ ਰਹੇ ਸਨ। ਅਲਬੱਤਾ! ਇਸ ਵਿਸ਼ਾਲ ਮਸਕੋਕਾ ਝੀਲ ਦੇ ਕਿਨਾਰਿਆਂ ‘ਤੇ ਛੋਟੇ-ਛੋਟੇ ਘਰਾਂ ਦੀ ਚੋਖੀ ਗਿਣਤੀ ਸੀ। ਇਨ੍ਹਾਂ ਘਰਾਂ ਵਿੱਚ ਇਹ ਲੋਕ ਦਿਨ-ਰਾਤ ਕੁਦਰਤ ਦੀ ਗੋਦ ਵਿੱਚ ਰਹਿੰਦੇ ਹਨ ਅਤੇ ਕੁਦਰਤ ਦੇ ਇਸ ਸੁਹੱਪਣ ਦਾ ਪੂਰਾ ਅਨੰਦ ਮਾਣਦੇ ਹਨ। ਕਈ ਤਾਂ ਇੱਥੇ ਪੱਕੇ ਨਿਵਾਸੀ ਹਨ ਪਰ ਕਈ ਗਰਮੀਆਂ ਦੇ ਦਿਨਾਂ ਵਿੱਚ ਕਈ ਲੋਕ ਕੁਝ ਸਮੇਂ ਲਈ ਇਹ ਘਰ ਕਿਰਾਏ ‘ਤੇ ਲੈ ਲੈਂਦੇ ਹਨ ਅਤੇ ‘ਕਾਦਰ ਦੀ ਕੁਦਰਤ’ ਨਾਲ ਗੱਲਾਂ ਕਰਦੇ ਹਨ।

ਖ਼ੈਰ, ਆਪਣਾ ਸਫ਼ਰ ਮੁਕਾ ਕੇ ਫ਼ੈਰੀ ਦੋ ਕੁ ਵਜੇ ਆਪਣੀ ਠਹਿਰਨ ਦੀ ਜਗ੍ਹਾ ਪਹੁੰਚ ਗਈ। ਉੱਤਰ ਕੇ ਸਾਰੇ ਮੈਂਬਰ ਆਪਣੀ ਬੱਸ ‘ਚ ਸਵਾਰ ਹੋਏ ਅਤੇ ਸਹਿੰਬੀ ਸਾਹਿਬ ਵੱਲੋਂ ਨਕਸ਼ੇ ਵਿੱਚ ਢੂੰਡੇ ਗਏ ਇੱਕ ਪਾਰਕ ਵੱਲ ਚੱਲ ਪਏ। ਇਹ ਖ਼ੂਬਸੂਰਤ ਪਾਰਕ ਝੀਲ ਦੇ ਕਿਨਾਰੇ ਸੀ। ਇੱਥੇ ਬਣੇ ਵੱਡੇ ਸ਼ੈੱਡ ਹੇਠਾਂ ਆਪਣਾ ਖਾਣ-ਪੀਣ ਦਾ ਸਮਾਨ ਟਿਕਾਇਆ ਅਤੇ ਨਾਲ ਹੀ ਕਲੱਬ ਦੇ ਵਾਲੰਟੀਅਰ ਤਜਿੰਦਰ ਗਰੇਵਾਲ ਨੇ ਲਿਆਂਦੇ ਗਏ ‘ਹਦਵਾਣਿਆਂ’(ਮਤੀਰਿਆਂ) ਨੂੰ ਚੀਰੇ ਦੇਣੇ ਸ਼ੁਰੂ ਕਰ ਦਿੱਤੇ। ਇਸਦੇ ਨਾਲ ਹੀ ਕਈ ਮੈਂਬਰ ਆਪਣੇ ਤੌਲੀਏ ਲੈ ਕੇ ‘ਸਵਿੱਮਿੰਗ-ਸੂਟਾਂ’ ‘ਚ ਝੀਲ ਦੇ ਠੰਢੇ ਪਾਣੀ ਦਾ ਨਜ਼ਾਰਾ ਲੈਣ ਲਈ ਚੱਲ ਪਏ। ਉਧਰ ਰਾਜੂ ਨੇ ਆਪਣਾ ‘ਚੁੱਲ੍ਹਾ’ ਤਪਾ ਲਿਆ ਅਤੇ ਵੱਡੇ ਪਤੀਲੇ ਵਿੱਚ ਇਸ ਤੋਂ ਪਹਿਲੇ ਦਿਨ ਸ਼ਾਮ ਨੂੰ ਬਣਾਇਆ ਹੋਇਆ ਗੋਟ-ਮੀਟ ਗਰਮ ਕਰਨਾ ਧਰ ਦਿੱਤਾ। 15-20 ਮਿੰਟ ਉਸ ਨੂੰ ਗਰਮ ਹੋਣ ‘ਚ ਲੱਗ ਗਏ ਅਤੇ ਰਾਜੂ ਵੱਲੋਂ ‘ਹਰੀ ਝੰਡੀ’ ਹੋਣ ‘ਤੇ ਝੀਲ ‘ਚ ਇਸ਼ਨਾਨ ਨਾ ਕਰਨ ਜਾਣ ਵਾਲੇ ਮੈਂਬਰ ਪਲੇਟਾਂ ਤੇ ਚਮਚੇ ਲੈ ਕੇ ਓਧਰ ਨੂੰ ਹੋ ਗਏ। ਹਮੇਸ਼ਾ ਦੀ ਤਰ੍ਹਾਂ ਗੋਟ ਮੀਟ ਬਹੁਤ ਸੁਆਦ ਬਣਿਆ ਸੀ। ਰਾਜੂ ਦੀ ਇਸ ‘ਰਸੋਈ ਕਲਾ’ ਕਰਕੇ ਹੀ ਉਸਨੂੰ ਕਲੱਬ ਵੱਲੋਂ ‘ਗੋਟ-ਮੀਟ ਸਪੈਸ਼ਲਿਸਟ’ ਦਾ ਖ਼ਿਤਾਬ ਦਿੱਤਾ ਗਿਆ ਹੈ। ਦੂਸਰੇ ਚੁੱਲ੍ਹੇ ਉੱਪਰ ਵਾਲੰਟੀਅਰਾਂ ਵੱਲੋਂ ਨਾਲੋ-ਨਾਲ ਗਰਮ ਕੀਤੀਆਂ ਜਾ ਰਹੀਆਂ ਰੋਟੀਆਂ ਨਾਲ ਗੋਟ-ਮੀਟ ਦਾ ਸਾਰਿਆਂ ਨੇ ਉਂਗਲਾਂ ਚੱਟ-ਚੱਟ ਕੇ ਅਨੰਦ ਮਾਣਿਆਂ। ਕੁਝ ਵੈਸ਼ਨੋ ਮੈਂਬਰਾਂ ਲਈ ਬਣੀ ਆਲੂ-ਗੋਭੀ ਦੀ ਸਬਜ਼ੀ ਵੀ ਬੜੀ ਸੁਆਦਲੀ ਸੀ। ਝੀਲ ‘ਚ ਤਾਰੀ ਲਾਉਣ ਗਏ ਮੈਂਬਰਾਂ ਦੀ ਵਾਪਸੀ ‘ਤੇ ਉਨ੍ਹਾਂ ਵੱਲੋਂ ਗੋਟ-ਮੀਟ ਨਾਲ ਫ਼ੁਲਕੇ ਛਕਣ ਤੋਂ ਬਾਅਦ ਸ਼ਾਮੀ ਪੰਜ ਕੁ ਵਜੇ ‘ਬਰੈਂਪਟਨ ਵਾਪਸੀ’ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ। ਸੁਖਦੇਵ ਸਿਧਵਾਂ, ਅਵਤਾਰ ਪਿੰਕੀ, ਤਜਿੰਦਰ ਗਰੇਵਾਲ, ਜਗਤਾਰ ਗਰੇਵਾਲ, ਕਰਮਜੀਤ ਗਿੱਲ ਤੇ ਹੋਰ ਵਾਲੰਟੀਅਰਾਂ ਨੇ ਸਾਰਾ ਸਮਾਨ ਹੱਥੋ-ਹੱਥੀ ਚੁੱਕ ਲਿਆ ਅਤੇ ਨੇੜੇ ਖੜੀ ਬੱਸ ਵੱਲ ਚੱਲ ਪਏ। ਮੁੱਖ- ਵਾਲੰਟੀਅਰ ਮਨਜੀਤ ਨੌਟਾ ਵੱਲੋਂ ਸਵਾਰੀਆਂ ਦੀ ‘ਗਿਣਤੀ’ ਦੀ ਤਸੱਲੀ ਕਰਨ ਤੋਂ ਬਾਅਦ ਡਰਾਈਵਰ ਨੇ ਬੱਸ ਬੈਰੀ ਵੱਲ ਤੋਰ ਲਈ। ਬੱਸ ਵਿੱਚ ਕਲੱਬ ਦੇ ਵਾਈਸ-ਪ੍ਰੈਜ਼ੀਡੈਂਟ ਪਰਮਿੰਦਰ ਗਿੱਲ ਵੱਲੋਂ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ, ਸਮੂਹ ਮੈਂਬਰਾਂ ਤੇ ਵਾਲੰਟੀਅਰਾਂ ਦਾ ਇਸ ਟੂਰ ਨੂੰ ਕਾਮਯਾਬ ਬਨਾਉਣ ਲਈ ਧੰਨਵਾਦ ਕੀਤਾ ਗਿਆ। ਇਸ ਦੌਰਾਨ ਕਰਮਜੀਤ ਗਿੱਲ ਵੱਲੋਂ ਬੋਲੀਆਂ ਪਾ ਕੇ ਅਤੇ ਡਾ. ਸੁਖਦੇਵ ਸਿੰਘ ਝੰਡ, ਹਰਚੰਦ ਸਿੰਘ ਬਾਸੀ ਜੱਸੀ ਭੁੱਲਰ ਵੱਲੋਂ ਗੀਤ ਤੇ ਕਵਿਤਾਵਾਂ ਸੁਣਾ ਕੇ ਮੈਂਬਰਾਂ ਦਾ ਮਨੋਰੰਜਨ ਕੀਤਾ ਗਿਆ। ਰਸਤੇ ‘ਚ ਇੱਕ ਜਗ੍ਹਾ ਰੁਕ ਕੇ ਕਾਫ਼ੀ ਛਕੀ ਅਤੇ ਅੱਠ ਕੁ ਵਜੇ ਬਰੈਂਪਟਨ ਵਾਪਸ ਪਹੁੰਚ ਗਏ। ਇਸ ਤਰ੍ਹਾਂ ਮਸਕੋਕਾ ਦਾ ਇਹ ਟੂਰ ਕਲੱਬ ਦੇ ਮੈਂਬਰਾਂ ਲਈ ਇੱਕ ਯਾਦਗਾਰੀ ਟੂਰ ਬਣ ਗਿਆ।

# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਹਿੰਦੀ ਤੇ ਪੰਜਾਬੀ ਫ਼ਿਲਮੀ ਗਾਇਕ ਮੁਹੰਮਦ ਰਫ਼ੀ ਨੂੰ ਇਕਬਾਲ ਬਰਾੜ ਵੱਲੋਂ ਦਿੱਤੀ ਗਈ ਭਾਵਪੂਰਤ ਸ਼ਰਧਾਂਜਲੀ

* ਪੰਜਾਬ ਤੋਂ ਆਏ ਮੈਡਮ ਸੁਰਿੰਦਰ ਗਿੱਲ ਜੈਪਾਲ ਨਾਲ ਰਚਾਇਆ ਗਿਆ ਰੂ-ਬ-ਰੂ
* ‘ਸਾਵਣ ਕਵੀ ਦਰਬਾਰ’ ਵਿੱਚ ਸਾਵਣ ਤੇ ਹੋਰ ਵਿਸ਼ਿਆਂ ਨਾਲ ਸਬੰਧਿਤ ਕਵਿਤਾਵਾਂ ਤੇ ਗੀਤ ਪੇਸ਼ ਕੀਤੇ ਗਏ






ਬਰੈਂਪਟਨ, (ਡਾ. ਝੰਡ) – ਲੰਘੇ ਐਤਵਾਰ 19 ਜੁਲਾਈ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ 2250 ਬੋਵੇਰਡ ਡਰਾਈਵ ਵਿਖੇ ਸਥਿਤ ‘ਹੋਮ-ਲਾਈਫ਼ ਰੀਅਲ ਅਸਟੇਟ’ ਦੇ ਸੈਮੀਨਾਰ ਹਾਲ ਵਿੱਚ ਕਰਵਾਏ ਗਏ ਮਹੀਨਾਵਾਰ ਸਮਾਗ਼ਮ ਵਿੱਚ ਉੱਘੇ ਫ਼ਿਲਮੀ ਗਾਇਕ ਮੁਹੰਮਦ ਰਫ਼ੀ ਜੋ 31 ਜੁਲਾਈ 1980 ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਸਨ, ਨੂੰ ਭਾਵਪੂਰਤ ਸ਼ਰਧਾਂਜਲੀ ਭੇਂਟ ਕੀਤੀ ਗਈ। ‘ਬਰੈਂਪਟਨ ਦੇ ਮੁਹੰਮਦ ਰਫ਼ੀ’ ਵਜੋਂ ਜਾਣੇ ਜਾਂਦੇ ਗਾਇਕ ਇਕਬਾਲ ਬਰਾੜ ਜਿਨ੍ਹਾਂ ਦੀ ਆਵਾਜ਼ ਮੁਹੰਮਦ ਰਫ਼ੀ ਨਾਲ ਕਾਫ਼ੀ ਹੱਦ ਤੀਕ ਮਿਲ਼ਦੀ ਹੈ, ਵੱਲੋਂ ਰਫ਼ੀ ਸਾਹਿਬ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਫ਼ਿਲਮੀ ਸੰਗੀਤ ਵਿੱਚ ਪਾਏ ਗਏ ਮਹਾਨ ਯੋਗਦਾਨ ਬਾਰੇ ਦੱਸਿਆ ਗਿਆ ਅਤੇ ਫਿਰ ਮੁਹੰਮਦ ਰਫ਼ੀ ਦੇ ਗਾਏ ਹੋਏ ਕਈ ਹਿੰਦੀ ਤੇ ਪੰਜਾਬੀ ਗੀਤਾਂ ਦੇ ਮੁਖੜੇ ਅਤੇ ਕਈਆਂ ਦੇ ਇੱਕ-ਇੱਕ, ਦੋ-ਦੋ ਬੰਦ ਪੇਸ਼ ਕੀਤੇ ਗਏ, ਜਿਨ੍ਹਾਂ ਨੂੰ ਸਰੋਤਿਆਂ ਨੇ ਸਾਹ ਸੂਤ ਕੇ ਸੁਣਿਆਂ। ਇਨ੍ਹਾਂ ਭਾਵੁਕ-ਗੀਤਾਂ ਦੀ ਆਰੰਭਤਾ ਬਰਾੜ ਸਾਹਿਬ ਵੱਲੋਂ ਗਾਏ ਗਏ ਫ਼ਿਲਮ ‘ਆਰਜ਼ੂ’ ਦੇ ਗੀਤ ‘ਅਜੀ ਰੂਠ ਕਰ ਅਬ ਕਹਾਂ ਜਾਈਏਗਾ, ਜਹਾਂ ਜਾਈਏਗਾ ਹਮੇਂ ਪਾਈਏਗਾ’ ਨਾਲ ਅਤੇ ਸੰਪੰਨਤਾ ਫ਼ਿਲਮ ‘ਬੈਜੂ ਬਾਵਰਾ’ ਦੇ ਮਸ਼ਹੂਰ ਗੀਤ ‘ਓ ਦੁਨੀਆਂ ਕੇ ਰਖਵਾਲੇ, ਸੁਨ ਦਰਦ ਭਰੇ ਮੇਰੇ ਲਾਲੇ’ ਨਾਲ ਕੀਤੀ ਗਈ। ਇਸ ਦੌਰਾਨ ਵਿੱਚ-ਵਿਚਾਲੇ ‘ਦਾਣਾ ਪਾਣੀ ਖਿੱਚ ਕੇ ਲਿਆਉਂਦਾ, ਕੌਣ ਕਿਸੇ ਦਾ ਖਾਂਦਾ’ ਵਰਗੇ ਰੌਚਕ ਪੰਜਾਬੀ ਗੀਤ ਵੀ ਚੱਲਦੇ ਰਹੇ। ਇਸ ਤੋਂ ਪਹਿਲਾਂ ਸਮਾਗਮ ਦੇ ਆਰੰਭ ਵਿੱਚ ਸਭਾ ਦੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਵੱਲੋਂ ਸਮਾਗ਼ਮ ਵਿੱਚ ਆਏ ਮੈਂਬਰਾਂ ਤੇ ਮਹਿਮਾਨਾਂ ਦਾ ਸੁਆਗ਼ਤ ਕੀਤਾ ਗਿਆ ਅਤੇ ਫਿਰ ਮੰਚ-ਸੰਚਾਲਕ ਪ੍ਰੋ. ਤਲਵਿੰਦਰ ਮੰਡ ਨੇ ਪਿਛਲੇ ਦਿਨੀਂ ਇਸ ਸੰਸਾਰ ਨੂੰ ਸਦੀਵੀ ਵਿਛੋੜਾ ਦੇ ਗਏ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪੰਜਾਬੀ ਅਧਿਐਨ ਸਕੂਲ ਦੇ ਸਾਬਕਾ-ਪ੍ਰੋਫ਼ੈਸਰ (ਡਾ.) ਇਕਬਾਲ ਕੌਰ ਸੌਂਧ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਦੱਸਿਆ ਕਿ ਡਾ. ਸੌਂਧ ਦੇ ਵਿਦਿਆਰਥੀਆਂ ਦਾ ਘੇਰਾ ਬੜਾ ਵਿਸ਼ਾਲ ਹੈ ਅਤੇ ਉਹ ਵੀ ਐੱਮ.ਫ਼ਿਲ. ਦੌਰਾਨ ਉਨ੍ਹਾਂ ਦੇ ਵਿਦਿਆਰਥੀ ਰਹੇ ਹਨ। ਉਪਰੰਤ, ਉਨ੍ਹਾਂ ਦੇ ਲੰਮਾਂ ਸਮਾਂ ਨਜ਼ਦੀਕੀ ਰਹੇ ਡਾ. ਸੁਖਦੇਵ ਸਿੰਘ ਝੰਡ, ਮਲਵਿੰਦਰ ਸ਼ਾਇਰ, ਪ੍ਰਿੰਸੀਪਲ ਗਿਆਨ ਸਿੰਘ ਘਈ, ਪ੍ਰਿੰ. ਸਵਿੰਦਰ ਸਿੰਘ ਚਾਹਲ, ਮੈਡਮ ਸੁਰਿੰਦਰਜੀਤ ਕੌਰ ਤੇ ਮੈਡਮ ਸੁਖਚਰਨਜੀਤ ਗਿੱਲ ਵੱਲੋਂ ਬੜੇ ਭਾਵਪੂਰਤ ਸ਼ਬਦਾਂ ਵਿੱਚ ਡਾ. ਸੌਂਧ ਨੂੰ ਭਾਵੁਕ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ ਅਤੇ ਹਾਜ਼ਰੀਨ ਵੱਲੋਂ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਇੱਕ ਮਿੰਟ ਦਾ ਮੋਨ ਰੱਖਿਆ ਗਿਆ।

ਇਸ ਸੈਸ਼ਨ ਦੇ ਅਗਲੇ ਭਾਗ ਵਿੱਚ ਮੰਚ-ਸੰਚਾਲਕ ਤਲਵਿੰਦਰ ਮੰਡ ਵੱਲੋਂ ਪੰਜਾਬ ਤੋਂ ਆਏ ਉੱਘੇ ਲੇਖਕ ਤੇ ਸਮਾਜਿਕ ਕਾਰਕੁੰਨ ਮੈਡਮ ਸੁਰਿੰਦਰ ਗਿੱਲ ਜੈਪਾਲ ਨਾਲ ਰੂ-ਬ-ਰੂ ਰਚਾਇਆ ਗਿਆ। ਉਨ੍ਹਾਂ ਬਾਰੇ ਮੁੱਢਲੀ ਜਾਣਕਾਰੀ ਸਾਂਝੀ ਕਰਦਿਆਂ ਸਭਾ ਦੀ ਮੈਂਬਰ ਸੁਰਿੰਦਰਜੀਤ ਨੇ ਦੱਸਿਆ ਕਿ ਉਹ ਮੈਡਮ ਸੁਰਿੰਦਰ ਗਿੱਲ ਜੈਪਾਲ ਨਾਲ ਲੋਕ-ਪੱਖੀ ਸੰਘਰਸ਼ਾਂ ਵਿੱਚ ਸਾਂਝੇ ਤੌਰ ‘ਤੇ ਵਿਚਰਦੇ ਰਹੇ ਹਨ। ਉਨ੍ਹਾਂ ਨੇ ਕਈ ਔਰਤ ਆਗੂਆਂ ਨਾਲ ਮਿਲ਼ ਕੇ ‘ਬੱਚੇ ਕੌਮੀ ਸੰਪਤੀ’ ਲਹਿਰ ਚਲਾਈ ਅਤੇ ਔਰਤਾਂ ਦੇ ਹੱਕਾਂ ਤੇ ਭਲਾਈ ਲਈ ਕਈ ਪ੍ਰੋਗਰਾਮ ਬਣਾਏ ਤੇ ਉਨ੍ਹਾਂ ਨੂੰ ਸਫ਼ਲਤਾ ਪੂਰਵਕ ਸਿਰੇ ਚਾੜ੍ਹਿਆ। ਉਨ੍ਹਾਂ ਦੱਸਿਆ ਕਿ ਚੋਰੀ ਕਰਨ ਦੇ ਅਪਰਾਧ ਵਿੱਚ ਫੜ੍ਹੀਆਂ ਗਈਆਂ ਕਈ ਔਰਤਾਂ ਦੇ ਮੱਥਿਆਂ ‘ਤੇ ਪੁਲਿਸ ਵੱਲੋਂ ਸ਼ਬਦ ‘ਜੇਬ ਕਤਰੀ’ ਲਿਖੇ ਜਾਣ ਦਾ ਉਨ੍ਹਾਂ ਵੱਲੋਂ ਸਖ਼ਤ ਵਿਰੋਧ ਕੀਤਾ ਗਿਆ ਸੀ ਅਤੇ ਇਸ ਦੇ ਜ਼ਿੰਮੇਵਾਰ ਪੋਲੀਸ ਅਫ਼ਸਰਾਂ ਤੇ ਕਰਮਚਾਰੀਆਂ ਨੂੰ ਸਸਪੈਂਡ ਕਰਵਾਇਆ ਗਿਆ ਸੀ। ਉਨ੍ਹਾਂ ਹੋਰ ਦੱਸਿਆ ਕਿ ਉਨ੍ਹਾਂ ਦੇ ਜ਼ੋਰ ਪਾਉਣ ‘ਤੇ ਪੀੜਤ ਔਰਤਾਂ ਦੇ ਮੱਥਿਆਂ ਦੀ ਪਲਾਸਟਿਕ ਸਰਜਰੀ ਸਰਕਾਰੀ ਖ਼ਰਚੇ ‘ਤੇ ਕਰਵਾਈ ਗਈ ਸੀ। ਇਸ ਮੌਕੇ ਮੈਡਮ ਸੁਰਿੰਦਰ ਗਿੱਲ ਜੈਪਾਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸੰਵੇਦਨਸ਼ੀਲ ਲੋਕ ਆਪਣੇ ਇਤਿਹਾਸ ਨੂੰ ਯਾਦ ਰੱਖਦੇ ਹਨ ਅਤੇ ਇਸ ਤੋਂ ਸਬਕ ਸਿੱਖਦੇ ਹਨ। 1947 ਦੀ ਭਾਰਤ-ਪਾਕਿਸਤਾਨ ਦੀ ਵੰਡ ਦੀ ‘ਪੀੜਾ’ ਨੂੰ ਉਨ੍ਹਾਂ ਵੱਲੋਂ ਬੜੇ ਭਾਵੁਕ ਸ਼ਬਦਾਂ ਨਾਲ ਬਿਆਨ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸਦੇ ਬਾਰੇ ਵੱਖ-ਵੱਖ ਲੇਖਕਾਂ ਵੱਲੋਂ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ, ਪਰ ਇਹ ਪੀੜ ਏਨੀ ਦੁਖਦਾਈ ਹੈ ਕਿ ਇਹ ਮੁੱਕਣ ਵਿੱਚ ਹੀ ਨਹੀਂ ਆਉਂਦੀ। ਉਨ੍ਹਾਂ ਵੱਲੋਂ ਪਿਛਲੇ ਸਾਲ 2025 ਵਿੱਚ ਛਪੀ ਆਪਣੀ ਪੁਸਤਕ ‘ਪੌਣਾ ਮੀਲ ਸਰਹੱਦ’ ਵਿੱਚ ਦਰਜ ਆਪਣੀਆਂ ਕਵਿਤਾਵਾਂ ਦੀਆਂ ਕਈ ਟੂਕਾਂ ਦੇ ਹਵਾਲੇ ਨਾਲ ਵੰਡ ਦੇ ਦਰਦਨਾਕ ਹਾਲਾਤ ਬਿਆਨ ਕੀਤੇ ਗਏ, ਜਿਸ ਵਿੱਚ ਦੋਹਾਂ ਪਾਸਿਆਂ ਦਾ ਹੀ ਬੇਹੱਦ ਜਾਨੀ ਤੇ ਮਾਲੀ ਨੁਕਸਾਨ ਹੋਇਆ। ਮਾਪਿਆਂ ਦੇ ਦੇਸ਼ ਪਾਕਿਸਤਾਨ ਜਾ ਕੇ ਉੱਥੋਂ ਦੀ ਮਿੱਟੀ ਮੱਥੇ ਨੂੰ ਛੁਹਾਉਣ ਦੀ ਰੀਝ ਨੂੰ ਉਨ੍ਹਾਂ ਲਾਹੌਰ ਜਾ ਕੇ ਲਿਖੀ ਗਈ ਕਵਿਤਾ ‘ਤਾਂਘ ਲਾਹੌਰ ਦੀ’ ਵਿੱਚ ਬਾਖ਼ੂਬੀ ਪਰੋਇਆ ਹੈ। ਸਮਾਗਮ ਦੇ ਇਸ ਪਹਿਲੇ ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿੱਚ ਉਨ੍ਹਾਂ ਦੇ ਨਾਲ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ, ਗਾਇਕ ਇਕਬਾਲ ਬਰਾੜ ਅਤੇ ਸਭਾ ਦੇ ਮੈਂਬਰ ਸੁਖਚਰਨਜੀਤ ਗਿੱਲ ਸੁਸ਼ੋਭਿਤ ਸਨ। ਇਸ ਦੌਰਾਨ ਸੁਖਚਰਨਜੀਤ ਗਿੱਲ ਵੱਲੋਂ ਵੀ ਮੈਡਮ ਸੁਰਿੰਦਰ ਗਿੱਲ ਜੈਪਾਲ ਹੁਰਾਂ ਦੇ ਨਾਲ ਸਾਂਝੇ ਤੌਰ ‘ਤੇ ਵਿਚਰਨ ਅਤੇ ਕੀਤੇ ਗਏ ਸੰਘਰਸ਼ਾਂ ਬਾਰੇ ਜ਼ਿਕਰ ਕੀਤਾ ਗਿਆ। ਇਸ ਸੈਸ਼ਨ ਦੀ ਕਾਰਵਾਈ ਨੂੰ ਸਭਾ ਦੇ ਚੇਅਰਪਰਸਨ ਕਰਨਅਜਾਇਬ ਸਿੰਘ ਸੰਘਾ ਵੱਲੋਂ ਬੜੇ ਭਾਵਨਾਤਮਿਕ ਸ਼ਬਦਾਂ ਵਿੱਚ ਸਮੇਟਿਆ ਗਿਆ।

ਦੂਸਰੇ ਸੈਸ਼ਨ ਵਿੱਚ ‘ਸਾਵਣ ਕਵੀ ਦਰਬਾਰ’ ਹੋਇਆ ਜਿਸ ਦਾ ਸੰਚਾਲਨ ਸਭਾ ਦੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਵੱਲੋਂ ਕੀਤਾ ਗਿਆ। ਇਸ ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿੱਚ ਪਾਕਿਸਤਾਨ ਦੇ ਪੰਜਾਬੀ ਤੇ ਉਰਦੂ ਦੇ ਉੱਘੇ ਸ਼ਾਇਰ ਪ੍ਰੋ. ਆਸ਼ਿਕ ਰਹੀਲ, ਪ੍ਰਿੰਸੀਪਲ ਗਿਆਨ ਸਿੰਘ ਘਈ, ਸਭਾ ਦੇ ਮੈਂਬਰ ਡਾ. ਸੁਖਦੇਵ ਸਿੰਘ ਝੰਡ ਤੇ ਮੈਡਮ ਸੁਰਿੰਦਰਜੀਤ ਸ਼ਾਮਲ ਸਨ। ਕਵੀ-ਦਰਬਾਰ ਦੀ ਸ਼ੁਰੂਆਤ ਕਰਦਿਆਂ ਮੰਚ-ਸੰਚਾਲਕ ਵੱਲੋਂ ਸੱਭ ਤੋਂ ਪਹਿਲਾਂ ਨੌਜੁਆਨ ਕਵੀ ਗੁਰਦਾਸ ਥਾਬਲ ਨੂੰ ਮੰਚ ‘ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਪਹਿਲਾਂ ਸਾਵਣ ਮਹੀਨੇ ਬਾਰੇ ਆਪਣੀ ਕਵਿਤਾ ਕਹੀ ਤੇ ਫਿਰ ਇੱਕ ਹੋਰ ਕਵਿਤਾ ਵੀ ਸੁਣਾਈ। ਏਸੇ ਤਰ੍ਹਾਂ ਸਵਿੰਦਰ ਸਿੰਘ ਚਾਹਲ ਤੇ ਸੁਰਿੰਦਰ ਗਿੱਲ ਜੈਪਾਲ ਵੱਲੋਂ ਵੀ ਸਾਵਣ ਮਹੀਨੇ ਬਾਰੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ। ਉਪਰੰਤ, ਸੁਖਚਰਨਜੀਤ ਗਿਅਲ ਵੱਲੋਂ ਆਪਣੀ ਸੁਰੀਲੀ ਆਵਾਜ਼ ‘ਚ ਇਕ ਗੀਤ ਪੇਸ਼ ਕੀਤਾ ਗਿਆ। ਲਾਹੌਰ ਤੋਂ ਆਏ ਗਾਇਕ ਹੁਸਨੈਨ ਅਕਬਰ ਵੱਲੋਂ ਬੜੀਆਂ ਦਿਲਚਸਪ ਕਵਿਤਾਵਾਂ ‘ਬਾਪ- ਮਾਈ ਬੈੱਸਟ ਫ਼ਰੈਂਡ’ ਤੇ ‘ਧੀਆਂ’ ਸੁਣਾਈਆਂ ਗਈਆਂ ਤੇ ਫਿਰ ਬੁਲੰਦ ਆਵਾਜ਼ ਵਿੱਚ ਵਾਰਿਸ ਸ਼ਾਹ ਦੀ ‘ਹੀਰ’ ਦੇ ਦੋ ਬੰਦ ਸੁਣਾਏ ਗਏ। ਉਪਰੰਤ, ਵਾਰੋ-ਵਾਰੀ ਮਲਵਿੰਦਰ ਸ਼ਾਇਰ, ਤਲਵਿੰਦਰ ਮੰਡ, ਪ੍ਰੋ. ਆਸ਼ਿਕ ਰਹੀਲ, ਕਰਨ ਅਜਾਇਬ ਸਿੰਘ ਸੰਘਾ, ਦਲਬੀਰ ਸਿੰਘ ਕਥੂਰੀਆ, ਹਰਜਿੰਦਰ ਸਿੰਘ ਭਸੀਨ, ਗਿਆਨ ਸਿੰਘ ਘਈ, ਜੱਸੀ ਭੁੱਲਰ, ਸੁਰਿੰਦਰਜੀਤ ਕੌਰ, ਮਕਸੂਦ ਚੌਧਰੀ ਨੂੰ ਮੰਚ ‘ਤੇ ਬੁਲਾਇਆ ਗਿਆ ਜਿਨ੍ਹਾਂ ਨੇ ਆਪਣੀਆਂ ਕਵਿਤਾਵਾਂ ਤੇ ਗੀਤਾਂ ਨਾਲ ਖ਼ੂਬਸੂਰਤ ਕਾਵਿ-ਮਈ ਮਾਹੌਲ ਸਿਰਜਿਆ ਗਿਆ।

ਇਸ ਦੌਰਾਨ ਮਨਮੀਤ ਕੌਰ ਵੱਲੋਂ ‘ਹਿਊਮੈਨਿਟੀ, ਕਾਈਂਡਨੈੱਸ ਐਂਡ ਲਵ’ ਵਿਸ਼ੇ ‘ਤੇ 8 ਅਗਸਤ ਨੂੰ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਕਰਵਾਈ ਜਾ ਰਹੀ ਸੱਤਵੀਂ ਕਾਫ਼ਰੰਸ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਕਵੀ-ਦਰਬਾਰ ਦੀ ਸਮਾਪਤੀ ਵੱਲ ਵੱਧਦਿਆਂ ਡਾ. ਸੁਖਦੇਵ ਸਿੰਘ ਝੰਡ ਵੱਲੋਂ ਇਸ ਕਵੀ-ਦਰਬਾਰ ਵਿੱਚ ਸਾਵਣ ਬਾਰੇ ਅਤੇ ਹੋਰ ਕਈ ਵਿਸ਼ਿਆਂ ਸਬੰਧੀ ਪੇਸ਼ ਕੀਤੀਆਂ ਗਈਆਂ ਕਵਿਤਾਵਾਂ ਤੇ ਗੀਤਾਂ ਦੀ ਭਾਰੀ ਸਰਾਹਨਾ ਕੀਤੀ ਗਈ। ਉਨ੍ਹਾਂ ਕਿਹਾ ਕਿ ਕਵੀਆਂ-ਕਵਿੱਤਰੀਆਂ ਤੇ ਗਾਇਕਾਂ ਵੱਲੋਂ ਇਸ ਕਵੀ-ਦਰਬਾਰ ਵਿੱਚ ਬਹੁਤ ਵਧੀਆ ਰਚਨਾਵਾਂ ਪੇਸ਼ ਕੀਤੀਆਂ ਗਈਆਂ ਹਨ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਅੱਗੋਂ ਵੀ ਸਭਾ ਦੇ ਹਫ਼ਤਾਵਾਰੀ ਸਮਾਗਮਾਂ ਵਿੱਚ ਏਸੇ ਤਰ੍ਹਾਂ ਮਿਆਰੀ ਰਚਨਾਵਾਂ ਪੇਸ਼ ਕੀਤੀਆਂ ਜਾਣਗੀਆਂ। ਇਸ ਮੌਕੇ ਸੁਹਿਰਦ ਸਰੋਤਿਆਂ ਵਿੱਚ ਪ੍ਰੋ. ਸਿਕੰਦਰ ਸਿੰਘ ਗਿੱਲ, ਡਾ. ਜਗਮੋਹਨ ਸਿੰਘ ਸੰਘਾ, ਪਰਮਜੀਤ ਸਿੰਘ ਢਿੱਲੋਂ, ਇੰਜੀ. ਹਰਜੀਤ ਸਿੰਘ ਗਿੱਲ, ਰਾਜੀਵ ਪੁੰਜ, ਹਰਮੰਦਰ ਸਿੰਘ, ਅਮਰਜੀਤ ਕੌਰ ਘਈ, ਸੁਖਮਨਦੀਪ ਕੌਰ ਤੇ ਮਨਮੀਤ ਕੌਰ, ਗੁਰਲੀਨ ਕੌਰ ਤੇ ਕਈ ਹੋਰ ਸ਼ਾਮਲ ਸਨ।

GTA Plumbing & Electrical Supplies
GTA Plumbing & Electrical Supplies
ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234
Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ
ਨਸ਼ਾ ਛੁਡਾਓ
STOP
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ
ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸੁਫਾਕੀ, ਐਲਰਜੀ, ਵਾਲ ਝਣੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

# ਜੀਵਨ ਬਚਾਉਣ ਵਾਲਾ ਜਲ ਸੇਵਨ

ਅੱਜ ਦੇ ਸਮੇਂ ਵਿੱਚ ਦੁਨੀਆ ਦੇ ਬਹੁਤ ਸਾਰੇ ਖੇਤਰਾਂ, ਖ਼ਾਸ ਕਰਕੇ ਗਰਮ ਅਤੇ ਨਮੀ ਵਾਲੇ ਇਲਾਕਿਆਂ ਵਿੱਚ, ਗਰਮੀਆਂ ਦਾ ਤਾਪਮਾਨ ਲਗਾਤਾਰ ਵੱਧ ਰਿਹਾ ਹੈ। ਤਿੱਖੀ ਗਰਮੀ ਅਤੇ ਉੱਚ ਨਮੀ ਹੁਣ ਸਿਰਫ਼ ਮੌਸਮੀ ਤਬਦੀਲੀਆਂ ਨਹੀਂ ਰਹੀਆਂ, ਸਗੋਂ ਇਹ ਇੱਕ ਗੰਭੀਰ ਜਨ ਸਿਹਤ ਚੁਣੌਤੀ ਬਣ ਚੁੱਕੀਆਂ ਹਨ। ਹਰ ਸਾਲ ਹਜ਼ਾਰਾਂ ਲੋਕ ਸਰੀਰ ਵਿੱਚ ਪਾਣੀ ਦੀ ਕਮੀ (ਡੀਹਾਈਡ੍ਰੇਸ਼ਨ), ਗਰਮੀ ਕਾਰਨ ਥਕਾਵਟ (ਹੀਟ ਐਗਜ਼ੌਸ਼ਨ) ਅਤੇ ਹੀਟ ਸਟ੍ਰੋਕ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਲੋਕ ਸਮੇਂ ਸਿਰ ਪਾਣੀ ਪੀਣ ਦੀ ਮਹੱਤਤਾ ਨੂੰ ਅਕਸਰ ਨਜ਼ਰਅੰਦਾਜ਼ ਕਰ ਦਿੰਦੇ ਹਨ। ਅਸਲ ਵਿੱਚ, ਜਲ ਸੇਵਨ ਸਿਰਫ਼ ਪਿਆਸ ਬੁਝਾਉਣ ਦਾ ਸਾਧਨ ਨਹੀਂ, ਸਗੋਂ ਤਪਦੀ ਗਰਮੀ ਵਿੱਚ ਜੀਵਨ ਦੀ ਰੱਖਿਆ ਕਰਨ ਵਾਲਾ ਸਭ ਤੋਂ ਸਰਲ ਅਤੇ ਪ੍ਰਭਾਵਸ਼ਾਲੀ ਉਪਾਅ ਹੈ।

ਮਨੁੱਖੀ ਸਰੀਰ ਦਾ ਲਗਭਗ 60 ਫ਼ੀਸਦੀ ਹਿੱਸਾ ਪਾਣੀ ਨਾਲ ਬਣਿਆ ਹੈ। ਸਰੀਰ ਦੇ ਤਾਪਮਾਨ ਨੂੰ ਸੰਤੁਲਿਤ ਰੱਖਣਾ, ਪੋਸ਼ਕ ਤੱਤਾਂ ਨੂੰ ਕੋਸ਼ਿਕਾਵਾਂ ਤੱਕ ਪਹੁੰਚਾਉਣਾ, ਸਰੀਰ ਵਿੱਚੋਂ ਫ਼ਾਲਤੂ ਪਦਾਰਥਾਂ ਨੂੰ ਬਾਹਰ ਕੱਢਣਾ, ਜੋੜਾਂ ਨੂੰ ਲਚਕੀਲਾ ਬਣਾਈ ਰੱਖਣਾ ਅਤੇ ਦਿਮਾਗ, ਦਿਲ ਅਤੇ ਮਾਸਪੇਸ਼ੀਆਂ ਨੂੰ ਸੁਚਾਰੂ ਢੰਗ ਨਾਲ ਕੰਮ ਕਰਨ ਯੋਗ ਬਣਾਉਣਾ—ਇਹ ਸਭ ਪਾਣੀ ਦੀ ਮੌਜੂਦਗੀ ਨਾਲ ਹੀ ਸੰਭਵ ਹੈ।

ਜਦੋਂ ਗਰਮੀ ਵੱਧਦੀ ਹੈ ਤਾਂ ਸਰੀਰ ਆਪਣਾ ਤਾਪਮਾਨ ਘਟਾਉਣ ਲਈ ਪਸੀਨਾ ਕੱਢਦਾ ਹੈ। ਪਸੀਨੇ ਦੇ ਭਾਫ਼ ਬਣ ਕੇ ਉੱਡਣ ਨਾਲ ਸਰੀਰ ਠੰਢਾ ਹੁੰਦਾ ਹੈ, ਪਰ ਇਸ ਪ੍ਰਕਿਰਿਆ ਦੌਰਾਨ ਪਾਣੀ ਦੇ ਨਾਲ-ਨਾਲ ਸੋਡੀਅਮ ਅਤੇ ਪੋਟਾਸ਼ੀਅਮ ਵਰਗੇ ਜ਼ਰੂਰੀ ਖਣਿਜ ਵੀ ਸਰੀਰ ਵਿੱਚੋਂ ਬਾਹਰ ਨਿਕਲ ਜਾਂਦੇ ਹਨ। ਜੇਕਰ ਇਨ੍ਹਾਂ ਦੀ ਸਮੇਂ ਸਿਰ ਪੂਰਤੀ ਨਾ ਕੀਤੀ ਜਾਵੇ ਤਾਂ ਡੀਹਾਈਡ੍ਰੇਸ਼ਨ ਦੀ ਸਮੱਸਿਆ ਸ਼ੁਰੂ ਹੋ ਜਾਂਦੀ ਹੈ।

ਉੱਚ ਨਮੀ ਵਾਲੇ ਮੌਸਮ ਵਿੱਚ ਸਥਿਤੀ ਹੋਰ ਵੀ ਗੰਭੀਰ ਹੋ ਜਾਂਦੀ ਹੈ। ਹਵਾ ਵਿੱਚ ਪਹਿਲਾਂ ਹੀ ਨਮੀ ਜ਼ਿਆਦਾ ਹੋਣ ਕਾਰਨ ਪਸੀਨਾ ਢੰਗ ਨਾਲ ਨਹੀਂ ਸੁੱਕਦਾ। ਨਤੀਜੇ ਵਜੋਂ ਸਰੀਰ ਆਪਣੀ ਗਰਮੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਾਹਰ ਨਹੀਂ ਕੱਢ ਸਕਦਾ ਅਤੇ ਸਰੀਰ ਦਾ ਤਾਪਮਾਨ ਤੇਜ਼ੀ ਨਾਲ ਵੱਧਣ ਲੱਗਦਾ ਹੈ। ਇਸ ਨਾਲ ਹੀਟ ਐਗਜ਼ੌਸ਼ਨ ਅਤੇ ਹੀਟ ਸਟ੍ਰੋਕ ਦਾ ਖ਼ਤਰਾ ਕਈ ਗੁਣਾ ਵੱਧ ਜਾਂਦਾ ਹੈ।

ਪਾਣੀ ਦੀ ਕਮੀ ਦਾ ਪਹਿਲਾ ਸੰਕੇਤ ਪਿਆਸ ਲੱਗਣਾ ਹੁੰਦਾ ਹੈ, ਪਰ ਪਿਆਸ ਲੱਗਣ ਤੱਕ ਉਡੀਕ ਕਰਨਾ ਸਹੀ ਨਹੀਂ। ਉਸ ਸਮੇਂ ਤੱਕ ਸਰੀਰ ਵਿੱਚ ਪਾਣੀ ਦੀ ਘਾਟ ਸ਼ੁਰੂ ਹੋ ਚੁੱਕੀ ਹੁੰਦੀ ਹੈ।



ਮੂੰਹ ਸੁੱਕਣਾ, ਥਕਾਵਟ, ਸਿਰ ਦਰਦ, ਚੱਕਰ ਆਉਣਾ, ਮਾਸਪੇਸ਼ੀਆਂ ਵਿੱਚ ਖਿਚਾਅ, ਪਿਸ਼ਾਬ ਦਾ ਗੂੜ੍ਹਾ ਪੀਲਾ ਰੰਗ ਅਤੇ ਘੱਟ ਪਿਸ਼ਾਬ ਆਉਣਾ ਇਸ ਦੇ ਸ਼ੁਰੂਆਤੀ ਲੱਛਣ ਹਨ। ਜੇਕਰ ਹਾਲਤ ਵਿਗੜ ਜਾਵੇ ਤਾਂ ਭਰਮ, ਦਿਲ ਦੀ ਧੜਕਣ ਤੇਜ਼ ਹੋਣਾ, ਬਲੱਡ ਪ੍ਰੈਸ਼ਰ ਘਟਣਾ, ਬੇਹੋਸ਼ੀ, ਗੁਰਦਿਆਂ ਨੂੰ ਨੁਕਸਾਨ, ਹੀਟ ਸਟ੍ਰੋਕ ਅਤੇ ਮੌਤ ਤੱਕ ਹੋ ਸਕਦੀ ਹੈ।

ਬੱਚੇ ਅਤੇ ਬਜ਼ੁਰਗ ਇਸ ਸਮੱਸਿਆ ਲਈ ਸਭ ਤੋਂ ਵੱਧ ਸੰਵੇਦਨਸ਼ੀਲ ਹੁੰਦੇ ਹਨ। ਬੱਚਿਆਂ ਦੇ ਸਰੀਰ ਵਿੱਚ ਪਾਣੀ ਜਲਦੀ ਘੱਟਦਾ ਹੈ, ਜਦਕਿ ਬਜ਼ੁਰਗਾਂ ਵਿੱਚ ਪਿਆਸ ਮਹਿਸੂਸ ਕਰਨ ਦੀ ਸਮਰੱਥਾ ਘੱਟ ਹੋ ਜਾਂਦੀ ਹੈ। ਇਸੇ ਤਰ੍ਹਾਂ ਕਿਸਾਨ, ਮਜ਼ਦੂਰ, ਨਿਰਮਾਣ ਕਰਮਚਾਰੀਆਂ, ਟ੍ਰੈਫਿਕ ਪੁਲਿਸ, ਖਿਡਾਰੀਆਂ ਅਤੇ ਸ਼ੂਗਰ ਵਰਗੀਆਂ ਬਿਮਾਰੀਆਂ ਨਾਲ ਪੀੜਤ ਲੋਕਾਂ ਨੂੰ ਗਰਮੀਆਂ ਵਿੱਚ ਵਿਸ਼ੇਸ਼ ਸਾਵਧਾਨੀ ਵਰਤਣੀ ਚਾਹੀਦੀ ਹੈ।

ਪੂਰਾ ਜਲ ਸੇਵਨ ਸਿਰਫ਼ ਡੀਹਾਈਡ੍ਰੇਸ਼ਨ ਤੋਂ ਹੀ ਨਹੀਂ ਬਚਾਉਂਦਾ, ਸਗੋਂ ਇਹ ਸਰੀਰ ਦੇ ਤਾਪਮਾਨ ਨੂੰ ਸੰਤੁਲਿਤ ਰੱਖਣ, ਖ਼ੂਨ ਦੇ ਸੰਚਾਰ ਨੂੰ ਸੁਧਾਰਨ, ਗੁਰਦਿਆਂ ਦੀ ਕਾਰਗੁਜ਼ਾਰੀ ਵਧਾਉਣ, ਪਾਚਨ ਕਿਰਿਆ ਨੂੰ ਠੀਕ ਰੱਖਣ, ਯਾਦਦਾਸ਼ਤ ਅਤੇ ਧਿਆਨ ਕੇਂਦਰਿਤ ਕਰਨ ਦੀ ਸਮਰੱਥਾ ਨੂੰ ਵੱਧਾਉਣ, ਥਕਾਵਟ ਘੱਟਾਉਣ ਅਤੇ ਮਾਸਪੇਸ਼ੀਆਂ ਨੂੰ ਤੰਦਰੁਸਤ ਰੱਖਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਹਲਕੀ ਜਿਹੀ ਪਾਣੀ ਦੀ ਕਮੀ ਵੀ ਮਨੁੱਖ ਦੀ ਸਰੀਰਕ ਸਮਰੱਥਾ ਅਤੇ ਫ਼ੈਸਲਾ ਲੈਣ ਦੀ ਯੋਗਤਾ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਸਾਧਾਰਨ ਸਾਫ਼ ਪਾਣੀ ਸਭ ਤੋਂ ਵਧੀਆ ਪੇਯ ਹੈ। ਸਿਹਤਮੰਦ ਵਿਅਕਤੀਆਂ ਨੂੰ ਦਿਨ ਭਰ ਥੋੜ੍ਹੀ-ਥੋੜ੍ਹੀ ਮਾਤਰਾ ਵਿੱਚ ਨਿਯਮਿਤ ਪਾਣੀ ਪੀਣਾ ਚਾਹੀਦਾ ਹੈ। ਬਹੁਤ ਜ਼ਿਆਦਾ ਪਸੀਨਾ ਆਉਣ ਦੀ ਸਥਿਤੀ ਵਿੱਚ ਓ.ਆਰ.ਐਸ. ਘੋਲ, ਨਾਰੀਅਲ ਪਾਣੀ, ਲੱਸੀ, ਨਿੰਬੂ ਪਾਣੀ ਵਿੱਚ ਚੁਟਕੀ ਭਰ ਨਮਕ ਅਤੇ ਘੱਟ ਸ਼ੱਕਰ ਵਾਲੇ ਤਾਜ਼ੇ ਫਲਾਂ ਦੇ ਰਸ ਵੀ ਲਾਭਦਾਇਕ ਹਨ। ਤਰਬੂਜ਼, ਖੀਰਾ, ਖਰਬੂਜ਼ਾ, ਸੰਤਰਾ, ਟਮਾਟਰ, ਸਟ੍ਰਾਬੈਰੀ ਅਤੇ ਹਰੀਆਂ ਪੱਤੇਦਾਰ ਸਬਜ਼ੀਆਂ ਵਰਗੇ ਪਾਣੀ ਨਾਲ ਭਰਪੂਰ ਭੋਜਨ ਵੀ ਸਰੀਰ ਨੂੰ ਹਾਈਡ੍ਰੇਟ ਰੱਖਣ ਵਿੱਚ ਮਦਦ ਕਰਦੇ ਹਨ।

ਦੂਜੇ ਪਾਸੇ, ਬਹੁਤ ਜ਼ਿਆਦਾ ਮਿੱਠੇ ਸਾਫਟ ਡ੍ਰਿੰਕਸ, ਵੱਧ ਕੈਫ਼ੀਨ ਵਾਲੇ ਪੇਯ ਅਤੇ ਸ਼ਰਾਬ ਦਾ ਸੇਵਨ ਘੱਟ ਤੋਂ ਘੱਟ ਕਰਨਾ ਚਾਹੀਦਾ ਹੈ। ਇਹ ਸਰੀਰ ਨੂੰ ਲੋੜੀਂਦਾ ਜਲ ਨਹੀਂ ਦਿੰਦੇ ਅਤੇ ਕਈ ਵਾਰ ਪਾਣੀ ਦੀ ਕਮੀ ਨੂੰ ਹੋਰ ਵੱਧਾ ਸਕਦੇ ਹਨ। ਐਨਰਜੀ ਡ੍ਰਿੰਕਸ ਨੂੰ ਵੀ ਪਾਣੀ ਦਾ ਬਦਲ ਨਹੀਂ ਸਮਝਣਾ ਚਾਹੀਦਾ।

ਕੇਵਲ ਪਾਣੀ ਪੀਣਾ ਹੀ ਕਾਫ਼ੀ ਨਹੀਂ। ਗਰਮੀਆਂ ਵਿੱਚ ਹਲਕੇ ਰੰਗਾਂ ਦੇ ਢਿੱਲੇ ਸੂਤੀ ਕੱਪੜੇ ਪਹਿਨਣੇ, ਦੁਪਹਿਰ ਦੇ ਸਭ ਤੋਂ ਗਰਮ ਸਮੇਂ ਦੌਰਾਨ ਬਾਹਰ ਜਾਣ ਤੋਂ ਬਚਣਾ, ਛਾਂ ਵਿੱਚ ਰਹਿਣਾ, ਪਰਨੇ ਜਾਂ ਛਤਰੀ ਦੀ ਵਰਤੋਂ ਕਰਨੀ ਅਤੇ ਸਮੇਂ-ਸਮੇਂ 'ਤੇ ਆਰਾਮ ਕਰਨਾ ਵੀ ਬਹੁਤ ਜ਼ਰੂਰੀ ਹੈ।

ਸਕੂਲਾਂ, ਕਾਲਜਾਂ, ਉਦਯੋਗਾਂ ਅਤੇ ਕੰਮ ਵਾਲੀਆਂ ਥਾਵਾਂ 'ਤੇ ਸਾਫ਼ ਪੀਣਯੋਗ ਪਾਣੀ ਦੀ ਆਸਾਨ ਉਪਲਬਧਤਾ ਯਕੀਨੀ ਬਣਾਈ ਜਾਣੀ ਚਾਹੀਦੀ ਹੈ ਅਤੇ ਲੋਕਾਂ ਨੂੰ ਨਿਯਮਿਤ ਅੰਤਰਾਲਾਂ 'ਤੇ ਪਾਣੀ ਪੀਣ ਲਈ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ।

ਜਲਵਾਯੂ ਪਰਿਵਰਤਨ ਕਾਰਨ ਹੀਟ ਵੇਵਜ਼ ਦੀ ਗਿਣਤੀ, ਤੀਬਰਤਾ ਅਤੇ ਮਿਆਦ ਲਗਾਤਾਰ ਵੱਧ ਰਹੀ ਹੈ। ਇਸ ਲਈ ਹੁਣ ਜਲ ਸੇਵਨ ਬਾਰੇ ਜਾਗਰੂਕਤਾ ਸਿਰਫ਼ ਨਿੱਜੀ ਆਦਤ ਨਹੀਂ ਰਹੀ, ਸਗੋਂ ਇੱਕ ਮਹੱਤਵਪੂਰਨ ਜਨ ਸਿਹਤ ਮੁਹਿੰਮ ਬਣ ਚੁੱਕੀ ਹੈ। ਸਮਾਜ, ਸਿੱਖਿਆ ਸੰਸਥਾਵਾਂ, ਕੰਮ ਵਾਲੀਆਂ ਥਾਵਾਂ ਅਤੇ ਸਰਕਾਰਾਂ ਨੂੰ ਮਿਲ ਕੇ ਲੋਕਾਂ ਨੂੰ ਡੀਹਾਈਡ੍ਰੇਸ਼ਨ ਦੇ ਸ਼ੁਰੂਆਤੀ ਲੱਛਣਾਂ ਅਤੇ ਇਸ ਤੋਂ ਬਚਾਅ ਦੇ ਤਰੀਕਿਆਂ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ।

ਇੱਕ ਗਿਲਾਸ ਪਾਣੀ ਆਮ ਜਿਹਾ ਲੱਗ ਸਕਦਾ ਹੈ, ਪਰ ਤਪਦੀ ਗਰਮੀ ਅਤੇ ਨਮੀ ਵਾਲੇ ਮੌਸਮ ਵਿੱਚ ਇਹ ਕਿਸੇ ਜੀਵਨ-ਰੱਖਿਅਕ ਦਵਾਈ ਤੋਂ ਘੱਟ ਨਹੀਂ। ਜੇ ਅਸੀਂ ਨਿਯਮਿਤ ਤੌਰ 'ਤੇ ਲੋੜੀਂਦਾ ਪਾਣੀ ਪੀਈਏ, ਪਾਣੀ ਨਾਲ ਭਰਪੂਰ ਭੋਜਨ ਖਾਈਏ ਅਤੇ ਗਰਮੀਆਂ ਦੌਰਾਨ ਸਾਵਧਾਨੀਆਂ ਅਪਣਾਈਏ, ਤਾਂ ਡੀਹਾਈਡ੍ਰੇਸ਼ਨ ਅਤੇ ਗਰਮੀ ਨਾਲ ਹੋਣ ਵਾਲੀਆਂ ਗੰਭੀਰ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਬਦਲਦੇ ਜਲਵਾਯੂ ਦੇ ਇਸ ਦੌਰ ਵਿੱਚ ਸਰੀਰ ਨੂੰ ਹਾਈਡ੍ਰੇਟ ਰੱਖਣਾ ਸਿਰਫ਼ ਇੱਕ ਚੰਗੀ ਆਦਤ ਨਹੀਂ, ਸਗੋਂ ਸਿਹਤਮੰਦ ਅਤੇ ਸੁਰੱਖਿਅਤ ਜੀਵਨ ਦੀ ਬੁਨਿਆਦੀ ਲੋੜ ਹੈ।



ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ
ਪੰਜਾਬ।

**ਚਾਹ ਛੱਡੋ, ਦਿਲ ਨੂੰ ਦਰੁਸਤ ਰੱਖੇਗੀ ਕੌਫ਼ੀ!**

# ਰੋਜ਼ਾਨਾ 5 ਕੱਪ ਪੀਣ ਨਾਲ ਦੂਰ ਰਹੇਗਾ ਹਾਰਟ ਅਟੈਕ ਦਾ ਖ਼ਤਰਾ

ਹਾਲ ਹੀ ਵਿੱਚ, ਕੌਫੀ ਦੇ ਸੇਵਨ ਨੂੰ ਲੈ ਕੇ ਇਕ ਨਵੀਂ ਖੋਜ ਸਾਹਮਣੇ ਆਈ ਹੈ, ਜਿਸ ਅਨੁਸਾਰ ਜੇ ਉੱਚਿਤ ਮਾਤਰਾ ਵਿੱਚ ਕੌਫੀ ਦਾ ਸੇਵਨ ਕੀਤਾ ਜਾਵੇ ਤਾਂ ਉਹ ਸਿਹਤ ਨੂੰ ਨੁਕਸਾਨ ਕਰਨ ਦੀ ਬਜਾਏ ਫਾਇਦਾ ਪਹੁੰਚਾ ਸਕਦੀ ਹੈ, ਖਾਸਕਰ ਦਿਲ ਦੀ ਸਿਹਤ ਦੇ ਮਾਮਲੇ ਵਿਚ ਕਿਹਾ ਗਿਆ ਹੈ ਕਿ ਕੌਫੀ ਦਿਲ ਦੀ ਬਿਮਾਰੀਆਂ ਦਾ ਖਤਰਾ ਘੱਟ ਕਰ ਸਕਦੀ ਹੈ।



**ਹਰ ਦਿਨ 5 ਕੱਪ ਕੌਫੀ ਪੀਣਾ ਸੁਰੱਖਿਅਤ**

ਸਟੱਡੀ ਅਨੁਸਾਰ, ਬਾਕੀ ਲੋਕਾਂ ਲਈ ਪ੍ਰਤਿਦਿਨ 400 ਮਿਲੀਗ੍ਰਾਮ ਦੇ ਕਰੀਬ ਕੈਫੀਨ ਜਾਂ ਪੰਜ ਕੱਪ ਕੈਫੀਨਯੁਕਤ ਕੌਫੀ ਦਾ ਸੇਵਨ ਸੁਰੱਖਿਅਤ ਹੈ। ਖੋਜਕਾਰਾਂ ਨੇ ਇਸ ਰਿਪੋਰਟ ਵਿਚ ਕਿਹਾ ਕਿ ਇਹ ਦਿਲ ਨਾਲ ਜੁੜੀ ਬਿਮਾਰੀਆਂ ਦੇ ਖਤਰੇ ਨੂੰ ਘੱਟ ਕਰਨ ਨਾਲ ਜੁੜਿਆ ਹੋ ਸਕਦਾ ਹੈ। ਇਸਦੇ ਨਾਲ ਹੀ ਇਹ ਹਿਦਾਇਤ ਵੀ ਦਿੱਤੀ ਕਿ ਲੋੜ ਤੋਂ ਜ਼ਿਆਦਾ ਮਾਤਰਾ ਵਿਚ ਕੈਫੀਨ ਦਾ ਸੇਵਨ ਦਿਲ ਦੀ ਸਿਹਤ 'ਤੇ ਹਾਨੀਕਾਰਕ ਪ੍ਰਭਾਵ ਪਾ ਸਕਦੀ ਹੈ ਅਤੇ ਇਸ ਤੋਂ ਬਚਣਾ ਚਾਹੀਦਾ ਹੈ।

**ਐਨਰਜੀ ਡ੍ਰਿੰਕ ਵਿਚ ਪਾਇਆ ਜਾਣ ਵਾਲਾ ਕੈਫੀਨ ਨੁਕਸਾਨਦਾਇਕ**

ਉਹੀ, ਜਿੱਥੇ ਇਕ ਤਰ੍ਹਾਂ ਦੀ ਕੌਫੀ ਪੀਣ ਲਈ ਇਹ ਸਕਾਰਾਤਮਕ ਸੰਕੇਤ ਦਿੰਦੀ ਹੈ ਤਾਂ ਦੂਜੀ ਤਰ੍ਹਾਂ ਐਨਰਜੀ ਡ੍ਰਿੰਕ ਦੇ ਮਾਮਲੇ ਵਿਚ ਇਸਦੀ ਰਿਪੋਰਟ ਥੋੜ੍ਹੀ ਅਲੱਗ ਹੈ। ਦੱਸ ਦੇਈਏ ਕਿ ਐਨਰਜੀ ਡ੍ਰਿੰਕ ਵਿਚ ਪਾਏ ਜਾਣ ਵਾਲੇ ਉੱਚ ਪੱਧਰ ਬਲੱਡ ਪ੍ਰਸ਼ੈਸ਼ਰ ਜਾਂ ਅਨਿਯਮਿਤ ਦਿਲ ਦੀ ਗਤੀ ਦੇ ਖਤਰੇ ਨੂੰ ਵਧਾ ਸਕਦੀ ਹੈ।

ਕੈਫੀਨਫੋਰਨਿਆਂ ਵਿਸ਼ਵਵਿਦਿਆਲਾ, ਸੈਨ ਫ੍ਰਾਂਸਿਸਕੋ ਦੇ ਵਿਗਿਆਨਿਆਂ ਨੇ ਕਿਹਾ ਕਿ ਬਿਨਾਂ ਜ਼ਿਆਦਾ ਚੀਨੀ, ਫਲੇਵਰ ਜਾਂ ਕ੍ਰੀਮ ਦਾ ਕੈਫੀਨਯੁਕਤ ਕੌਫੀ ਦਾ ਸੇਵਨ ਟਾਈਪ-2 ਡਾਇਬਿਟੀਜ਼, ਦਿਲ ਦਾ ਰੋਗ, ਸਟ੍ਰੋਕ, ਦਿਲ ਵਿਸਫਲਤਾ ਅਤੇ ਕੁਝ ਅਨਿਯਮਿਤ ਦਿਲ ਦੀ ਤਾਲ ਦੇ ਖਤਰੇ ਦੀ ਕਮੀ ਨਾਲ ਜੁੜਿਆ ਹੈ।

ਖੋਜਕਰਤਾ ਨੇ ਦੱਸਿਆ ਕਿ ਐਨਰਜੀ ਡ੍ਰਿੰਕ ਦੇ ਸ਼ਾਟਸ ਵਿਚ ਪ੍ਰਤਿ ਤਰਲ ਔਂਸ 40-69 ਮਿਲੀਗ੍ਰਾਮ ਕੈਫੀਨ ਹੋ ਸਕਦੀ ਹੈ , ਜੋ ਸਮਾਨ ਰੂਪ ਵਿਚ ਕੈਫੀਨਯੁਕਤ ਕੌਫੀ ਦੀ ਤੁਲਨਾ ਵਿਚ 3-4 ਗੁਣਾ ਜ਼ਿਆਦਾ ਹੈ। ਕੌਫੀ ਵਿਚ ਕੈਫੀਨ ਦਾ ਸੇਵਨ ਲਿਵਰ ਦੁਆਰਾ ਮੈਟਾਬੌਲਿਜ਼ਿਮ ਕੀਤਾ ਜਾਂਦਾ ਹੈ ਅਤੇ ਇਹ ਕਾਫੀ ਲੋਕਾਂ ਦੇ ਲਈ ਇਕ ਘੰਟੇ ਵਿਚ ਅਧਿਕਤਮ ਸੰਦ੍ਰਾਤਾ ਤੱਕ ਪਹੁੰਚ ਜਾਂਦਾ ਹੈ।

ਹਾਂਲਾਕਿ, ਵਿਅਕਤੀਆਂ ਦੁਆਰਾ ਕੈਫੀਨ ਨੂੰ ਕਿੰਨਾ ਜ਼ਿਆਦਾ ਪ੍ਰੋਸੈਸ ਕੀਤਾ ਜਾਂਦਾ ਹੈ, ਇਹ ਉਸਦੀ ਅਨੁਵੰਸ਼ਿਕੀ ਯਾਨੀ ਹੈਰੇਡਿਟੀ, ਮੈਟਾਬੋਲਿਜ਼ਮ ਅਤੇ ਉਮਰ 'ਤੇ ਨਿਰਭਰ ਕਰਦਾ ਹੈ। ਖੋਜ ਟੀਮ ਦੇ ਨਾਲ ਹੀ ਇਹ ਵੀ ਸਪਸ਼ਟ ਕੀਤਾ ਕਿ ਕੈਫੀਨ ਦਾ ਸਰੀਰ 'ਤੇ ਪ੍ਰਭਾਵ ਨੂੰ ਸਮਝਣ ਲਈ ਅਤੇ ਹੋਰ ਚਰਚਾ ਦੀ ਲੋੜ ਹੈ, ਇਹ ਜਾਣਨ ਦੇ ਲਈ ਕਿ ਕੈਫੀਨ ਦਿਲ ਦੀ ਸਿਹਤ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ। ਇਸ ਤਰ੍ਹਾਂ ਕੌਫੀ ਸਿਹਤ ਦੇ ਲਈ ਕਿੰਨੀ ਫਾਇਦੇਮੰਦ ਹੈ, ਇਸ 'ਤੇ ਹੁਣ ਹੋਰ ਚਰਚਾ ਕੀਤੇ ਜਾਣ ਦੀ ਜ਼ਰੂਰਤ ਹੈ।

# (ਹੰਝੂਆਂ ਦੀ ਛਬੀਲ)

ਯਾਦ ਤੇਰੀ ਦੇ ਤਪਦੇ ਰਾਹੀਂ, ਮੈਂ ਹੰਝੂਆਂ ਦੀ ਛਬੀਲ ਲਾਈ। ਮੈਂ ਜ਼ਿੰਦਗੀ ਦੇ ਧੁਆਂਖੇ ਹੋਠਾਂ ਨੂੰ ਰੋਜ਼ ਗ਼ਮ ਦੀ ਗਲੋ ਪਿਆਈ। ਮੇਰੇ ਗੀਤਾਂ ਦਾ ਹੰਸ ਜ਼ਖ਼ਮੀ ਮੈਂ ਸੋਚਦੀ ਹਾਂ ਕਿ ਮਰ ਜਾਏਗਾ, ਜੇ ਜੁਦਾਈ ਵਸਲ ਦੇ ਮੋਤੀ-ਅੱਜ ਆਪ ਹੱਥੀਂ ਨਾ ਲੈ ਕੇ ਆਈ। ਵਰ੍ਹ ਰਹੀਆਂ ਬਦਲੋਟੀਆਂ 'ਤੇ ਤਾਂ ਚਾਤ੍ਰਿਕ ਨੂੰ ਗਿਲਾ ਨਹੀਂ ਕੋਈ, ਇਹ ਉਸ ਦੀ ਆਪਣੀ ਹੈ ਬਦਨਸੀਬੀ ਕਿ ਜੀਭ ਉਹਦੀ ਰਹੀ ਤਿਹਾਈ। ਨਿੰਮੜੀ ਦੇ ਕਸੈਲੇ ਫੁੱਲਾਂ ਦੇ ਵਿਚ ਵੀ ਸੱਜਣਾ ਵੇ ਸ਼ਹਿਦ ਹੁੰਦੈ ਕਸਮ ਹੈ ਤੈਨੂੰ ਤੂੰ ਮੁੜ ਨਾ ਆਖੀਂ ਵੇ ਭੌਰਿਆਂ ਨੂੰ ਕਦੇ ਸ਼ੁਦਾਈ। ਯਾਦ ਤੇਰੀ ਦੇ ਤਪਦੇ ਰਾਹੀਂ, ਨੇ ਹਰ ਕਦਮ ਤੇ ਉਜਾੜ ਖੋਲੇ। ਬੇਚੈਨ ਹੋਏ ਜਿਹੇ ਉਡਦੇ ਫਿਰਦੇ ਨੇ ਜਾਂ ਉਮੀਦਾਂ ਦੇ ਵਾਵਰੋਲੇ। ਇਹਨਾਂ ਰਾਹਾਂ ਤੋਂ ਗੁਜ਼ਰ ਜਾਂਦੀ ਹੈ ਰੋਜ਼ ਪੁਨੂੰ ਨੂੰ ਰੋਂਦੀ ਕੋਈ, ਕਦੇ ਕਦੇ ਜਾਂ ਗੁਜ਼ਰ ਨੇ ਜਾਂਦੇ ਵੇ ਖੇੜੇ ਹੀਰਾਂ ਦੇ ਲੈ ਕੇ ਡੋਲੇ। ਜਾਂ ਇਹਨਾਂ ਰਾਹਾਂ ਦੇ ਮੀਲ-ਪੱਥਰਾਂ 'ਤੇ ਰੋਜ਼ ਬਿਰਹੋਂ ਦੇ ਬਾਜ਼ ਬੈਠਣ,ਜਾਂ ਮਾਸ ਖੋਰੀ ਕੋਈ ਡਾਰ ਗਿੱਧਾਂ ਦੀ ਹੱਡੋ-ਰੋੜੇ ਪਈ ਟਟੋਲੇ। ਇਕ ਸਮਾਂ ਸੀ ਮੈਂ ਸਮਝਦੀ ਸਾਂਵੇ ਪ੍ਰੀਤ-ਅਗਨੀ ਦਾ ਕੁੰਡ ਤੈਨੂੰ, ਪਰ ਇਕ ਸਮਾਂ ਹੈ ਤੂੰ ਬੁਝ ਗਿਆ ਹੈਂ ਵੇ ਵਾਂਗ ਧੁਖ਼ਦੇ ਬਿਆਰੀ ਕੋਲੇ । ਯਾਦ ਤੇਰੀ ਦੇ ਤਪਦੇ ਰਾਹੀਂ ਵੇ ਹੋਰ ਮੈਥੋਂ ਨਾ ਟੁਰਿਆ ਜਾਏ। ਕੌਣ ਥੋਰ੍ਹਾਂ ਨੂੰ ਸਮਝ ਕਲੀਆਂ ਵੇ ਜਾਣ ਬੁਝ ਕੇ ਗਲੇ ਲਗਾਏ। ਸੜ੍ਹੈਂਦ ਲੱਦੀ ਹਵਾ ਸਮੇਂ ਦੀ 'ਚ ਕੌਣ ਖ਼ੁਸ਼ੀਆਂ ਦਾ ਇਤਰ ਛਿੜਕੇ, ਕੌਣ ਗਿਰਝਾਂ ਥਾਂ ਹਸਰਤਾਂ ਦੇ ਵੇ ਧੁੰਧਲੇ ਅਰਸ਼ੀਂ ਹੁਮਾ ਉਡਾਏ। ਕੌਣ ਇਸ਼ਕੇ ਦੀ ਖ਼ੂਨੀ ਮਿੱਟੀ 'ਚ ਸੁਪਨਿਆਂ ਦੇ ਵੇ ਬੀਜ ਬੀਜੇ, ਕੌਣ ਦਿਲ ਦੀ ਵੀਰਾਨ ਧਰਤੀ 'ਤੇ ਰੁੱਖ ਮੰਧਾਰੀ ਦੀ ਕਲਮ ਲਾਏ। ਕੌਣ ਜ਼ਖ਼ਮਾਂ 'ਚੋਂ ਪੀਕ ਸਿੰਮਦੀ ਤੇ ਧੂੜੇ ਹੱਥੀਂ ਵੇ ਆਪ ਮਿਰਚਾਂ, ਕੌਣ ਜ਼ੁਲਫ਼ਾਂ ਦੇ ਮਹਿਕੇ ਲੱਛਿਆਂ 'ਚ ਹੂੰਝ ਰਾਹਵਾਂ ਦੀ ਖੇਹ ਮਿਲਾਏ । ਯਾਦ ਤੇਰੀ ਦੇ ਤਪਦੇ ਰਾਹੀਂ ਮੈਂ ਔਸੀਆਂ ਪਾ ਪਾ ਉਮਰ ਹੈ ਗਾਲੀ ਇਕ ਮੇਲ ਤੇਰੇ ਦੀ ਮੈਲੀ ਖਿੰਦੜੀ ਵੇ ਘੋਲ ਕੱਲਰ ਮੈਂ ਨਿੱਤ ਹੰਗਾਲੀ। ਨਿੱਤ ਉਡੀਕਾਂ ਦੀ ਅੱਗ ਪੀ ਪੀ ਕੇ ਦਿਲ ਦਾ ਪਿੱਤਾ ਮੈਂ ਸਾੜ ਲੀਤਾ, ਮੈਂ ਆਪ ਆਪਣੀ ਖ਼ੁਸ਼ੀ ਦੇ ਚੰਬੇ ਦੀ ਛਾਂਗ ਸੁੱਟੀ ਹੈ ਡਾਲੀ ਡਾਲੀ। ਤੇਲ ਹੁੰਦਿਆਂ ਵੀ ਮੇਰੀ ਮਹਿਫ਼ਲ ਦੇ ਸਾਰੇ ਦੀਵੇ ਕਿਉਂ ਬੁਝ ਗਏ ਨੇ, ਪਤਾ ਨਹੀਂ ਮਾਲੀ ਤੋਂ ਹਰ ਲਗਰ ਨੂੰ ਕਿਉਂ ਸੁਹਣਾ ਲੱਗਦਾ ਹੈ ਅੱਜ ਅਯਾਲੀ? ਠਹਿਰ ਮੌਤੇ ਨੀ ਲੈ ਜਾ ਮੈਨੂੰ-ਨਿਰਾਸ ਹੋ ਕੇ ਕਿਉਂ ਮੁੜ ਚੱਲੀ ਏਂ, ਖਾਲੀ ਮੋੜਨ ਨੂੰ ਜੀ ਨਹੀਂ ਕਰਦਾ ਜਦੋਂ ਦਰ 'ਤੇ ਆਇਆ ਕੋਈ ਸਵਾਲੀ ।

(ਸ਼ਿਵ ਕੁਮਾਰ ਬਟਾਲਵੀ)














# ਰਾਸ਼ੀਫਲ



**ਮੇਸ਼ ਰਾਸ਼ੀ:** ਅੱਜ ਤੁਸੀਂ ਆਪਣੀ ਦਿੱਖ ਜਾਂ ਆਪਣੀਆਂ ਸਮਰੱਥਾਵਾਂ ਦੇ ਲਈ – ਹਰ ਕਿਸੇ ਦੇ ਧਿਆਨ ਦਾ ਕੇਂਦਰ ਹੋਵੋਗੇ। ਤੁਹਾਨੂੰ ਮੌਕੇ ਦਾ ਪੂਰਾ ਫਾਇਦਾ ਚੁੱਕਣਾ ਚਾਹੀਦਾ ਹੈ ਅਤੇ ਆਪਣੇ ਆਪ ਨੂੰ ਰੀਚਾਰਜ ਕਰਨਾ ਚਾਹੀਦਾ ਹੈ। ਤੁਸੀਂ ਤੁਹਾਡੇ ਵੱਲੋਂ ਪ੍ਰਾਪਤ ਕੀਤੀ ਊਰਜਾ ਨਾਲ ਬਹੁਤ ਕੁਝ ਹਾਸਿਲ ਕਰ ਸਕਦੇ ਹੋ।

**ਵ੍ਰਿਸ਼ਭ ਰਾਸ਼ੀ:** ਅੱਜ ਬਹੁਤ ਜ਼ਿਆਦਾ ਸਖਤ ਬਣਨਾ ਜਾਂ ਮੰਗਾਂ ਕਰਨਾ ਚੰਗਾ ਨਹੀਂ ਹੈ। ਤੁਹਾਨੂੰ ਅਪਵਾਦਾਂ, ਬਹਿਸਾਂ, ਜਾਂ ਲੜਾਈਆਂ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ। ਜੇ ਤੁਸੀਂ ਇਹਨਾਂ ਵਿੱਚੋਂ ਕਿਸੇ ਨੂੰ ਟਾਲ ਨਹੀਂ ਸਕਦੇ ਤਾਂ ਇਹ ਯਕੀਨੀ ਬਣਾਓ ਕਿ ਤੁਸੀਂ ਹੀ ਉਹ ਹੋਵੋਗੇ ਜਿਸ ਨੂੰ ਪਿੱਛੇ ਹਟਣਾ ਪਵੇਗਾ। ਸ਼ਰਮਿੰਦਗੀ ਹੋਣ ਅਤੇ ਆਤਮ-ਸਨਮਾਨ ਨੂੰ ਖੋਣ ਤੋਂ ਰੋਕਿਆ ਨਹੀਂ ਜਾ ਸਕਦਾ।

**ਮਿਥੁਨ ਰਾਸ਼ੀ:** ਤੁਸੀਂ ਸੰਭਾਵਿਤ ਤੌਰ ਉਹ ਚੀਜ਼ਾਂ ਕਰੋਗੇ ਜੋ ਤੁਹਾਡੇ ਦਿਲ ਦੇ ਨਜ਼ਦੀਕ ਹਨ। ਤੁਸੀਂ ਲੋੜਵੰਦ ਲੋਕਾਂ ਦੀ ਮਦਦ ਕਰਨ ਬਾਰੇ ਸੋਚੋਗੇ ਅਤੇ ਇਸ ਪ੍ਰਕਿਰਿਆ ਦੇ ਵਿੱਚ ਆਜ਼ਾਦ ਮਹਿਸੂਸ ਕਰੋਗੇ। ਤੁਹਾਡੇ ਮਨ ਦਾ ਉਪਕਾਰੀ ਝੁਕਾਅ ਤੁਹਾਡੇ ਸਮਾਜਿਕ ਰੁਤਬੇ ਨੂੰ ਉੱਚਾ ਚੁੱਕੇਗਾ ਅਤੇ ਆਤਮ-ਵਿਸ਼ਵਾਸ ਨੂੰ ਸੁਧਾਰੇਗਾ।

**ਕਰਕ ਰਾਸ਼ੀ:** ਅੱਜ ਤੁਹਾਨੂੰ ਅਣਇੱਛਿਤ ਘਟਨਾਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਦੇ ਨਤੀਜੇ ਵਜੋਂ, ਤੁਸੀਂ ਦੁਖੀ ਮਹਿਸੂਸ ਕਰੋਗੇ। ਹਾਲਾਂਕਿ, ਤੁਸੀਂ ਕੁਸ਼ਲਤਾ ਨਾਲ ਇਸ ਵਿੱਚੋਂ ਬਾਹਰ ਆ ਜਾਓਗੇ। ਇਹ ਯਾਦ ਰੱਖੋ ਕਿ ਸਫਲਤਾ ਆਸਾਨੀ ਨਾਲ ਨਹੀਂ ਮਿਲਦੀ; ਇਸ ਲਈ ਵਿਅਕਤੀ ਨੂੰ ਸਖਤ ਮਿਹਨਤ ਕਰਨੀ ਪੈਂਦੀ ਹੈ।

**ਸਿੰਘ ਰਾਸ਼ੀ:** ਇਹ ਪੁਰਾਣੇ ਦੋਸਤਾਂ ਨਾਲ ਦੁਬਾਰਾ ਜੁੜਨ ਅਤੇ ਨਵੇਂ ਸੰਬੰਧ ਬਣਾਉਣ ਲਈ ਵਧੀਆ ਦਿਨ ਹੈ। ਤੁਹਾਡੇ ਦੋਸਤ ਅਤੇ ਰਿਸ਼ਤੇਦਾਰ ਅੱਜ ਸ਼ਾਇਦ ਤੁਹਾਨੂੰ ਮਿਲਣ ਆ ਸਕਦੇ ਹਨ। ਤੁਹਾਡੇ ਘਰ ਵਿੱਚ ਵਧੀਆ-ਹਾਸਿਆਂ ਭਰਿਆ ਮਾਹੌਲ ਬਣੇਗਾ। ਤੁਸੀਂ ਆਪਣੇ ਮੁਲਾਕਾਤੀਆਂ ਅਤੇ ਮਹਿਮਾਨਾਂ ਲਈ ਉੱਤਮ ਸਮਾਗਮ ਰੱਖ ਸਕਦੇ ਹੋ।

**ਕੰਨਿਆ ਰਾਸ਼ੀ:** ਤਰਕ ਅਤੇ ਭਾਵਨਾਵਾਂ ਅੱਜ ਤੁਹਾਡੇ ਸੰਬੰਧਾਂ ਅਤੇ ਰਿਸ਼ਤਿਆਂ ਨੂੰ ਪ੍ਰਭਾਵਿਤ ਕਰਨਗੀਆਂ। ਭਾਵਨਾਤਮਕ ਤੌਰ ਤੇ, ਤੁਸੀਂ ਥੋੜ੍ਹੇ ਉਲਝੇ ਮਹਿਸੂਸ ਕਰੋਗੇ ਅਤੇ ਆਪਣੀਆਂ ਭਾਵਨਾਵਾਂ ਅਤੇ ਤੁਹਾਡੇ ਤੋਂ ਅਸਲ ਵਿੱਚ ਕੀ ਉਮੀਦ ਕੀਤਾ ਜਾਂਦਾ ਹੈ ਇਸ ਵਿਚਕਾਰ ਉਲਝੋਗੇ। ਹਾਲਾਂਕਿ, ਆਖਿਰਕਾਰ, ਦੂਜਿਆਂ ਦੇ ਵਿਚਾਰਾਂ 'ਤੇ ਨਿਰਭਰ ਕਰਨ ਦੀ ਬਜਾਏ ਤੁਸੀਂ ਆਪਣੀ ਅੰਦਰੂਨੀ ਆਵਾਜ਼ ਵੱਲ ਜ਼ਿਆਦਾ ਧਿਆਨ ਦਿਓਗੇ।

**ਤੁਲਾ ਰਾਸ਼ੀ:** ਤੁਹਾਡਾ ਨਾਟਕੀਪਨ ਅੱਗੇ ਆਵੇਗਾ। ਭਾਵੇਂ ਇਹ ਆਪਣੇ ਕੰਮ ਪ੍ਰਤੀ ਵਚਨਬੱਧਤਾ ਦੀ ਪੇਸ਼ਕਾਰੀ, ਜਾਂ ਤੁਹਾਡੇ ਪਰਿਵਾਰ ਪ੍ਰਤੀ ਸਮਰਪਣ ਹੋਵੇ, ਤੁਹਾਡੇ ਤੋਂ ਅੱਜ ਤੁਹਾਡੇ ਵੱਲੋਂ ਕੀਤੇ ਜਾਂਦੇ ਹਰ ਕੰਮ ਦਾ ਪ੍ਰਦਰਸ਼ਨ ਕਰਨ ਦੀ ਉਮੀਦ ਕੀਤੀ ਜਾ ਸਕਦੀ ਹੈ। ਤੁਸੀਂ ਦੂਜਿਆਂ ਵਾਂਗ ਵਧੀਆ ਕਰਕੇ ਵਪਾਰ ਵਿੱਚ ਬਿਹਤਰ ਕਰ ਸਕਦੇ ਹੋ ਕਿਉਂਕਿ ਤੁਸੀਂ ਤੁਹਾਨੂੰ ਦਿੱਤੇ ਸਾਰੇ ਕੰਮਾਂ ਲਈ ਉੱਤਮ ਫੈਸਲਾ ਹੋਣਾ ਸਾਬਿਤ ਕਰ ਸਕਦੇ ਹੋ।

**ਵ੍ਰਿਸ਼ਚਿਕ ਰਾਸ਼ੀ:** ਤੁਹਾਡੇ ਸਿਤਾਰੇ ਦਿਖਾ ਰਹੇ ਹਨ ਕਿ ਤੁਸੀਂ ਅੱਜ ਬਹੁਤ ਜ਼ਿਆਦਾ ਖਰਚ ਕਰੋਗੇ। ਹਾਲਾਂਕਿ, ਤੁਸੀਂ ਅਜਿਹਾ ਆਪਣੇ ਪਿਆਰਿਆਂ ਲਈ ਕਰੋਗੇ। ਜੇ ਸਾਰੀਆਂ ਚੀਜ਼ਾਂ 'ਤੇ ਵਿਚਾਰ ਕਰੀਏ ਤਾਂ ਪਿਆਰਿਆਂ ਤੋਂ ਬਿਨ੍ਹਾਂ ਪੈਸਾ ਹੈ ਹੀ ਕੀ? ਤੁਸੀਂ ਉਹਨਾਂ ਨੂੰ ਯਾਤਰਾਵਾਂ 'ਤੇ ਅਤੇ ਬਾਹਰ ਘੁੰਮਾਉਣ ਲੈ ਜਾ ਕੇ ਖੁਸ਼ ਕਰਨ ਲਈ ਵਿਸ਼ੇਸ਼ ਕੋਸ਼ਿਸ਼ ਵੀ ਕਰ ਸਕਦੇ ਹੋ।

**ਧਨੁ ਰਾਸ਼ੀ:** ਅੱਜ ਤੁਸੀਂ ਆਪਣੇ ਬਚਪਨ ਦੀਆਂ ਯਾਦਾਂ ਨੂੰ ਮੁੜ ਤਾਜ਼ਾ ਕਰ ਸਕਦੇ ਹੋ। ਤੁਸੀਂ ਸ਼ਹਿਰ ਦੇ ਬਾਹਰੀ ਭਾਗਾਂ ਵਿੱਚ, ਯਾਤਰਾ ਕਰਨ ਲਈ ਅਚਾਨਕ ਛੁੱਟੀ ਲੈ ਕੇ ਇਸ ਦਾ ਅਭਿਆਸ ਵੀ ਕਰ ਸਕਦੇ ਹੋ। ਨਾਲ ਹੀ, ਕਿਸੇ ਪੁਰਾਣੇ ਦੋਸਤ ਨੂੰ ਮਿਲਣਾ ਕੇਵਲ ਤੁਹਾਡੇ ਅਨੁਭਵ ਨੂੰ ਸੁਧਾਰੇਗਾ ਹੀ।

**ਮਕਰ ਰਾਸ਼ੀ:** ਕੰਮ 'ਤੇ ਇਨਾਮ ਤੁਹਾਡੀ ਉਡੀਕ ਕਰਨਗੇ, ਅਤੇ ਜ਼ਿਆਦਾਤਰ ਮਾਮਲਿਆਂ ਦੇ ਉਲਟ, ਸਹਿਕਰਮੀ ਤੁਹਾਡੀ ਸਫਲਤਾ ਤੋਂ ਈਰਖਾ ਨਹੀਂ ਕਰਨਗੇ। ਉਹ ਤੁਹਾਨੂੰ ਪੂਰੀ ਤਰ੍ਹਾਂ ਸਮਰਥਨ ਦੇਣਗੇ। ਤੁਹਾਡੇ ਵਿੱਚੋਂ ਜੋ ਲੋਕ ਨੌਕਰੀਆਂ ਬਦਲਣ ਦੀ ਕੋਸ਼ਿਸ਼ ਕਰ ਰਹੇ ਹਨ, ਕਿਰਪਾ ਕਰਕੇ ਥੋੜ੍ਹਾ ਸਮਾਂ ਇੰਤਜ਼ਾਰ ਕਰੋ, ਹੋ ਸਕਦਾ ਹੈ ਕਿ ਇਹ ਸਹੀ ਸਮਾਂ ਨਾ ਹੋਵੇ।

**ਕੁੰਭ ਰਾਸ਼ੀ:** ਜੇ ਪਰਮਾਤਮਾ ਤੁਹਾਨੂੰ ਦੁੱਖ ਦਿੰਦਾ ਹੈ ਤਾਂ ਉਹ ਤੁਹਾਨੂੰ ਖੁਸ਼ੀਆਂ ਵੀ ਦੇਵੇਗਾ। ਤੁਸੀਂ ਕੀਤੇ ਜਾਣ ਵਾਲੇ ਕੰਮਾਂ ਦੀ ਲੰਬੀ ਸੂਚੀ ਨਾਲ ਆਪਣੇ ਦਿਨ ਦੀ ਸ਼ੁਰੂਆਤ ਕਰੋਗੇ, ਫੇਰ ਵੀ ਕਿਸਮਤ ਨਾਲ, ਤੁਸੀਂ ਉਹਨਾਂ ਨੂੰ ਸੰਭਾਵਿਤ ਤੌਰ ਤੇ ਇੱਕ ਇੱਕ ਕਰਕੇ ਪੂਰਾ ਕਰ ਦਿਓਗੇ।

**ਮੀਨ ਰਾਸ਼ੀ:** ਤੁਸੀਂ ਆਪਣੇ ਰੋਜ਼ਾਨਾ ਦੇ ਰੁਟੀਨ ਨੂੰ ਵਿਵਸਥਿਤ ਕਰਨ ਲਈ ਸਖਤ ਮਿਹਨਤ ਕਰੋਗੇ, ਪਰ ਗ੍ਰਹਿਆਂ ਦੀ ਖਰਾਬ ਦਿਸ਼ਾ ਦੇ ਕਾਰਨ, ਅੱਜ ਤੁਸੀਂ ਚੀਜ਼ਾਂ ਨੂੰ ਸਫਲਤਾਪੂਰਵਕ ਸੁਲਝਾ ਨਹੀਂ ਪਾਓਗੇ। ਤੁਹਾਨੂੰ ਸੰਤੋਖੀ ਰਹਿਣ ਅਤੇ ਚੀਜ਼ਾਂ ਜਿਸ ਤਰ੍ਹਾਂ ਹਨ ਉਸ ਤਰ੍ਹਾਂ ਰਹਿਣ ਦੇਣ ਪਰ ਬਦਲਾਅ ਦੇ ਜਜ਼ਬਾਤਾਂ 'ਤੇ ਕਾਬੂ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ।

# "ਰੋਟੀ-ਪਾਣੀ ਚੱਜ ਦਾ...

ਤੈਨੂੰ ਕਿੰਨੀ ਵਾਰੀ ਕਿਹਾ, "ਰੋਟੀ-ਪਾਣੀ ਚੱਜ ਦਾ ਬਣਾ ਲਿਆ ਕਰ। ਸਾਰਾ ਦਿਨ ਕੰਮ ਕਰਦਾ ਤੇ ਤੇਰੇ ਤੋ ਆਹ ਤਿੰਨ ਟਾਇਮ ਦੀ ਰੋਟੀ ਵੀ ਚੱਜ ਨਾਲ ਨਹੀਂ ਬਣਾ ਕਿ ਖਵਾਈ ਜਾਂਦੀ।" ਰਮੇਸ਼ ਅੱਜ ਸਵੇਰੇ-ਸਵੇਰੇ ਹੀ ਆਪਣਾ ਬੈਗ ਅਤੇ ਰੁਮਾਲ ਚੁੱਕਦਾ-ਚੁੱਕਦਾ ਗੁੱਸੇ ਨਾਲ ਬੋਲਿਆ ਅਤੇ ਕੋਲ ਮੇਜ ਤੇ ਪੈਕ ਕੀਤੇ ਹੋਏ ਰੋਟੀ ਵਾਲੇ ਟੀਫਿੰਨ ਨੂੰ ਉਥੇ ਹੀ ਛੱਡ ਕੇ ਕੋਠੀ ਤੋਂ ਬਾਹਰ ਵੱਲ ਚੱਲ ਪਿਆ। ਰਮੇਸ਼ 1 ਸਟੀਲ ਕੰਪਨੀ ਦਾ ਮਾਲਕ ਸੀ ਤੇ ਸ਼ਹਿਰ ਦਾ ਅਮੀਰ ਬੰਦਾ ਸੀ। ਬਾਹਰ ਜਾਕੇ ਆਪਣੀ ਗੱਡੀ ਸਟਾਰਟ ਕਰ ਤੁਰਨ ਹੀ ਲੱਗਾ ਸੀ ਕਿ ਉਸ ਵਕਤ ਹੀ ਉਸਦੀ ਪਤਨੀ ਪਿੱਛੇ ਹੀ ਉਸਦਾ ਰੋਟੀ ਵਾਲਾ ਟਫਿੰਨ ਲੈਅ ਆਈ ਤੇ ਰਮੇਸ਼ ਨੂੰ ਮਿੰਨਤਾ ਕਰਨ ਲੱਗੀ ਕਿ ਰੋਟੀ ਵਾਲਾ ਡੱਬਾ ਨਾਲ ਲੈਅ ਜਾਓ। ਤੁਹਾਨੂੰ ਦੁਪਿਹਰੇ ਭੁੱਖ ਲੱਗੂ। ਰਮੇਸ਼ ਨੇ ਮੂੰਹ ਵਿੱਚ ਹੀ ਬੁੜ - ਬੁੜ ਕਰਦੇ ਨੇ ਉਹ ਟੀਫਿੰਨ ਫੜ ਲਿਆ ਤੇ ਗੱਡੀ ਵਿੱਚ ਰੱਖ ਲਿਆ।

ਰਮੇਸ਼ ਆਪਣੀ ਕੰਪਨੀ ਪਹੁੰਚਿਆ ਤੇ ਸਾਰਾ ਕੰਮ ਦੇਖਣ ਲੱਗਾ। ਕੰਮਕਾਰ ਦੇਖਦੇ-ਦੇਖਦੇ ਦੁਪਿਹਰ ਹੋ ਗਈ। ਰਮੇਸ਼ ਨੂੰ ਭੁੱਖ ਲੱਗ ਆਈ। ਉਸਨੇ ਉਸੇ ਵਕਤ ਫੋਨ ਚੁੱਕਿਆ ਤੇ ਸਵਿੱਗੀ ਤੋਂ ਖਾਣਾ ਆਰਡਰ ਕਰ ਦਿੱਤਾ। ਰਮੇਸ਼ ਨੂੰ ਭੁੱਖ ਬਹੁਤ ਜਿਆਦਾ ਲੱਗੀ ਹੋਈ ਸੀ ਇਸ ਲਈ ਉਸਦਾ ਕੰਮ 'ਚ ਮਨ ਨਹੀਂ ਲੱਗ ਰਿਹਾ ਸੀ। ਉਸਨੇ ਆਪਣੇ ਆਪ ਨੂੰ ਕਿਹਾ ,"ਜਿੰਨਾ ਟਾਇਮ ਸਵਿੱਗੀ ਵਾਲਾ ਖਾਣਾ ਲੈਕੇ ਨਹੀਂ ਆਉਂਦਾ ਉਨ੍ਹਾਂ ਟਾਇਮ ਬਾਹਰ ਗੇੜਾ ਹੀ ਦੇ ਲੈਂਦਾ ਹਾਂ, ਅੱਜ ਬਾਹਰ ਮੌਸਮ ਵੀ ਬਹੁਤ ਸੋਹਣਾ ਹੈ। ਇਸੇ ਬਹਾਨੇ ਟਾਇਮ ਪਾਸ ਹੋ ਜਾਊ।"

ਰਮੇਸ਼ ਆਪਣੇ ਆਫਿਸ ਤੋਂ ਬਾਹਰ ਆਇਆ ਤੇ ਫੈਕਟਰੀ ਦੇ ਇੱਕ ਪਾਸੇ ਬਣਾਏ ਛੋਟੇ ਜਿਹੇ ਪਾਰਕ ਵਿੱਚ ਗੇੜੇ ਕੱਢਣ ਲੱਗਾ। ਗੇੜੇ ਕੱਡਦੇ- ਕੱਡਦੇ ਉਸਦੇ ਕੰਨਾਂ ਵਿੱਚ ਅਵਾਜ ਪਈ।

"ਅੱਜ ਦੋ ਹੀ ਰੋਟੀਆਂ ਕਿਉਂ ਲੈਕੇ ਆਈ ਹੈ ? ਅੱਗੇ ਤਾਂ ਛੇ ਰੋਟੀਆਂ ਹੁੰਦੀਆਂ ਨੇ। ਦੋ ਨਾਲ ਆਪਣੇ ਦੋਵਾਂ ਦਾ ਕਿਵੇਂ ਸਰੂ।" ਪਾਰਕ ਵਿੱਚ ਇੱਕ ਰੁੱਖ ਹੇਠ ਬੈਠਾ ਇੱਕ ਬਜੁਰਗ ਮਜਦੂਰ ਆਪਣੀ ਪਤਨੀ ਨੂੰ ਬੋਲ ਰਿਹਾ ਸੀ। ਇਹ ਮਜਦੂਰ ਤੇ ਇਸਦੀ ਪਤਨੀ, ਦੋਵੇਂ ਰਮੇਸ਼ ਦੀ ਕੰਪਨੀ ਵਿੱਚ ਹੀ ਕੰਮ ਕਰਦੇ ਸੀ।

"ਅੱਜ ਆਟਾ ਮੁੱਕ ਗਿਆ ਸੀ। ਗੁਆਂਢੀਆਂ ਦੇ ਘਰੋ ਪੁੱਛਿਆ ਤਾਂ ਉਹਨਾਂ ਨੇ ਵੀ ਜਵਾਬ ਦੇਤਾ। ਤੁਸੀ ਦੋਵੇਂ ਰੋਟੀਆਂ ਖਾ ਲਵੋ,ਮੈ ਸਾਰ ਲਵਾਂਗੀ।" ਬੁੱਢੇ ਮਜਦੂਰ ਦੀ ਪਤਨੀ ਬੋਲੀ।

"ਕੋਈ ਨਾ ਐਵੇਂ ਮਨ ਹੌਲਾ ਨਾ ਕਰ, ਦੋਵੇਂ ਰਲ ਕੇ ਖਾਨੇ ਆ। ਤੇਰੇ ਹੱਥਾਂ ਚ ਤਾਂ ਜਾਦੂ ਐ, ਤੇਰੀ ਬਣਾਈ ਰੋਟੀ ਤਾਂ ਇੰਨੀ ਸਵਾਦ ਹੁੰਦੀ ਹੈ ਕਿ ਸਾਰੀਆਂ ਕਸਰਾਂ ਪੂਰੀਆਂ ਹੋ ਜਾਂਦੀਆਂ ਨੇ। ਤੈਨੂੰ ਪਤਾ ਤਾਂ ਹੈ, ਸਵਾਦ ਚੀਜਾਂ ਗਿਣਤੀ 'ਚ ਘੱਟ ਹੀ ਮਿਲਦੀਆਂ ਹੁੰਦੀਆਂ।" ਬਜੁਰਗ ਮਜਦੂਰ ਹੱਸਦਾ ਹੋਇਆ ਬੋਲਿਆ ਤੇ ਦੋਵੇਂ ਜਾਣੇ ਹੱਸਦੇ-ਹੱਸਦੇ ਰੋਟੀ ਖਾਣ ਲੱਗੇ। ਰਮੇਸ਼ ਨੇ ਸੋਚਿਆ ਕਿ ਅਜਿਹਾ ਕੀ ਪਕਾ ਕਿ ਲੈਕੇ ਆਉਂਦੀ ਹੈ ਇਸਦੀ ਪਤਨੀ ਰੋਟੀ ਨਾਲ ਜੋਂ ਇਹ ਇੰਨੀ ਸਵਾਦ ਅਤੇ ਖੁਸ਼ੀ ਨਾਲ ਖਾ ਰਿਹਾ ਹੈ। ਉਸਨੇ ਬਹੁਤ ਉਤਸੁਕਤਾ ਨਾਲ ਉਹਨਾਂ ਦੇ ਹੱਥਾਂ ਵੱਲ ਝਾਤ ਮਾਰੀ ਤਾਂ ਦੇਖਿਆ ਦੋਵਾਂ ਦੀਆਂ ਰੋਟੀਆਂ ਤੇ ਇੱਕ-ਇੱਕ ਫ਼ਾੜੀ ਅੰਬ ਦੇ ਅਚਾਰ ਦੀ ਸੀ।

ਰਮੇਸ਼ ਨੂੰ ਉਸੇ ਵਕਤ ਸਵੇਰੇ ਆਪਣੇ ਵੱਲੋ ਉਸਦੀ ਪਤਨੀ ਨਾਲ ਕੀਤਾ ਵਰਤਾਵ ਯਾਦ ਆ ਗਿਆ। ਉਸਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤੇ ਉਹ ਸੋਚਣ ਲੱਗਾ ਕਿ "ਮੈ ਕਿੰਨਾ ਨਾ-ਸ਼ੁਕਰਾ ਮੇਰੀ ਪਤਨੀ ਹਰ ਰੋਜ ਮੇਰੇ ਲਈ ਕਿੰਨੀ ਮਹਿਨਤ ਕਰਕੇ ਖਾਣਾ ਪਕਾਉਂਦੀ ਹੈ ਤੇ ਮੈ ਹਰ ਰੋਜ ਬਿਨਾ ਗੱਲੋਂ ਉਸਦੇ ਵਿੱਚ ਕਮੀਆਂ ਲੱਭਦਾ ਰਹਿੰਦਾ ਹਾਂ।" ਰਮੇਸ਼ ਆਪਣੀ ਗੱਡੀ ਵੱਲ ਤੁਰ ਪਿਆ ਤੇ ਟੀਫਿੰਨ ਕੱਢ ਆਫਿਸ ਵੱਲ ਵਾਪਸ ਕਦਮ ਪੁੱਟਿਆ ਹੀ ਸੀ ਕਿ ਉਸਨੂੰ ਸਵਿੱਗੀ ਵਾਲੇ ਦਾ ਫੋਨ ਆ ਗਿਆ। ਉਸਨੇ ਆਪਣੇ ਗੇਟਮੇਨ ਨੂੰ ਆਰਡਰ ਵਾਲਾ ਖਾਣਾ ਫੜਕੇ ਲਿਉਣ ਲਈ ਕਿਹਾ ਤੇ ਉਸਨੂੰ ਆਦੇਸ਼ ਦਿੱਤਾ ਕਿ ਇਹ ਖਾਣਾ ਉਸ ਬਜੁਰਗ ਮਜਦੂਰ ਤੇ ਉਸਦੀ ਪਤਨੀ ਨੂੰ ਦੇ ਦੇਵੀ। ਰਮੇਸ਼ ਵਾਪਸ ਆਪਣੇ ਆਫਿਸ ਵਿੱਚ ਆਇਆ। ਉਸਨੇ ਰੋਟੀ ਵਾਲਾ ਟਿਫਿੰਨ ਖੋਲਿਆ ਤਾਂ ਦੇਖਿਆ ਕਿ ਇੱਕ ਡੱਬੇ ਵਿੱਚ ਮੈਕਸ ਵੇਜ਼ ਸਬਜੀ ਸੀ ਤੇ ਦੂਜੇ ਵਿੱਚ ਪਨੀਰ ਦੀ ਭੁਰਜੀ। ਤੀਜੇ ਵਿੱਚ ਮੁਲਾਇਮ ਮੁਲਾਇਮ ਪਰੌਂਠੇ ਬਣਾ ਕਿ ਸਿਲਵਰ ਫੋਆਇਲ ਵਿੱਚ ਪੈਕ ਕੀਤੇ ਹੋਏ ਸੀ। ਖਾਣੇ ਵਿੱਚੋ ਮਸਾਲਿਆਂ ਦੀ ਬਹੁਤ ਸੋਹਣੀ ਮਹਿਕ ਆ ਰਹੀ ਸੀ। ਰਮੇਸ਼ ਨੇ ਜਦੋਂ ਹੀ ਪਹਿਲੀ ਬੁਰਕੀ ਲਗਾਈ ਤਾਂ ਅੱਜ ਉਸਨੂੰ ਦੁਨੀਆ ਦਾ ਸਭ ਤੋਂ ਵੱਧ ਸਵਾਦ ਆਇਆ। ਉਸਨੂੰ ਉਸ ਬੁਰਕੀ ਵਿੱਚ ਆਪਣੀ ਪਤਨੀ ਦਾ ਪਿਆਰ ਅਤੇ ਉਸਦੀ ਮਹਿਨਤ ਮਹਿਸੂਸ ਹੋਈ। ਦੂਜੇ ਪਾਸੇ ਬਜੁਰਗ ਜੌੜਾ ਵੀ ਸਵਿੱਗੀ ਤੋਂ ਆਏ ਹੋਏ ਖਾਣੇ ਨਾਲ ਆਪਣਾ ਢਿੱਡ ਭਰ ਰਿਹਾ ਸੀ।

ਹੁਣ ਆਫਿਸ ਵਿੱਚ ਬੈਠਾ ਰਮੇਸ਼ ਉਹਨਾਂ ਬਜੁਰਗ ਪਤੀ ਪਤਨੀ ਦਾ ਸ਼ੁਕਰੀਆ ਕਰ ਰਿਹਾ ਸੀ ਕਿ ਉਹਨਾਂ ਨੇ ਉਸਨੂੰ ਖੁਸ਼ ਪਰਿਵਾਰ ਦਾ ਰਾਜ ਸਿਖਾ ਦਿੱਤਾ ਤੇ ਬਾਹਰ ਖਾਣਾ ਖਾ ਰਿਹਾ ਬਜੁਰਗ ਜੌੜਾ ਰਮੇਸ਼ ਨੂੰ ਦੁਆਵਾਂ ਦੇ ਰਿਹਾ ਰਿਹਾ ਸੀ,ਕਿਉਕਿ ਉਸਨੇ ਉਹਨਾਂ ਨੂੰ ਲਾਜਵਾਬ ਖਾਣਾ ਖਵਾਇਆ ਸੀ।

ਜਗਮੀਤ ਸਿੰਘ ਹਠੂਰ

# ਜ਼ਿੰਦਗੀ ਦਾ ਸਭ ਤੋਂ ਔਖਾ ਸਫ਼ਰ...



ਦੀਪ ਸਿਰਫ਼ ਤਿੰਨ ਮਹੀਨਿਆਂ ਦਾ ਸੀ ਜਦੋਂ ਉਸਦਾ ਪਿਓ ਮੁੱਕ ਗਿਆ, ਭੋਗ ਪੈਣ ਤੋਂ ਬਾਅਦ ਉਸਦੀ ਮਾਂ ਉਸਨੂੰ ਲੈਕੇ ਆਪਣੇ ਪੇਕੇ ਘਰ ਆ ਗਈ, ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਇਹ ਬੱਚਾ ਹੁਣ ਆਪਣੀ ਜ਼ਿੰਦਗੀ ਦਾ ਸਭ ਤੋਂ ਔਖਾ ਸਫ਼ਰ ਸ਼ੁਰੂ ਕਰਨ ਜਾ ਰਿਹਾ ਹੈ।

ਦਿਨ ਮਹੀਨਿਆਂ ਵਿੱਚ, ਮਹੀਨੇ ਸਾਲਾਂ ਵਿੱਚ ਬਦਲਦੇ ਗਏ ਪਰ ਇੱਕ ਵੀ ਦਿਨ ਅਜਿਹਾ ਨਾ ਆਇਆ ਜਦੋਂ ਦਾਦਕਿਆਂ ਵਿੱਚੋਂ ਕੋਈ ਉਸ ਨਿੱਕੇ ਜਿਹੇ ਬੱਚੇ ਨੂੰ ਮਿਲਣ ਆਇਆ ਹੋਵੇ, ਕਿਸੇ ਨੇ ਕਦੇ ਨਾ ਪੁੱਛਿਆ ਕਿ ਉਹ ਕਿਵੇਂ ਹੈ।

ਦੀਪ ਜਦੋਂ ਚਾਰ ਸਾਲ ਦਾ ਹੋਇਆ ਤਾਂ ਸਮਾਜ ਦੀਆਂ ਰਸਮਾਂ ਅੱਗੇ ਉਸਦੀ ਮਾਂ ਵੀ ਹਾਰ ਗਈ, ਨਾਨਕਿਆਂ ਨੇ ਉਸਦਾ ਦੂਜਾ ਵਿਆਹ ਕਰ ਦਿੱਤਾ, ਜਦੋਂ ਮਾਂ ਦੀ ਡੋਲੀ ਤੁਰੀ ਦੀਪ ਉਸਦੀ ਚੁੰਨੀ ਦਾ ਲੜ ਫੜਕੇ ਬਹੁਤ ਰੋਇਆ....ਮਾਂ... ਮੈਨੂੰ ਵੀ ਨਾਲ ਲੈ ਚੱਲ...ਪਰ ਉਸਦੀਆਂ ਨਿੱਕੀਆਂ ਉਂਗਲਾਂ ਮਾਂ ਦੀ ਚੁੰਨੀ ਨੂੰ ਜ਼ਿਆਦਾ ਦੇਰ ਤੱਕ ਫੜਕੇ ਨਾ ਰੱਖ ਸਕੀਆਂ।

ਮਾਂ ਦੀ ਡੋਲੀ ਅੱਖਾਂ ਤੋਂ ਉਹਲੇ ਹੋ ਗਈ ਪਰ ਦੀਪ ਦੀਆਂ ਅੱਖਾਂ ਬੂਹੇ ਵੱਲ ਹੀ ਲੱਗੀਆਂ ਰਹੀਆਂ, ਉਸਨੂੰ ਲੱਗਦਾ ਸੀ ਕਿ ਮਾਂ ਸ਼ਾਮ ਤੱਕ ਵਾਪਸ ਆ ਜਾਵੇਗੀ, ਉਹ ਕਈ ਦਿਨ ਘਰ ਦੇ ਬਾਹਰ ਬੈਠਾ ਗਲੀ ਵਿੱਚੋਂ ਲੰਘਦੀ ਹਰ ਔਰਤ ਵਿੱਚੋਂ ਆਪਣੀ ਮਾਂ ਨੂੰ ਲੱਭਦਾ ਰਿਹਾ।

ਉਹ ਰਾਤਾਂ ਨੂੰ ਉੱਠ-ਉੱਠ ਕੇ ਬਹੁਤ ਰੋਂਦਾ, ਉਸਦੇ ਹੰਝੂ ਪੂੰਝਣ ਵਾਲੀ ਉਸ ਕੋਲ ਸਿਰਫ ਉਸਦੀ ਨਾਨੀ ਸੀ...ਨਾਨੀ ਨੇ ਉਸਨੂੰ ਛਾਤੀ ਨਾਲ ਲਾਕੇ ਕਿਹਾ....ਪੁੱਤ... ਅੱਜ ਤੋਂ ਮੈਂ ਹੀ ਤੇਰੀ ਮਾਂ ਹਾਂ 'ਤੇ ਮੈਂ ਹੀ ਤੇਰਾ ਪਿਉ ਹਾਂ...ਸ਼ਾਇਦ ਉਸ ਦਿਨ ਤੋਂ ਰੱਬ ਨੇ ਵੀ ਆਪਣੀ ਇੱਕ ਡਿਊਟੀ ਨਾਨੀ ਨੂੰ ਦੇ ਦਿੱਤੀ ਸੀ।

ਦੀਪ ਜਦੋਂ ਪੰਜ ਸਾਲ ਦਾ ਹੋਇਆ ਤਾਂ ਨਾਨੀ ਨੇ ਪਿੰਡ ਦੇ ਸਰਕਾਰੀ ਸਕੂਲ ਵਿੱਚ ਦਾਖ਼ਲ ਕਰਵਾ ਦਿੱਤਾ, ਉਸਦੇ ਕੋਲ ਨਵਾਂ ਬਸਤਾ ਖਰੀਦਣ ਲਈ ਪੈਸੇ ਨਹੀਂ ਸਨ, ਉਸਨੇ ਗਵਾਂਢੀਆਂ ਤੋਂ ਖਾਦ ਵਾਲਾ ਖਾਲੀ ਥੈਲਾ ਲੈਕੇ ਇੱਕ ਛੋਟਾ ਜਿਹਾ ਝੋਲਾ ਸਿਉਂ ਦਿੱਤਾ।

ਉਸ ਦਿਨ ਤੋਂ ਨਾਨੀ ਦੀ ਜ਼ਿੰਦਗੀ ਦਾ ਸਿਰਫ਼ ਇੱਕ ਹੀ ਮਕਸਦ ਸੀ ਦੀਪ ਦਾ ਭਵਿੱਖ...ਸਵੇਰੇ ਜਲਦੀ ਉੱਠਣਾ, ਲੋਕਾਂ ਦੇ ਘਰਾਂ ਵਿੱਚ ਕੰਮ ਕਰਨਾ 'ਤੇ ਰਾਤ ਨੂੰ ਦੀਪ ਨਾਲ ਬੈਠਕੇ ਨਿੱਕੀਆਂ -ਨਿੱਕੀਆਂ ਗੱਲਾਂ ਕਰਕੇ ਆਪਣਾ ਥਕੇਵਾਂ ਭੁੱਲ ਜਾਣਾ ਇਹ ਉਸਦੀ ਰੋਜ਼ਾਨਾ ਦੀ ਜ਼ਿੰਦਗੀ ਸੀ।

ਕੋਈ ਸਮਾਂ ਅਜਿਹਾ ਵੀ ਆਇਆ ਜਦੋਂ ਘਰ ਵਿੱਚ ਸਿਰਫ਼ ਦੋ ਰੋਟੀਆਂ ਹੁੰਦੀਆਂ... ਨਾਨੀ ਕਹਿੰਦੀ....ਪੁੱਤ, ਮੈਂ ਤਾਂ ਰੋਟੀ ਖਾ ਲਈ ਸੀ...ਤੂੰ ਖਾ ਲੈ....ਦੀਪ ਬੱਚਾ ਸੀ, ਉਹ ਸੱਚ ਮੰਨ ਲੈਂਦਾ ਸੀ।

ਸਮਾਂ ਲੰਘਦਾ ਗਿਆ...ਇੱਕ ਦਿਨ ਸਕੂਲ ਵਿੱਚ ਅਧਿਆਪਕ ਨੇ ਕਿਹਾ...ਕੱਲ੍ਹ ਹਰ ਬੱਚਾ ਆਪਣੇ ਪਿਤਾ ਨੂੰ ਨਾਲ ਲੈਕੇ ਆਵੇ...ਸਾਰੇ ਬੱਚੇ ਖ਼ੁਸ਼ ਸਨ..ਪਰ ਦੀਪ ਸਾਰੀ ਰਾਤ ਜਾਗਦਾ ਰਿਹਾ..ਅਗਲੇ ਦਿਨ ਉਹ ਇਕੱਲਾ ਹੀ ਸਕੂਲ ਪਹੁੰਚ ਗਿਆ, ਅਧਿਆਪਕ ਨੇ ਪੁੱਛਿਆ...ਤੇਰੇ ਪਿਤਾ ਨਹੀਂ ਆਏ?

ਦੀਪ ਨੇ ਕਿਹਾ....ਸਰ... ਮੇਰੇ ਪਿਤਾ ਜੀ ਤਾਂ ਰੱਬ ਕੋਲ ਹਨ... 'ਤੇ ਮੇਰੀ ਨਾਨੀ ਅੱਜ ਦਿਹਾੜੀ 'ਤੇ ਗਈ ਹੈ ਜੇ ਉਹ ਨਾ ਜਾਂਦੀ ਤਾਂ ਅੱਜ ਰਾਤ ਅਸੀਂ ਰੋਟੀ ਨਹੀਂ ਖਾ ਸਕਦੇ ਸੀ...ਪੂਰੀ ਜਮਾਤ ਵਿੱਚ ਚੁੱਪ ਛਾ ਗਈ...ਅਧਿਆਪਕ ਦੀਆਂ ਅੱਖਾਂ ਭਰ ਆਈਆਂ...ਉਸਨੇ ਦੀਪ ਨੂੰ ਆਪਣੀ ਛਾਤੀ ਨਾਲ ਲਾ ਲਿਆ।

ਦੀਪ ਨੇ ਪੜ੍ਹਾਈ ਵਿੱਚ ਦਿਨ-ਰਾਤ ਇੱਕ ਕਰ ਦਿੱਤਾ, ਉਸਨੇ ਹਰ ਇਮਤਿਹਾਨ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਅਤੇ ਆਖ਼ਰਕਾਰ ਇੱਕ ਵੱਡਾ ਸਰਕਾਰੀ ਅਫ਼ਸਰ ਬਣ ਗਿਆ, ਜਿਸ ਦਿਨ ਉਸਨੇ ਪਹਿਲੀ ਤਨਖ਼ਾਹ ਲਈ, ਉਹ ਸਿੱਧਾ ਘਰ ਗਿਆ, ਉਸਨੇ ਪਹਿਲੀ ਤਨਖਾਹ ਨਾਨੀ ਦੇ ਪੈਰਾਂ ਵਿੱਚ ਰੱਖ ਦਿੱਤੀ।

ਉਹ ਨਾਨੀ ਨੂੰ ਕਹਿਣ ਲੱਗਾ...ਨਾਨੀ... ਇਹ ਮੇਰੀ ਨਹੀਂ... ਤੇਰੀ ਮਿਹਨਤ ਦੀ ਕਮਾਈ ਹੈ..ਨਾਨੀ ਦੀਆਂ ਅੱਖਾਂ ਵਿੱਚੋਂ ਹੰਝੂ ਵਗ ਪਏ...ਉਹ ਸਿਰਫ਼ ਇਹ ਹੀ ਕਹਿ ਸਕੀ...ਅੱਜ ਮੇਰਾ ਪੁੱਤ ਨਹੀਂ ਜਿੱਤਿਆ... ਅੱਜ ਇੱਕ ਮਾਂ ਦੀ ਮਮਤਾ ਜਿੱਤੀ ਹੈ।

ਕੁਝ ਮਹੀਨਿਆਂ ਬਾਅਦ ਨਾਨੀ ਬਿਮਾਰ ਪੈ ਗਈ... ਦੀਪ ਨੇ ਉਸਨੂੰ ਦੇਸ ਦੇ ਹਰ ਵੱਡੇ ਤੋਂ ਵੱਡੇ ਹਸਪਤਾਲ ਵਿੱਚ ਦਿਖਾਇਆ.. ਪਰ ਨਾਨੀ ਦਿਨੋਂ-ਦਿਨ ਹੋਰ ਤੋਂ ਹੋਰ ਕਮਜੋਰ ਹੁੰਦੀ ਗਈ... ਉਸਦੀ ਹਾਲਤ ਵਿੱਚ ਕੋਈ ਸੁਧਾਰ ਨਾ ਹੋਇਆ।

ਇੱਕ ਦਿਨ ਅਜਿਹਾ ਆਇਆ ਨਾਨੀ ਦੀਆਂ ਸਾਹਾਂ ਰੁਕ-ਰੁਕ ਕੇ ਚੱਲ ਰਹੀਆਂ ਸਨ, ਦੀਪ ਉਸਦੇ ਸਿਰਹਾਣੇ ਉਸਦਾ ਹੱਥ ਆਪਣੇ ਹੱਥਾਂ ਵਿੱਚ ਫੜੀ ਬੈਠਾ ਸੀ, ਉਹ ਵਾਰ-ਵਾਰ ਕਹਿ ਰਿਹਾ ਸੀ...ਨਾਨੀ... ਅੱਖਾਂ ਖੋਲ੍ਹ... ਨਾਨੀ ਨੇ ਆਖ਼ਰੀ ਵਾਰ ਦੀਪ ਦੇ ਸਿਰ 'ਤੇ ਹੱਥ ਫੇਰਿਆ... ਅੱਖਾਂ ਵਿੱਚੋਂ ਹੰਝੂ ਨਿੱਕਲ ਪਏ... ਜਿਵੇਂ ਉਹ ਬਿਨਾਂ ਕੁਝ ਕਹੇ ਆਪਣੀਆਂ ਸਾਰੀਆਂ ਦੁਆਵਾਂ ਉਸਦੀ ਝੋਲੀ ਵਿੱਚ ਪਾ ਰਹੀ ਹੋਵੇ, ਅਗਲੇ ਹੀ ਪਲ ਉਸਦੀ ਧੜਕਨ ਰੁਕ ਗਈ।

ਦੀਪ ਦੀ ਦੁਨੀਆਂ ਇੱਕ ਪਲ ਵਿੱਚ ਉਜੜ ਗਈ, ਉਹ ਨਾਨੀ ਦੇ ਉਪਰ ਡਿੱਗਕੇ ਉੱਚੀ-ਉੱਚੀ ਰੋਣ ਲੱਗ ਪਿਆ....ਨਾਨੀ... ਇੱਕ ਵਾਰ ਤਾਂ ਬੋਲ...ਇੱਕ ਵਾਰ ਤਾਂ ਮੈਨੂੰ 'ਪੁੱਤ' ਆਖ ਦੇ... ਮੈਂ ਅਜੇ ਵੀ ਉਹ ਚਾਰ ਸਾਲ ਦਾ ਬੱਚਾ ਹਾਂ, ਜੋ ਮਾਂ ਦੀ ਡੋਲੀ ਪਿੱਛੇ ਰੋਂਦਾ ਰਹਿ ਗਿਆ ਸੀ... ਮੈਨੂੰ ਫਿਰ ਇਕੱਲਾ ਨਾ ਛੱਡ...ਪਰ ਜਾਣ ਵਾਲੇ ਕਦੇ ਕਿਸੇ ਦੀ ਪੁਕਾਰ ਨਹੀਂ ਸੁਣਦੇ।

ਜਿਸ ਦਿਨ ਨਾਨੀ ਦੀ ਅਰਥੀ ਉੱਠੀ ਉਸ ਦਿਨ ਸਾਰਾ ਪਿੰਡ ਰੋ ਰਿਹਾ ਸੀ, ਸ਼ਮਸ਼ਾਨ ਵਿੱਚ ਜਦੋਂ ਦੀਪ ਨੇ ਚਿਤਾ ਨੂੰ ਅੱਗ ਦਿੱਤੀ ਤਾਂ ਉਸਦੇ ਦਿਲ ਵਿੱਚੋਂ ਇੱਕ ਚੀਕ ਨਿਕਲੀ...ਹੇ ਵਾਹਿਗੁਰੂ... ਮੇਰੇ ਤੋਂ ਮੇਰੀ ਹਰ ਖ਼ੁਸ਼ੀ ਖੋਹ ਲਈ, ਕੋਈ ਗੱਲ ਨਹੀਂ...ਪਰ ਜਿਸ ਔਰਤ ਨੇ ਮੇਰੇ ਲਈ ਆਪਣਾ ਸੁੱਖ-ਚੈਨ ਵਾਰ ਦਿੱਤਾ... ਉਸਨੂੰ ਮੇਰੀਆਂ ਖ਼ੁਸ਼ੀਆਂ ਵੇਖਣ ਲਈ ਕੁਝ ਹੋਰ ਦਿਨ ਵੀ ਨਾ ਦਿੱਤੇ?

ਘਰ ਆਕੇ ਉਹ ਨਾਨੀ ਦੇ ਖਾਲੀ ਮੰਜੇ ਕੋਲ ਬੈਠ ਗਿਆ.... ਉਹ ਬੋਲਿਆ...ਲੋਕ ਕਹਿੰਦੇ ਨੇ ਮੈਂ ਆਪਣੀ ਮਿਹਨਤ ਨਾਲ ਅਫ਼ਸਰ ਬਣਿਆ ਹਾਂ... ਪਰ ਸੱਚ ਤਾਂ ਇਹ ਹੈ ਕਿ ਮੇਰੀ ਹਰ ਡਿਗਰੀ 'ਤੇ ਮੇਰੀ ਹਰ ਕਾਮਯਾਬੀ ਵਿੱਚ ਮੇਰੀ ਨਾਨੀ ਦੇ ਪਾਟੇ ਹੋਏ ਹੱਥਾਂ ਦੀ ਮਿਹਨਤ ਹੈ।

ਉਸਨੇ ਪਹਿਲੀ ਤਨਖ਼ਾਹ ਵਾਲਾ ਲਿਫ਼ਾਫ਼ਾ ਚੁੱਕਿਆ ਜੋ ਉਸਨੇ ਨਾਨੀ ਨੂੰ ਦਿੱਤਾ ਸੀ ਪਰ ਉਹ ਲਿਫਾਫਾ ਤਾਂ ਨਾਨੀ ਨੇ ਕਦੇ ਖੋਲ੍ਹਿਆ ਵੀ ਨਹੀਂ ਸੀ ਉਸਨੇ ਉਹ ਲਿਫ਼ਾਫ਼ਾ ਨਾਨੀ ਦੀ ਤਸਵੀਰ ਅੱਗੇ ਰੱਖ ਦਿੱਤਾ ਅਤੇ ਰੋਂਦਿਆਂ ਕਿਹਾ...ਨਾਨੀ... ਮੈਂ ਤੇਰਾ ਕਰਜ਼ਦਾਰ ਹਾਂ...ਪਰ ਤੂੰ ਤਾਂ ਛੱਡਕੇ ਹੀ ਚਲੀ ਗਈ ਹੁਣ ਸਾਰੀ ਉਮਰ ਕਮਾਵਾਂਗਾ... ਪਰ ਇਹ ਦੁੱਖ ਰਹੇਗਾ ਕਿ ਜਿਸ ਲਈ ਕਮਾਉਣਾ ਚਾਹੁੰਦਾ ਸੀ, ਉਹ ਮੇਰੀ ਕਮਾਈ ਵੇਖਣ ਲਈ ਇਸ ਦੁਨੀਆਂ ਵਿੱਚ ਨਾ ਰਹੀ।

ਉਸ ਦਿਨ ਤੋਂ ਬਾਅਦ ਹਰ ਸਵੇਰ ਦੀਪ ਆਪਣੀ ਨਾਨੀ ਦੀ ਤਸਵੀਰ ਅੱਗੇ ਸਿਰ ਝੁਕਾਕੇ ਇੱਕੋ ਗੱਲ ਕਹਿੰਦਾ ਸੀ...ਰੱਬ ਨੂੰ ਮੈਂ ਕਦੇ ਨਹੀਂ ਵੇਖਿਆ...ਪਰ ਜੇ ਰੱਬ ਸੱਚਮੁੱਚ ਧਰਤੀ 'ਤੇ ਕਿਸੇ ਰੂਪ ਵਿੱਚ ਆਉਂਦਾ ਹੈ...ਤਾਂ ਉਹ ਮੇਰੀ ਨਾਨੀ ਦੇ ਰੂਪ ਵਿੱਚ ਮੇਰੇ ਕੋਲ ਆਇਆ ਸੀ।

ਕਿਉਂਕਿ...ਕੁਝ ਲੋਕ ਮਰਦੇ ਨਹੀਂ...ਉਹ ਆਪਣੀ ਮਮਤਾ, ਆਪਣੇ ਤਿਆਗ ਅਤੇ ਆਪਣੀਆਂ ਦੁਆਵਾਂ ਦੇ ਰੂਪ ਵਿੱਚ ਉਨ੍ਹਾਂ ਲੋਕਾਂ ਦੇ ਦਿਲਾਂ ਵਿੱਚ ਸਦਾ ਲਈ ਜਿਉਂਦੇ ਰਹਿੰਦੇ ਹਨ, ਜਿਨ੍ਹਾਂ ਲਈ ਉਹ ਆਪਣੀ ਪੂਰੀ ਜ਼ਿੰਦਗੀ ਵਾਰ ਦਿੰਦੇ ਹਨ।

ਲਿਖਤ- ਅਵਤਾਰ ਸਿੰਘ ਧਾਲੀਵਾਲ

# ਸਾਬੁਣ ਤੌਲੀਆ

## (ਹਾਸ ਵਿਅੰਗ ਅਤੇ ਮਮਤਾ)

-ਗੁਰਮੀਤ ਸਿੰਘ

ਤੜਕਸਾਰ ਖੂਹ ਤੇ ਮੈਂ ਜੋ ਗਿਆ ਨਹਾਉਣ ਜੀ,
ਉਥੇ ਮੈਂ ਦੇਖਿਆ ਕੀੜਿਆਂ ਦਾ ਭੌਣ ਜੀ,
ਚੁੱਬਚੇ ਦੀ ਮੌਣ ਉਤੇ ਮੈਂ ਨਹਾਉਣ ਬਹਿ ਗਿਆ,
ਇਕ ਕੀੜਾ ਮੇਰੇ ਦੰਦੀ ਵਢੱਣ ਡਹਿ ਗਿਆ,
ਕੀੜਿਆਂ ਤੋਂ ਮੈਨੂੰ ਲਗਦੈ ਬਹੁਤ ਡਰ ਜੀ,
ਅੱਧਾ ਕੁ ਨਹਾ ਕੇ ਮੈਂ ਭਜਿਆ ਘਰ ਜੀ,
ਮੇਰਾ ਸਾਬੁਣ ਤੌਲੀਆ ਖੂਹ ਤੇ ਰਹਿ ਗਿਆ,
ਗੁੱਸੇ ਵਿਚ ਬਾਪੂ ਤੋਂ ਥੱਪੜ ਪੈ ਗਿਆ,
ਸਾਬੁਣ ਤੌਲੀਆ ਲਿਆਉਣ ਲਈ ਮੈਨੂੰ ਖੂਹ ਤੇ ਘੱਲਿਆ,
ਸਾਬੁਣ ਤਾਂ ਮਿਲ ਗਿਆ ਪਰ ਤੌਲੀਏ ਦਾ ਨਾ ਪਤਾ ਚਲਿਆ,
ਕਿਸੇ ਨੇ ਦੱਸਿਆ ਤੌਲੀਆ ਕੁੱਤਾ ਲੈ ਗਿਆ,
ਹਾਏ ਰੱਬਾ ਇਹ ਕੀ ਨਵਾਂ ਵਖਤ ਪੈ ਗਿਆ,
ਕੁੱਤਾ ਕਿਹੜੇ ਪਾਸੇ ਗਿਆ ਕਿਸੇ ਨੇ ਨਾ ਦੱਸਿਆ,
ਮੈਂ ਇਕ ਨਵੀਂ ਬਿਪਤਾ ਵਿਚ ਆਣ ਫਸਿਆ,
ਜੇ ਤੌਲੀਆ ਨਾ ਮਿਲਿਆ ਬਾਪੂ ਗੁੱਸਾ ਕਰੇਗਾ,
ਡੰਡੇ ਨਾਲ ਰੱਜ ਕੇ ਮੇਰੀ ਪਿਟਾਈ ਕਰੇਗਾ,
ਡਰਦੇ ਮਾਰੇ ਮੈਂ ਖੇਤਾਂ ਵੱਲ ਦੌੜਿਆ,
ਹਨੇਰਾ ਹੋਣ ਤੱਕ ਘਰ ਵੱਲ ਨਾ ਮੂੰਹ ਮੋੜਿਆ,
ਹਨੇਰਾ ਹੋਣ ਤੇ ਘਰ ਵਾਲਿਆਂ ਨੂੰ ਚਿੰਤਾ ਖਾ ਗਈ,
ਮਾਂ-ਬਾਪੂ ਦੀ ਜਾਨ ਮੁੱਠੀ ਵਿਚ ਆ ਗਈ,
ਘੁੱਪ ਹਨੇਰਾ ਹੋਣ ਤੇ ਜਗੇ ਦੀਵੇ ਬੱਤੀਆਂ,
ਮੈਨੂੰ ਲੱਭਣ ਲਈ ਲੋਕਾਂ ਨੇ ਵਹੀਰਾਂ ਘੱਤੀਆਂ,
ਖੇਤਾਂ ਵਿਚ ਲੋਕਾਂ ਨੇ ਮੇਰੇ ਨਾਮ ਤੇ ਸ਼ੋਰ ਮਚਾਇਆ,
ਮੈਂ ਵੀ ਚੁਪਕੇ ਚੁਪਕੇ ਅੰਬ ਦੇ ਪੇੜ ਤੋਂ ਥੱਲੇ ਉਤਰ ਆਇਆ,
ਬਾਪੂ ਨੇ ਭੱਜ ਕੇ ਮੈਨੂੰ ਗਲੇ ਲਗਾਇਆ,
ਮੇਰਾ ਹੱਥ ਫੜ ਕੇ ਮੈਨੂੰ ਘਰ ਲੈ ਆਇਆ,
ਮਾਂ ਨੇ ਪਿਆਰ ਨਾਲ ਖਾਣਾ ਖਿਲਾਇਆ,
ਮੇਰਾ ਸਾਊ ਪੁੱਤ ਮੇਰਾ ਸਾਊ ਪੁੱਤ....
ਕਹਿ ਕੇ ਸੀਨੇ ਨਾਲ ਲਾਇਆ।

# ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ

ਮੇਰੀ ਅੱਖੀਆਂ ਦਾ ਸੱਜਣਾਂ ਨੂਰ ਹੈ ਤੂੰ
ਕੀ ਹੋਇਆ ਨਜ਼ਰਾਂ ਤੋਂ ਦੂਰ ਹੈ ਤੂੰ।
ਮੇਰੇ ਦਿੱਲ ਵਿੱਚ ਹਰ ਪੱਲ ਮੌਜੂਦ ਹੈ ਤੂੰ
ਕੀ ਹੋਇਆ ਜੇ ਮੇਰੇ ਨਹੀਂ ਕੋਲ ਹੈ ਤੂੰ
ਤੇਰੇ ਨਾਮ ਦੇ ਗੀਤ ਮੈਂ ਲਿਖਦੀ ਰਹਿੰਦੀ ਹਾਂ
ਕੀ ਹੋਇਆ ਜੇ ਗੁਣਗੁਣਾਉਣਾ ਨਹੀਂ ਆਉਂਦਾ ਮੈਨੂੰ
ਤੈਨੂੰ ਇਕ ਨਜ਼ਰ ਦੇਖਣ ਦੇ ਲਈ
ਹਰ ਪੱਲ ਬੇਚੈਨ ਮੈਂ ਰਹਿੰਦੀ ਹਾਂ
ਤੇਰੇ ਇਸ਼ਕੇ ਦਾ ਅਹਿਸਾਸ ਹੈ ਕਿੰਨਾ ਪਿਆਰਾ
ਹਰ ਵੇਲੇ ਮੰਦ ਮੰਦ ਮੁਸਕਰਾਉਂਦੀ ਰਹਿੰਦੀ ਹਾਂ
ਹਰ ਪੱਲ ਉੱਠਦੀ ਬਹਿੰਦੀ ਸੌਂਦੇ ਜਾਗਦੇ ਵੀ
ਤੇਰੇ ਨਾਮ ਦੀ ਮਾਲਾ ਜੱਪਦੀ ਰਹਿੰਦੀ ਹਾਂ
ਤੇਰੇ ਇਸ਼ਕੇ ਦਾ ਕੈਸਾ ਰੋਗ ਅੱਵਲੜਾ ਲੱਗਾ ਏ
ਪੀ ਇਸ਼ਕੇ ਦਾ ਦਾਰੂ ਲੋਰ ਵਿੱਚ ਝੂਮਦੀ ਰਹਿੰਦੀ ਹਾਂ
ਇਸ਼ਕੇ ਦੀ ਮਸਤੀ ਦੇ ਆਲਮ ਵਿੱਚ ਮੈਂ ਬੁੱਲੇ ਸ਼ਾਹ ਨੂੰ
ਦੀਵਾਨਿਆਂ ਵਾਂਗ ਗੁਣਗੁਣਾਉਂਦੀ ਰਹਿੰਦੀ ਹਾਂ
"ਬਹੁੜੀਂ ਵੇ ਤਬੀਬਾ ਮੈਂਡੀ ਜਿੰਦ ਗਈਆ।
ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ।"

(ਰਮਿੰਦਰ ਰੰਮੀ)

# ਮਾਂ ਦੀ ਇੱਛਿਆ ਸੀ...

# ਕੇ ਪੁੱਤ ਵੱਡੇ ਘਰ ਵਿਆਹੁਣਾ...!



ਅਖੀਰ ਢੋ ਢੁੱਕ ਹੀ ਗਿਆ..ਮੇਰੇ ਸਹੁਰੇ ਰਾਜਨੈਤਿਕ ਅਤੇ ਆਰਥਿਕ ਪੱਖੋਂ ਖਾਸੇ ਵੱਡੇ ਲੈਵਲ ਤੇ ਸਨ..!

ਸ਼ੁਰੂ ਸ਼ੁਰੂ ਵਿਚ ਵੱਡਾ ਮਾਣ ਸਤਿਕਾਰ ਅਤੇ ਇੱਕ ਦਰਮਿਆਨੇ ਪਰਿਵਾਰ ਦੀ ਉੱਠਾਂ ਵਾਲਿਆਂ ਨਾਲ ਪੈ ਗਈ ਯਾਰੀ ਸੌਖਿਆਂ ਹੀ ਨਿਭੀ ਗਈ..!

ਜਦੋਂ ਮੇਰੀ ਔਲਾਦ ਵੱਡੀ ਹੋਈ ਤਾਂ ਪੜ੍ਹਾਈਆਂ,ਲੀੜੇ ਕੱਪੜੇ ਫੋਨ ਅਤੇ ਕਾਰਾਂ ਪੈਟਰੋਲ ਦੇ ਖਰਚਿਆਂ ਨੇ ਇਹਸਾਸ ਕਰਵਾਇਆ ਕੇ ਹੁਣ ਅਗਿਓਂ ਸਿਰਫ ਪ੍ਰੋਫੈਸਰ ਦੀ ਨੌਕਰੀ ਨਾਲ ਗੱਲ ਨਹੀਂ ਬਣਨੀ..!

ਨਾਲਦੀ ਹਰ ਗੱਲ ਵਿਚ ਪਿੱਛੇ ਵਾਲਿਆਂ ਦੀ ਨਕਲ ਕਰਿਆ ਕਰਦੀ..ਮਾਂ ਪਰ ਧੀ..ਪਿਤਾ ਪਰ ਘੋੜਾ..ਬਹੁਤਾ ਨਹੀਂ ਪਰ ਥੋੜਾ ਥੋੜਾ..ਨਿਆਣਿਆਂ ਨੂੰ ਵੀ ਨਾਨਕਿਆਂ ਵੱਲ ਦੇ ਬੱਚਿਆਂ ਦੀ ਰੀਸ ਵਿਚ ਹੀ ਅਸਲ ਜਿੰਦਗੀ ਦਿਸਣ ਲੱਗੀ..!

ਇੱਕ ਦਿਨ ਰੇਸਟੌਰੈਂਟ,ਟੂਰ,ਬਾਰਾਂ ਕਾਰਾਂ ਅਤੇ ਹੋਰ ਪਾਰਟੀਆਂ ਵਾਲੇ ਬਿੱਲਾਂ ਖਰਚਿਆਂ ਨੇ ਹਿੱਸੇ ਆਉਂਦੀ ਜਮੀਨ ਵਿਕਵਾ ਦਿੱਤੀ..!

ਨਾਲਦੀ ਨੂੰ ਦੱਬੀ ਅਵਾਜ ਵਿਚ ਅੱਗਿਓਂ ਹੋਣ ਵਾਲੇ ਧੀ ਦੇ ਵਿਆਹ ਅਤੇ ਮੁੰਡੇ ਦੀ ਸੈਟਲਮੈਂਟ ਬਾਰੇ ਹਵਾਲਾ ਦਿੰਦਾ ਤਾਂ ਆਖਦੀ ਓਦੋ ਦੀ ਓਦੋ ਵੇਖੀ ਜਾਊ..ਪਰ ਹੁਣ ਆਪਣੇ ਧੀ ਪੁੱਤ ਕਿਸੇ ਸਾਮਣੇ ਹੌਲੇ ਥੋੜੇ ਨਹੀਂ ਪੈਣ ਦੇਣੇ..ਬਰੋਬਰ ਦਾ ਸਟੈਂਡਰਡ ਬਣਾ ਕੇ ਰੱਖਣਾ..!

ਮੁੰਡੇ ਨੂੰ ਆਖਿਆ ਕੇ ਦਿਲ ਲਾ ਕੇ ਪੜਾਈ ਕਰਿਆ ਕਰ..ਮੈਥੋਂ ਰਿਸ਼ਵਤ ਨਹੀਂ ਦਿੱਤੀ ਜਾਣੀ ਤੇ ਆਖਣ ਲੱਗਾ ਕਨੇਡਾ ਘੱਲ ਦਿਓ..ਕੌੜਾ ਘੁੱਟ ਕੀਤਾ ਪਰ ਆਈਲੈਟਸ ਵਿਚੋਂ ਬਣਦੇ ਗ੍ਰੇਡ ਨਾ ਆਏ..ਪਹਿਲੀ ਵਾਰ ਆਪਣੇ ਪ੍ਰੋਫੈਸਰ ਹੋਣ ਤੇ ਸ਼ਰਮਿੰਦਗੀ ਮਹਿਸੂਸ ਹੋਈ..!

ਕਿਸੇ ਸਲਾਹ ਦਿੱਤੀ ਹੋਰ ਕਮਾਈ ਲਈ ਬਿਜਨਸ ਵਿਚ ਹੱਥ ਪੈਰ ਮਾਰ ਕੇ ਵੇਖ ਲੈ..ਪਰ ਓਥੇ ਵੀ ਪੈਂਦੀ ਸੱਟੇ ਧੋਖਾ ਹੋ ਗਿਆ ਤੇ ਮੁੜ ਪੈ ਗਏ ਘਾਟੇ ਦਾ ਸਾਰਾ ਭਾਂਡਾ ਮੇਰੇ ਸਿਰ ਭੰਨ ਦਿੱਤਾ ਗਿਆ..ਲੈਣੇ ਦੇ ਦੇਣੇ ਪੈ ਗਏ..ਵੱਡਾ ਨੁਕਸਾਨ ਕਰਵਾ ਕੇ ਬੈਠੇ ਨੂੰ ਇੰਝ ਲੱਗਿਆ ਕਰੇ ਕੇ ਹੁਣ ਸ਼ਾਇਦ ਕਦੀ ਵੀ ਉੱਪਰ ਨਹੀ ਉੱਠ ਸਕਾਂਗਾ..!

ਮੇਰਾ ਵਜੂਦ ਅਤੇ ਜਮੀਰ ਦੋਵੇਂ ਚੀਜਾਂ ਵਿਆਹ ਮੰਗਣਿਆਂ ਅਤੇ ਇਕੱਠਾਂ ਤੇ ਅਕਸਰ ਹੀ ਦਰਕਿਨਾਰ ਹੋਣ ਲੱਗੀਆਂ..ਨੇੜੇ ਦੇ ਰਿਸ਼ਤੇਦਾਰ ਅਣਗੌਲਿਆਂ ਜਿਹਾ ਕਰਨ ਲੱਗੇ..ਮੁਕਾਬਲੇਬਾਜੀ ਦੀ ਅੰਨੇਵਾਹ ਦੌੜ ਵਿਚ ਇੰਝ ਲੱਗਦਾ ਜਿੱਦਾਂ ਬਹੁਤ ਪੱਛੜ ਗਿਆ ਹੋਵਾਂ..!

ਮੇਰੇ ਨਾਲਦੀ ਅਕਸਰ ਹੀ ਇਸ ਸਾਰੇ ਵਰਤਾਰੇ ਲਈ ਮੈਨੂੰ ਜੁੰਮੇਵਾਰ ਠਹਿਰਾਇਆ ਕਰਦੀ..ਨਾਨਕਿਆਂ ਵੱਲ ਦੇ ਰਹਿਣ ਸਹਿਣ ਦੇ ਆਦੀ ਜੁਆਕ ਵੀ ਹਮੇਸ਼ਾਂ ਮਾਂ ਦਾ ਹੀ ਸਾਥ ਦਿੰਦੇ..!

ਕੱਲਮ ਕੱਲਾ ਜਿਹਾ ਰਹਿ ਗਿਆ ਮਹਿਸੂਸ ਹੋਇਆ ਕਰੇ..ਇੰਝ ਲੱਗੇ ਕੋਈ ਸ਼ਰੇਆਮ ਚਪੇੜਾਂ ਮਾਰ ਕੇ ਹੁਣ ਰੋਣ ਵੀ ਨਹੀਂ ਸੀ ਦੇ ਰਿਹਾ..!

ਅਖੀਰ ਇੱਕ ਦਿਨ ਫੇਰ ਘਰੇ ਪਏ ਕਲੇਸ਼ ਮਗਰੋਂ ਕੋਲ ਵਗਦੀ ਵੱਡੀ ਨਹਿਰ ਦੇ ਕੰਢੇ ਬੈਠਾ ਜਾ ਬੈਠਾ..ਪਰ ਛਾਲ ਮਾਰਨ ਦਾ ਹੌਂਸਲਾ ਨਾ ਪਿਆ..ਫੇਰ ਥੋੜੀ ਦੂਰ ਰੇਲਵੇ ਲਾਈਨ ਤੋਂ ਵੀ ਕਿੰਨੀਆਂ ਰੇਲਾਂ ਲੰਘ ਗਈਆਂ..ਪਰ ਕੋਈ ਅੰਦਰੂਨੀ ਤਾਕਤ ਜਿਸ ਨੇ ਬਾਹੋਂ ਫੜ ਰੋਕੀ ਰੱਖਿਆ!

ਅਖੀਰ ਵਾਪਿਸ ਪਰਤ ਆਇਆ..ਫੇਰ ਦਿਨ ਰਾਤ ਦੇ ਖਾਣੇ ਮੌਕੇ ਬੈਂਕ ਦੀਆਂ ਕਾਪੀਆਂ..ਪਾਸ ਬੁੱਕਾਂ..ਬਾਕੀ ਰਹਿੰਦੀ ਜਮੀਨ ਜਾਇਦਾਤ ਦੇ ਕਾਗਜ ਅਤੇ ਘਰ ਤੇ ਚੁੱਕੀ ਹੋਈ ਲਿਮਿਟ ਦੀ ਡਿਟੇਲ..ਸਾਰਾ ਕੁਝ ਸਾਮਣੇ ਖਿਲਾਰ ਦਿੱਤਾ..ਅਸਲੀਅਤ ਵੀ ਦੱਸ ਦਿੱਤੀ..ਹੋਈਆਂ ਕੀਤੀਆਂ ਗਲਤੀਆਂ ਦੀ ਨਿਸ਼ੰਗ ਮੁਆਫੀ ਵੀ ਮੰਗ ਲਈ..!

ਫੇਰ ਨਹਿਰ ਅਤੇ ਰੇਲਵੇ ਲਾਈਨ ਵਾਲੀ ਗੱਲ ਦੱਸਦਿਆਂ ਮੇਰਾ ਰੋਣ ਨਿੱਕਲ ਗਿਆ..ਬਾਪ ਨੂੰ ਪਹਿਲੀ ਵਾਰ ਇੰਝ ਬੱਚਿਆਂ ਵਾਂਙ ਰੋਂਦਿਆਂ ਵੇਖ ਕੁਝ ਪਲ ਲਈ ਸੱਨਾਟਾ ਛਾ ਗਿਆ..ਘੜੀ ਕੂ ਮਗਰੋਂ ਧੀ ਵੀ ਜ਼ਾਰੋ-ਜਾਰ ਰੋ ਪਈ..ਸ਼ਾਇਦ ਇੰਝ ਹੀ ਤੁਰ ਗਿਆ ਉਸਦੀ ਸਹੇਲੀ ਦਾ ਬਾਪ ਚੇਤੇ ਆਗਿਆ ਸੀ..ਫੇਰ ਉਸਨੇ ਛੇਤੀ ਨਾਲ ਉੱਠ ਮੈਨੂੰ ਆਪਣੇ ਕਲਾਵੇ ਵਿਚ ਲੈ ਲਿਆ..!

ਉਸ ਦਿਨ ਮਗਰੋਂ ਉਸਦੀ ਜੀਵਨ ਸ਼ੈਲੀ ਕਾਫੀ ਬਦਲ ਜਿਹੀ ਗਈ..ਉਹ ਮੈਨੂੰ ਬਾਹਰੋਂ ਆਏ ਨੂੰ ਪਾਣੀ ਦਾ ਗਿਲਾਸ ਫੜਾਉਂਦੀ..ਹਾਲ ਚਾਲ ਪੁੱਛਦੀ..ਮੁੜਕੇ ਕਲਾਵੇ ਵਿਚ ਲੈ ਕੇ ਐਸੀ ਜੱਫੀ ਪਾਇਆ ਕਰਦੀ ਕੇ ਸਾਰੇ ਦਿਨ ਦੀ ਥਕਾਵਟ ਅਤੇ ਪ੍ਰੇਸ਼ਾਨੀਆਂ ਖੰਬ ਲਾ ਕੇ ਉੱਡ ਜਾਂਦੀਆਂ..!

ਬੇਗਾਨੇ ਜਿਹੇ ਹੋ ਗਏ ਘਰ ਵਿਚ ਕਿੰਨੇ ਸਾਰੇ ਪੱਕੇ ਦੋਸਤ ਬਣ ਗਏ ਤੇ ਅਤੇ ਗੱਲ ਗੱਲ ਤੇ ਅਕਸਰ ਭਾਰਾਂ ਤੇ ਪੈ ਜਾਇਆ ਕਰਦੀ ਜਿੰਦਗੀ ਮੁੜ ਲੀਹਾਂ ਤੇ ਆਉਣ ਲੱਗੀ..!

ਸੋ ਦੋਸਤੋ ਕਿਸੇ ਮਿੱਤਰ ਪਿਆਰੇ ਦੀ ਇਸ ਅਸਲ ਵਾਪਰੀ ਨੂੰ ਕਲਮ ਬੰਦ ਕਰਦਿਆਂ ਤੁੱਛ ਜਿਹੀ ਸੋਚ ਨੇ ਕੁਝ ਸਿੱਟੇ ਕੱਢੇ..ਸਾਂਝੇ ਕਰ ਰਿਹਾ ਹਾਂ..!

ਨੰਬਰ ਇੱਕ..

ਅਮੀਰ ਉਹ ਨਹੀਂ ਜਿਸਦੇ ਬਟੂਏ ਵਿਚ ਢੇਰ ਸਾਰੇ ਨੋਟ ਅਤੇ ਵੇਹੜੇ ਵਿਚ ਮਹਿੰਗੀਆਂ ਕਾਰਾਂ ਹੋਣ..ਅਸਲ ਅਮੀਰ ਉਹ ਕਰਮਾਂ ਵਾਲਾ ਜਿਸਦੀ ਔਲਾਦ ਨੂੰ ਉਸਦੀਆਂ ਮਜਬੂਰੀਆਂ ਸਮਝ ਆ ਜਾਵਣ..!

ਨੰਬਰ ਦੋ..

ਚਾਰੇ ਪਾਸੇ ਮੁਕਾਬਲੇ ਬਾਜੀ ਦੀ ਲੱਗੀ ਇਸ ਅੰਨੀ ਦੌੜ ਵਿਚ ਦੂਜੇ ਦੀ ਵੇਖਾ-ਵੇਖੀ ਆਪਣੀ ਸਪੀਡ ਏਨੀ ਨਾ ਵਧਾ ਲਈ ਜਾਵੇ ਕੇ ਇੱਕ ਮੁਕਾਮ ਤੇ ਆ ਕੇ ਜਿੰਦਗੀ ਦਾ ਇੰਜਣ ਹੀ ਜੁਆਬ ਦੇ ਜਾਵੇ..!

ਨੰਬਰ ਤਿੰਨ..

ਉੱਠਾਂ ਵਾਲਿਆਂ ਨਾਲ ਯਾਰੀ ਲਾਉਣ ਤੋਂ ਪਹਿਲਾਂ ਇਹ ਗੱਲ ਚੰਗੀ ਤਰਾਂ ਸੋਚ ਵਿਚਾਰ ਲਈ ਜਾਵੇ ਕੇ ਕਿਧਰੇ ਸਾਰੀ ਉਮਰ ਆਪਣੀ ਕੁੱਲੀ ਦੇ ਮੂਹਰਲੇ ਦਰ ਉੱਚੇ ਕਰਦਿਆਂ ਹੀ ਨਾ ਨਿੱਕਲ ਜਾਵੇ..!

ਨੰਬਰ ਚਾਰ..

ਇਸਤੋਂ ਪਹਿਲਾਂ ਕੇ ਕਰੈਡਿਟ ਕਾਰਡਾਂ ਅਤੇ ਲਿਮਟਾਂ ਆਸਰੇ ਹਵਾ ਵਿਚ ਉੱਚੀ ਉੱਡਦੀ ਐਸ਼ੋਇਸ਼ਰਤ ਵਾਲੀ ਵੱਡੀ ਪਤੰਗ ਵੇਖ ਤੁਹਾਡੀ ਔਲਾਦ ਮਨ ਹੀ ਮਨ ਕੋਈ ਵੱਡਾ ਹਵਾਈ ਕਿਲਾ ਉਸਾਰ ਲਵੇ..ਉਸਨੂੰ ਆਪਣੀ ਅਸਲੀਅਤ ਦੱਸਣ ਵਿਚ ਕੋਈ ਬੁਰਾਈ ਜਾ ਸੰਗ ਸ਼ਰਮ ਨਹੀਂ..ਕਿਓਂਕੇ ਜਦੋਂ ਕਿਸ਼ਤਾਂ ਟੁੱਟਣ ਤੇ ਅਗਲੇ ਸ਼ਰੇ-ਬਜਾਰ ਸਾਰਾ ਟੱਬਰ ਕਾਰ ਵਿਚੋਂ ਲਾਹ ਕੇ ਕਾਰ ਭਜਾ ਅਹੁ ਜਾਂਦੇ ਤਾਂ ਓਦੋਂ ਬੰਦਾ ਨਾ ਤੇ ਕਿਸੇ ਨਾਲ ਅੱਖਾਂ ਮਿਲਾਉਣ ਜੋਗਾ ਹੀ ਰਹਿੰਦਾ ਤੇ ਨਾ ਹੀ ਉਸਨੂੰ ਜਮੀਨ ਹੀ ਵਿਹਲ ਦਿੰਦੀ ਏ!



ਹਰਪ੍ਰੀਤ ਸਿੰਘ ਜਵੰਦਾ






# ਪੰਜਾਬੀ ਗਾਇਕ ਨੂੰ ਪਿਆ ਦਿਲ ਦਾ ਦੌਰਾ

## ਮੁੱਢਲੀ ਸਹਾਇਤਾ ਨਾਲ ਬਚਾਈ ਜਾਨ



ਪੰਜਾਬੀ ਗਾਇਕ, ਅਦਾਕਾਰ, ਮਾਡਲ ਅਤੇ ਫਿਟਨੈਸ ਇਨਫਲੂਐਂਸਰ ਕਰਨਦੀਪ ਸਿੰਘ ਨੂੰ ਆਸਟ੍ਰੇਲੀਆ ਵਿੱਚ ਦਿਲ ਦਾ ਦੌਰਾ ਪਿਆ। ਇੰਸਟਾਗ੍ਰਾਮ 'ਤੇ ਇਸ ਘਟਨਾ ਦੀ ਵੀਡੀਓ ਸਾਂਝੀ ਕਰਦਿਆਂ ਗਾਇਕ ਨੇ ਲਿਖਿਆ ਕਿ 19 ਮਈ ਉਨ੍ਹਾਂ ਦੀ ਜ਼ਿੰਦਗੀ ਦਾ ਆਖਰੀ ਦਿਨ ਸੀ; ਜੇਕਰ ਉਨ੍ਹਾਂ ਦੇ ਦੋਸਤ ਉੱਥੇ ਨਾ ਹੁੰਦੇ, ਤਾਂ ਉਹ ਬਚ ਨਾ ਪਾਉਂਦੇ।

ਰੋਪੜ ਦੇ ਰਹਿਣ ਵਾਲੇ ਅਤੇ ਹੁਣ ਆਸਟ੍ਰੇਲੀਆ ਵਿੱਚ ਵੱਸੇ 32 ਸਾਲਾ ਕਰਨਦੀਪ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਭਾਵੇਂ ਉਹ ਜਿਮ ਵਿੱਚ ਕਸਰਤ ਹੀ ਕਿਉਂ ਨਾ ਕਰਦੇ ਹੋਣ ਪਰ ਨਿਯਮਤ ਡਾਕਟਰੀ ਜਾਂਚ ਕਰਵਾਉਣ। ਉਨ੍ਹਾਂ ਕਿਹਾ ਕਿ ਕੋਈ ਨਹੀਂ ਜਾਣਦਾ ਕਿ ਕਦੋਂ ਕੀ ਹੋ ਜਾਵੇ। ਆਪਣੇ ਨਿੱਜੀ ਤਜਰਬੇ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ, "ਮੈਂ ਰੋਜ਼ਾਨਾ ਜਿਮ ਜਾਂਦਾ ਹਾਂ ਅਤੇ ਸਿਹਤਮੰਦ ਖੁਰਾਕ ਲੈਂਦਾ ਹਾਂ; ਫਿਰ ਵੀ, ਬਸ ਕੱਲ੍ਹ ਹੀ ਮੇਰੇ ਦਿਮਾਗ ਅਤੇ ਦਿਲ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ।" "ਹੁਣ ਜਦੋਂ ਮੈਨੂੰ ਜ਼ਿੰਦਗੀ ਦਾ ਨਵਾਂ ਮੌਕਾ ਮਿਲਿਆ ਹੈ, ਤਾਂ ਮੈਂ ਨੌਜਵਾਨਾਂ ਨੂੰ ਆਪਣੀ ਸਿਹਤ ਨੂੰ ਪਹਿਲ ਦੇਣ ਲਈ ਹੋਰ ਪ੍ਰੇਰਿਤ ਕਰਾਂਗਾ। ਕਰਨਦੀਪ ਨੇ ਕਿਹਾ ਕਿ ਸਿਹਤ 'ਤੇ ਪੈਸਾ ਜ਼ਰੂਰ ਖਰਚ ਕਰਨਾ ਚਾਹੀਦਾ ਹੈ; ਨਹੀਂ ਤਾਂ, ਸਭ ਕੁਝ ਪਿੱਛੇ ਹੀ ਰਹਿ ਜਾਵੇਗਾ।" ਜ਼ਿੰਦਗੀ ਦੇ ਮਿਲੇ ਇਸ ਨਵੇਂ ਮੌਕੇ ਬਾਰੇ ਗੱਲ ਕਰਦਿਆਂ ਕਰਨਦੀਪ ਨੇ ਕਿਹਾ, "ਮੈਂ ਆਪਣੀ ਸਿਹਤ ਅਤੇ ਤੰਦਰੁਸਤੀ (ਫਿਟਨੈੱਸ) ਪ੍ਰਤੀ ਬਹੁਤ ਸੁਚੇਤ ਹਾਂ ਅਤੇ ਇਸ ਬਾਰੇ ਚੰਗੀ ਜਾਣਕਾਰੀ ਵੀ ਰੱਖਦਾ ਹਾਂ, ਫਿਰ ਵੀ ਕਿਸੇ ਵੀ ਸਮੇਂ ਕੁਝ ਵੀ ਹੋ ਸਕਦਾ ਹੈ। ਜ਼ਿੰਦਗੀ ਬਹੁਤ ਛੋਟੀ ਹੈ। ਇਸ ਲਈ, ਮੈਂ ਸਿਰਫ਼ ਇਹੀ ਕਹਿਣਾ ਚਾਹੁੰਦਾ ਹਾਂ: ਸਾਰਿਆਂ ਨਾਲ ਮਿਲ-ਜੁਲ ਕੇ ਰਹੋ ਅਤੇ ਆਪਣੇ ਮਾਪਿਆਂ ਤੇ ਭੈਣ-ਭਰਾਵਾਂ ਨਾਲ ਆਪਣੇ ਰਿਸ਼ਤਿਆਂ ਦੀ ਕਦਰ ਕਰੋ।" ਉਨ੍ਹਾਂ ਕਿਹਾ ਕਿ ਕੱਲ੍ਹ ਮੇਰੇ ਨਾਲ ਜੋ ਵਾਪਰਿਆ, ਉਸ ਤੋਂ ਬਾਅਦ ਮੈਂ ਸੋਚਿਆ, "ਕਰਨ, ਤੇਰਾ ਤਾਂ ਕੰਮ ਤਮਾਮ ਹੋ ਗਿਆ ਹੈ" — ਪਰ ਮੈਂ ਬਚ ਗਿਆ। ਮੈਂ ਅਜੇ ਵੀ ਸਾਹ ਲੈ ਰਿਹਾ ਹਾਂ, ਅਤੇ ਅੱਗੇ ਹੋਰ ਵੀ ਬਹੁਤ ਕੁਝ ਹੋਣਾ ਬਾਕੀ ਹੈ। ਮੈਂ ਪਹਿਲਾਂ ਹੀ ਜ਼ਮੀਨ ਨਾਲ ਜੁੜਿਆ ਹੋਇਆ ਸੀ, ਪਰ ਕੱਲ੍ਹ ਦੀਆਂ ਘਟਨਾਵਾਂ ਤੋਂ ਬਾਅਦ, ਜ਼ਿੰਦਗੀ ਅਤੇ ਦੁਨੀਆ ਬਾਰੇ ਮੇਰਾ ਨਜ਼ਰੀਆ ਪੂਰੀ ਤਰ੍ਹਾਂ ਬਦਲ ਗਿਆ ਹੈ। ਉਨ੍ਹਾਂ ਕਿਹਾ ਕਿ ਜ਼ਿੰਦਗੀ ਦਾ ਕੋਈ ਭਰੋਸਾ ਨਹੀਂ-ਕੱਲ੍ਹ ਵਾਪਰੀ ਇੱਕ ਘਟਨਾ ਨੇ ਮੈਨੂੰ ਅਹਿਸਾਸ ਕਰਵਾਇਆ ਕਿ ਜ਼ਿੰਦਗੀ ਕਿੰਨੀ ਛੋਟੀ ਅਤੇ ਅਨਿਸ਼ਚਿਤ ਹੈ। ਭਾਵੇਂ ਕੋਈ ਵਿਅਕਤੀ ਕਿੰਨਾ ਵੀ ਤੰਦਰੁਸਤ ਕਿਉਂ ਨਾ ਹੋਵੇ, ਜਾਂ ਉਹ ਕਿੰਨੀ ਵੀ ਕਸਰਤ ਕਰਦਾ ਹੋਵੇ ਅਤੇ ਸਿਹਤ ਬਾਰੇ ਸਮਝ ਰੱਖਦਾ ਹੋਵੇ, ਦਿਲ ਦਾ ਦੌਰਾ ਪੈਣਾ, ਦਿਮਾਗ਼ੀ ਦੌਰਾ (ਸਟ੍ਰੋਕ) ਜਾਂ ਖ਼ੂਨ ਵਿੱਚ ਸ਼ੂਗਰ ਦਾ ਪੱਧਰ ਅਚਾਨਕ ਡਿੱਗਣ ਵਰਗੀਆਂ ਸਮੱਸਿਆਵਾਂ ਕਿਸੇ ਵੀ ਸਮੇਂ ਆ ਸਕਦੀਆਂ ਹਨ। ਇੱਥੇ ਕੁਝ ਵੀ ਸਥਾਈ ਨਹੀਂ ਹੈ।

# ਅਦਾਕਾਰਾ ਜੈਨੀਫਰ ਨੇ ਕਾਰੋਬਾਰੀ ਵਿਲੀਅਮ ਇਸ਼ਮੇਲ ਨਾਲ ਰਚਾਇਆ ਵਿਆਹ



ਮਸ਼ਹੂਰ ਟੈਲੀਵਿਜ਼ਨ ਅਤੇ ਫਿਲਮ ਅਦਾਕਾਰਾ ਜੈਨੀਫਰ ਵਿੰਗਟ ਨੇ ਮਸ਼ਹੂਰ ਕਾਰੋਬਾਰੀ ਵਿਲੀਅਮ ਇਸ਼ਮੇਲ ਨਾਲ ਵਿਆਹ ਕਰਵਾ ਲਿਆ ਹੈ। 'ਬੇਹੱਦ' ਅਤੇ 'ਸਰਸਵਤੀਚੰਦਰ' ਵਰਗੇ ਸੁਪਰਹਿੱਟ ਡਰਾਮਾ ਲੜੀਵਾਰਾਂ ਰਾਹੀਂ ਘਰ-ਘਰ ਆਪਣੀ ਪਛਾਣ ਬਣਾਉਣ ਵਾਲੀ ਅਦਾਕਾਰਾ ਨੇ ਸ਼ਨੀਵਾਰ ਨੂੰ ਆਪਣੇ ਅਧਿਕਾਰਤ ਇੰਸਟਾਗ੍ਰਾਮ ਹੈਂਡਲ 'ਤੇ ਇੱਕ ਵੀਡੀਓ ਪੋਸਟ ਸਾਂਝੀ ਕਰਕੇ ਪ੍ਰਸ਼ੰਸਕਾਂ ਨਾਲ ਇਹ ਖ਼ੁਸ਼ਖ਼ਬਰੀ ਸਾਂਝੀ ਕੀਤੀ।

ਇਸ ਸਾਂਝੀ ਕੀਤੀ ਗਈ ਵੀਡੀਓ ਦੀ ਪਹਿਲੀ ਸਲਾਈਡ ਵਿੱਚ ਲਿਖਿਆ ਸੀ, "ਦੇਵੀਓ ਅਤੇ ਸੱਜਣੋ, ਕੀ ਤੁਸੀਂ ਖੜ੍ਹੇ ਹੋਵੋਗੇ? ਮੈਂ ਅਧਿਕਾਰਤ ਤੌਰ 'ਤੇ ਤੁਹਾਡੀ ਜਾਣ-ਪਛਾਣ ਆਪਣੇ ਪਤੀ 'ਵਿਲ' ਨਾਲ ਕਰਵਾ ਰਹੀ ਹਾਂ।" ਇਸ ਤੋਂ ਬਾਅਦ ਅਗਲੀ ਸਲਾਈਡ ਵਿੱਚ ਵਿਆਹ ਦੀਆਂ ਅੰਗੂਠੀਆਂ ਦੀ ਤਸਵੀਰ ਦਿਖਾਈ ਦਿੱਤੀ, ਜਿਸ ਉੱਪਰ 'ਜਸਟ ਮੈਰਿਡ' ਲਿਖਿਆ ਹੋਇਆ ਸੀ।

ਆਪਣੇ ਵਿਆਹ ਦੇ ਖ਼ਾਸ ਮੌਕੇ 'ਤੇ ਜੈਨੀਫਰ ਨੇ ਚਿੱਟੇ ਰੰਗ ਦਾ ਬੇਹੱਦ ਖ਼ੂਬਸੂਰਤ ਆਫ-ਸ਼ੋਲਡਰ ਕੋਰਸੈੱਟ ਡਰੈੱਸ ਪਹਿਨਿਆ ਹੋਇਆ ਸੀ, ਜਦੋਂ ਕਿ ਵਿਲੀਅਮ ਇਸ਼ਮੇਲ ਚਿੱਟੇ ਰੰਗ ਦੀ ਵੇਸਟਕੋਟ ਦੇ ਨਾਲ ਨੀਲੇ ਰੰਗ ਦੇ ਸੂਟ ਵਿੱਚ ਨਜ਼ਰ ਆਏ। ਤਸਵੀਰਾਂ ਦੀ ਕੈਪਸ਼ਨ ਵਿੱਚ ਅਦਾਕਾਰਾ ਨੇ ਲਿਖਿਆ, ਅਤੇ ਆਖ਼ਰਕਾਰ ਸਾਡੇ ਸਿਤਾਰੇ ਮਿਲ ਗਏ!

ਦੱਸਣਯੋਗ ਹੈ ਕਿ ਜੈਨੀਫਰ ਵਿੰਗਟ ਦਾ ਇਹ ਦੂਜਾ ਵਿਆਹ ਹੈ। ਇਸ ਤੋਂ ਪਹਿਲਾਂ ਉਨ੍ਹਾਂ ਦਾ ਵਿਆਹ ਸਾਲ 2012 ਵਿੱਚ ਮਸ਼ਹੂਰ ਅਦਾਕਾਰ ਕਰਨ ਸਿੰਘ ਗਰੋਵਰ ਨਾਲ ਹੋਇਆ ਸੀ, ਪਰ ਸਾਲ 2014 ਵਿੱਚ ਦੋਵਾਂ ਨੇ ਆਪਸੀ ਸਹਿਮਤੀ ਨਾਲ ਤਲਾਕ ਲੈ ਲਿਆ ਸੀ। ਅਦਾਕਾਰਾ ਆਖ਼ਰੀ ਵਾਰ ਸਾਲ 2024 ਵਿੱਚ ਰਿਲੀਜ਼ ਹੋਈ ਵੈੱਬ ਸੀਰੀਜ਼ 'ਰਾਏਸਿੰਘਾਨੀ ਬਨਾਮ ਰਾਏਸਿੰਘਾਨੀ' ਵਿੱਚ ਨਜ਼ਰ ਆਈ ਸੀ, ਜਿਸ ਵਿੱਚ ਉਨ੍ਹਾਂ ਨਾਲ ਕਰਨ ਵਾਹੀ ਅਤੇ ਰੀਮ ਸ਼ੇਖ ਨੇ ਮੁੱਖ ਭੂਮਿਕਾਵਾਂ ਨਿਭਾਈਆਂ ਸਨ।

# ਪੰਜਾਬੀ ਗਾਇਕ ਦੀ ਗੁੰਮਸ਼ੁਦਗੀ 'ਤੇ ਹਾਈਕੋਰਟ ਸਖ਼ਤ

## ਹਰਭਜਨ ਸ਼ੇਰਾ ਨੂੰ ਕੋਰਟ 'ਚ ਪੇਸ਼ ਕਰਨ ਦੇ ਹੁਕਮ

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬੀ ਗਾਇਕ ਹਰਭਜਨ ਸ਼ੇਰਾ ਦੇ ਲਾਪਤਾ ਦੇ ਮਾਮਲੇ ਵਿੱਚ ਸਖ਼ਤ ਰੁਖ਼ ਅਪਣਾਇਆ ਹੈ। ਇਸ ਮਾਮਲੇ ਦੀ ਸੁਣਵਾਈ ਅੱਜ ਹਾਈ ਕੋਰਟ ਵਿੱਚ ਹੋਵੇਗੀ। ਇਸ ਤੋਂ ਪਹਿਲਾਂ, ਅਦਾਲਤ ਨੇ ਸਬੰਧਤ ਥਾਣਾ ਇੰਚਾਰਜ (SHO) ਨੂੰ ਹਰ ਕੀਮਤ 'ਤੇ ਗਾਇਕ ਨੂੰ ਬੁੱਧਵਾਰ ਨੂੰ ਅਦਾਲਤ ਵਿੱਚ ਪੇਸ਼ ਕਰਨ ਦੇ ਹੁਕਮ ਦਿੱਤੇ ਸਨ। ਅਦਾਲਤ ਨੇ ਇਹ ਹੁਕਮ ਹਰਭਜਨ ਸ਼ੇਰਾ ਦੀ ਦੂਜੀ ਪਤਨੀ ਹਮੀਰ ਕੌਰ ਵੱਲੋਂ ਦਾਇਰ ਹੈਬੀਅਸ ਕਾਰਪਸ ਪਟੀਸ਼ਨ ਦੀ ਸੁਣਵਾਈ ਕਰਦੇ ਹੋਏ ਜਾਰੀ ਕੀਤਾ। ਪਟੀਸ਼ਨ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਹਰਭਜਨ ਸ਼ੇਰਾ ਨੂੰ ਉਸ ਦੀ ਪਹਿਲੀ ਪਤਨੀ ਅਤੇ ਰਿਸ਼ਤੇਦਾਰਾਂ ਵੱਲੋਂ ਕਥਿਤ ਤੌਰ 'ਤੇ ਗੈਰ-ਕਾਨੂੰਨੀ ਕੈਦ ਵਿੱਚ ਰੱਖਿਆ ਗਿਆ ਹੈ। ਪੇਸ਼ੇ ਤੋਂ ਅਧਿਆਪਕਾ ਹਮੀਰ ਕੌਰ ਨੇ ਹਾਈ ਕੋਰਟ ਵਿੱਚ ਦਾਇਰ ਪਟੀਸ਼ਨ ਵਿੱਚ ਦੋਸ਼ ਲਗਾਇਆ ਹੈ ਕਿ ਉਸ ਦੇ ਪਤੀ ਹਰਭਜਨ ਸ਼ੇਰਾ ਨੂੰ ਉਸ ਦੇ ਪਰਿਵਾਰ ਨਾਲ ਸੰਪਰਕ ਨਹੀਂ ਕਰਨ ਦਿੱਤਾ ਜਾ ਰਿਹਾ ਹੈ। ਉਸ ਨੂੰ ਨਾ ਤਾਂ ਘਰ ਵਾਪਸ ਆਉਣ ਦਿੱਤਾ ਜਾ ਰਿਹਾ ਹੈ ਅਤੇ ਨਾ ਹੀ ਕਿਸੇ ਨੂੰ ਮਿਲਣ ਦਿੱਤਾ ਜਾ ਰਿਹਾ ਹੈ। ਹਮੀਰ ਕੌਰ ਨੇ ਮੰਗ ਕੀਤੀ ਹੈ ਕਿ ਹਰਭਜਨ ਸ਼ੇਰਾ ਨੂੰ ਸੁਰੱਖਿਅਤ ਢੰਗ ਨਾਲ ਬਰਾਮਦ ਕੀਤਾ ਜਾਵੇ ਅਤੇ ਅਦਾਲਤ ਵਿੱਚ ਪੇਸ਼ ਕੀਤਾ ਜਾਵੇ ਅਤੇ ਜੇਕਰ ਉਸਨੂੰ ਗੈਰ-ਕਾਨੂੰਨੀ ਤੌਰ 'ਤੇ ਹਿਰਾਸਤ ਵਿੱਚ ਰੱਖਿਆ ਜਾ ਰਿਹਾ ਹੈ ਤਾਂ ਉਸਨੂੰ ਤੁਰੰਤ ਰਿਹਾਅ ਕੀਤਾ ਜਾਵੇ।

ਪਟੀਸ਼ਨ ਵਿੱਚ ਹਮੀਰ ਕੌਰ ਨੇ ਕਿਹਾ ਕਿ ਉਸਨੇ ਮਈ 2024 ਵਿੱਚ ਹਰਭਜਨ ਸ਼ੇਰਾ ਨਾਲ ਵਿਆਹ ਕੀਤਾ ਸੀ। ਉਸ ਸਮੇਂ, ਸ਼ੇਰਾ ਪਹਿਲਾਂ ਹੀ ਵਿਆਹਿਆ ਹੋਇਆ ਸੀ ਅਤੇ ਉਸ ਦੀ ਪਹਿਲੀ ਪਤਨੀ ਤੋਂ ਦੋ ਬੱਚੇ ਸਨ। ਹਮੀਰ ਕੌਰ ਮੁਤਾਬਕ ਵਿਆਹ ਤੋਂ ਪਹਿਲਾਂ, ਹਰਭਜਨ ਸ਼ੇਰਾ ਨੇ ਉਸਨੂੰ ਭਰੋਸਾ ਦਿੱਤਾ ਸੀ ਕਿ ਉਸ ਦੀ ਪਹਿਲੀ ਪਤਨੀ ਨਾਲ ਉਸ ਦੇ ਸਾਰੇ ਵਿਵਾਦ ਹੱਲ ਹੋ ਗਏ ਹਨ। ਇਸ ਤੋਂ ਬਾਅਦ ਦੋਵੇਂ ਮੋਹਾਲੀ ਵਿੱਚ ਇਕੱਠੇ ਰਹਿਣ ਲੱਗ ਪਏ। ਹਮੀਰ ਕੌਰ ਮੁਤਾਬਕ ਹਰਭਜਨ ਸ਼ੇਰਾ 5 ਜੁਲਾਈ ਨੂੰ ਇੱਕ ਕੈਬ ਵਿੱਚ ਮੋਹਾਲੀ ਸਥਿਤ ਆਪਣੇ ਘਰ ਤੋਂ ਨਿਕਲਿਆ ਸੀ, ਜਿਸ ਤੋਂ ਬਾਅਦ ਉਸ ਦਾ ਪਤਾ ਨਹੀਂ ਲੱਗ ਸਕਿਆ। ਉਸ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ, ਪਰ ਕੋਈ ਜਵਾਬ ਨਹੀਂ ਮਿਲਿਆ। ਕਾਫੀ ਭਾਲ ਅਤੇ ਆਪਣੇ ਪੱਧਰ 'ਤੇ ਜਾਣਕਾਰੀ ਇਕੱਠੀ ਕਰਨ ਤੋਂ ਬਾਅਦ ਵੀ ਸ਼ੇਰਾ ਦਾ ਸੁਰਾਗ ਨਹੀਂ ਮਿਲਿਆ ਤਾਂ ਹਮੀਰ ਕੌਰ ਨੇ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ।

ਮਾਮਲੇ ਦੀ ਪਿਛਲੀ ਸੁਣਵਾਈ ਦੌਰਾਨ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਕੇ ਜਵਾਬ ਦਾਇਰ ਕਰਨ ਦਾ ਨਿਰਦੇਸ਼ ਦਿੱਤਾ ਸੀ ਤੇ ਸਬੰਧਤ ਇਲਾਕੇ ਦੇ SHO ਨੂੰ ਵੀ ਬੁੱਧਵਾਰ ਨੂੰ ਹਰਭਜਨ ਸ਼ੇਰਾ ਨੂੰ ਅਦਾਲਤ ਵਿੱਚ ਪੇਸ਼ ਕਰਨ ਦਾ ਆਦੇਸ਼ ਦਿੱਤਾ ਗਿਆ ਸੀ। ਅਦਾਲਤ ਨੇ ਸਪੱਸ਼ਟ ਕੀਤਾ ਕਿ ਮਾਮਲੇ ਵਿੱਚ ਅੱਗੇ ਦੀ ਕਾਨੂੰਨੀ ਕਾਰਵਾਈ ਦਾ ਫੈਸਲਾ ਗਾਇਕ ਦੇ ਨਿੱਜੀ ਤੌਰ 'ਤੇ ਪੇਸ਼ ਹੋਣ ਅਤੇ ਮਾਮਲੇ ਦਾ ਉਸ ਦਾ ਪੱਖ ਸੁਣਨ ਤੋਂ ਬਾਅਦ ਹੀ ਕੀਤਾ ਜਾਵੇਗਾ।









# ਬੇੜਾ ਬਹਿਜੇ ਇਹਦੇ ਫੋਨ ਦਾ...



ਕਿਸੇ ਦੇ ਡਿਪਰੈੱਸ਼ਨ ਦਾ ਕਾਰਨ ਤੁਹਾਡਾ ਫੋਨ ਵੀ ਹੋ ਸਕਦਾ॥ ਏਨਾ ਤਾਂ ਮੈਨੂੰ ਪਤਾ ਸੀ ਉਹਨਾਂ ਨੂੰ ਡਿਪਰੈਸ਼ਨ ਦੀ ਪਰੋਬਲਮ ਹੈ ਚਾਹੇ ਥੋੜਾ ਬਹੁਤਾ ਅੰਦਾਜ਼ਾ ਹੋ ਵੀ ਗਿਆ ਸੀ ਇਸ ਦੀ ਵਜ੍ਹਾ ਦਾ ਪਰ ਇਹ ਪਰੋਬਰਮ ਅਸਲ ਕੀ ਹੈ ਅੱਜ ਸਮਝ ਆਈ ਸੀ। ਭਾਬੋ ਇਹੋ ਕਹਿੰਦੀ ਹਾਂ ਉਸ ਨੂੰ ਮੈਂ। ਜਾਣ-ਪਛਾਣ ਬਸ ਹੋ ਗਈ ਤੇ ਇਸ ਨੂੰ ਭਾਬੋ ਕਹਿਣਾ ਸ਼ੁਰੂ ਕਰ ਦਿੱਤਾ॥ਭਾਬੋ ਰਾਣੀਏ ਕਿਵੇਂ ਫਿਰ ਅਕਸਰ ਜਦੋਂ ਫੋਨ ਆਵੇ ਉਸ ਨੂੰ ਏਦਾ ਹੀ ਬੁਲਾਉਦੀ ਹਾਂ ਤੇ ਉਹ ਵੀ ਭੈਣ ਨਣਦੇ ਰਾਜੀ ਹਾਂ ਕਹਿ ਜੁਆਬ ਦੇਦੀ। ਇਹ ਕਹਿ ਸੁਣ ਅਸੀਂ ਦੋਵੇਂ ਹੀ ਅਕਸਰ ਹੱਸ ਪੈਦੀਆਂ ਹਾਂ। ਉਹ ਪੱਕੇ ਰੰਗ ਦੀ ਮਸਾ ਹੀ ਪੰਜ ਫੁੱਟ ਹੋਵੇਗੀ ਸਿੱਧੀ ਸਾਦੀ।

ਜ਼ਿਆਦਾ ਪੜੀ ਲਿਖੀ ਨਹੀਂ। ਘਰਦਾ ਉਸ ਦਾ ਛੇ ਫੁੱਟ ਲੰਮਾ ਤੇ ਰੱਜ ਕੇ ਸੋਹਣਾ ਪਹਿਲੀ ਨਜ਼ਰੇ ਹੀ ਜੋੜੀ ਅਜੀਬ ਲੱਗੀ ਸੀ ਪਰ ਭਾਬੋ ਦੇ ਗੁਣਾ ਨੇ ਉਸ ਦਾ ਮੱਧਰਾ ਹੋਣ ਤੇ ਪੱਕਾ ਰੰਗ ਹੋਣ ਜਾ ਘੱਟ ਪੜੀ ਹੋਣ ਦਾ ਕੱਜ ਢੱਕ ਲਿਆ ਸੀ (ਜਿਸ ਨੂੰ ਉਹ ਆਪਣਾ ਕੱਜ ਸਮਝਦੀ ਸੀ) ਉਹ ਗੁਣਾਂ ਦੀ ਖਾਣ ਸੀ। ਜਿਆਦਾਤਰ ਉਸ ਦਾ ਫੋਨ ਮੇਰੇ ਕੋਲੋ ਅਟੈਂਡ ਨਹੀਂ ਹੁੰਦਾ ਕਿਉਂਕਿ ਮੈਂ ਉਸ ਸਮੇਂ ਅਕਸਰ ਰਸੋਈ ਵਿੱਚ ਹੁੰਦੀ ਹਾਂ। ਸੋ ਕਈ ਵਾਰ ਉਹ ਰੋਸਾ ਕਰ ਜਾਂਦੀ ਤੇ ਦੋ ਮਹੀਨੇ ਫੋਨ ਨਾ ਕਰਦੀ। ਅਕਸਰ ਅਪਣੀ ਬਿਮਾਰੀ ਬਾਰੇ ਗੱਲ ਕਰਦੀ ਤੇ ਰੋ ਪੈਂਦੀ। ਬਿਮਾਰੀ ਕੋਈ ਵੱਡੀ ਨਹੀਂ ਮਾੜੀ ਮੋਟੀ ਕਦੀ ਸਿਰ ਦੁੱਖ ਗਿਆ ਕਦੀ ਢਿੱਡ ਪੀੜ। ਮੈਂ ਅਕਸਰ ਉਸ ਨੂੰ ਬਹਾਦਰ ਬਣਨ ਲਈ ਕਹਿੰਦੀ।

ਅੱਜ ਵੀ ਆ ਗਿਆ ਉਸ ਦਾ ਫੋਨ। ਹਾਲ ਚਾਲ ਪੁੱਛ ਕੇ ਹੋਰ ਕਿਵੇਂ ਫਿਰ ਕੋਈ ਨਵੀ ਤਾਜੀ ਮੇਰਾ ਏਨਾ ਕਹਿਣ ਦੀ ਹੀ ਜਿਵੇਂ ਲੋੜ ਸੀ ਰੋਣਾ ਨਿਕਲ ਗਿਆ ਉਸ ਦਾ ਕੀ ਹੋਇਆ ਭਾਬੋ। ਕਹਿੰਦੀ ਭੈਣ ਨਣਦੇ ਝੱਗਾ ਚੁੱਕੀਏ ਤਾਂ ਢਿੱਡ ਅਪਣਾ ਨੰਗਾ ਹੁੰਦਾ ਪਰ ਭੈਣ ਮੈਂ ਕੀ ਕਰਾ। ਕਿਸ ਨੂੰ ਦੱਸਾਂ। ਭੈਣ ਰਿਸ਼ਤਿਆਂ ਦਾ ਮਰ ਜਾਣਾ ਉਨੀਂ ਤਕਲੀਫ ਨਹੀਂ ਦੇਂਦਾ ਜਿੰਨੀ ਤਕਲੀਫ ਜਿਉਂਦੇ ਰਿਸ਼ਤਿਆਂ ਦਾ ਚੁੱਪ ਰਹਿਣਾ ਦੇਂਦਾ।



ਭੈਣ ਆਖਦੇ ਨੇ ਇਸ ਨੂੰ ਡਿਪਰੈਸ਼ਨ ਹੈ ਡਿਪਰੈਸ਼ਨ ਕਾਹਦਾ ਇਹ ਨਹੀਂ ਦੀਹਦਾ ਇਹਨਾਂ ਨੂੰ। ਰਿਸ਼ਤਾ ਇਹਨਾਂ ਮੰਗ ਕੇ ਲਿਆ ਸੀ ਵੀਰ ਹੈਨੀ ਸੀ ਜ਼ਮੀਨ ਭੈਣਾਂ ਨੂੰ ਆਉਣੀ ਸੀ। ਮੈਨੂੰ ਕੋਈ ਕੀਅਰ ਟੇਕਰ ਬਣਾ ਲੈ ਗਿਆ ਸੀ ਬਾਹਰ। ਮੈਂ ਹੋ ਗਈ ਪੱਕੀ ਉੱਥੇ। ਇਹ ਸੈਟ ਨਹੀਂ ਸੀ। ਮੇਰਾ ਰਿਸ਼ਤਾ ਇਸ ਨੂੰ ਹੋ ਗਿਆ।

ਚਲ ਭਾਈ ਆ ਗਿਆ ਬਾਹਰ। ਦੋ ਨਿਆਣੇ ਜੰਮਤੇ ਮਾਂ ਪਿਓ ਬਾਹਰ ਬੁਲਾ ਲਏ ਇਹਦੇ। ਭੈਣਾ ਵਿਆਹ ਦਿੱਤੀਆਂ ਇਹ ਦੀਆਂ। ਨਾਲ ਬਰਾਬਰ ਮੇਹਨਤ ਕੀਤੀ। ਉਹ ਬੁੜਾ ਬੁੜੀ ਮੇਰੇ ਸਿਰ ਤੇ ਨੱਚਦੇ ਨੇ ਰੋਜ ਇਹ ਪਾਗਲ ਹੈ। ਪਾਗਲ ਵਿਆਹਤੀ ਸਾਡੇ ਮੁੰਡੇ ਨੂੰ। ਨਾ ਹੁਣ ਮੈਂ ਪਾਗਲ ਹੋ ਗਈ ਭੈਣ ਜੀ। ਇੱਕ ਔਰਤ ਕੀ ਚਾਹੁੰਦੀ ਹੈ ਕੋਈ ਨਹੀਂ ਸਮਝਦਾ। ਕੀ ਔਰਤ ਦੇ ਸਾਰੇ ਫਰਜ ਨੇ। ਮੰਨਿਆ ਸੋਹਣੀ ਨਹੀਂ ਮੰਨਿਆ ਬਹੁਤੀ ਪੜੀ ਲਿਖੀ ਨਹੀਂ ਪਰ ਬੰਦਿਆਂ ਤੇਰਾ ਘਰ ਤਾ ਤੋਰ ਰਹੀ ਹਾਂ। ਕੀ ਔਰਤ ਦਾ ਫਰਜ ਬੱਚੇ ਪੈਦਾ ਕਰਨੇ ਘਰ ਸੰਭਾਲਣਾ ਹੀ ਹੈ। ਕੀ ਆਦਮੀ ਔਰਤ ਦਾ ਰਿਸ਼ਤਾ ਬਸ ਬੈਡਰੂਮ ਤੱਕ ਹੀ ਸੀਮਤ ਹੈ। ਜਦੋਂ ਕਹਾ ਮੇਰੇ ਨਾਲ ਕੋਈ ਗੱਲ ਹੀ ਕਰੋ। ਅੱਗਿਓਂ ਵੱਢ ਖਾਣ ਨੂੰ ਪੈਦਾ ਦੱਸ ਕਿਹੜੀ ਗੱਲ ਕਰਾ ਤੇਰੇ ਨਾਲ। ਫੇਸਬੁੱਕ ਤੇ ਸਹੇਲੀਆਂ ਬਣਾਈਆ, ਯਾਰ ਬਣਾ ਲਏ ਉਹਨਾਂ ਨਾਲ ਲੱਗਾ ਰਹਿੰਦਾ ਜਾ ਕੰਮ ਤੇ ਚਲਾ ਜਾਦਾ। ਕੋਈ ਫ਼ਿਕਰ ਨਹੀਂ ਉਸ ਨੂੰ ਘਰ ਦਾ ਬੱਚਿਆਂ ਦਾ ਮੇਰਾ। ਤੈਨੂੰ ਦੇਦਾ ਤਾ ਹਾਂ ਪੈਸੇ ਨਾ ਤੇਰੇ ਪੈਸਿਆਂ ਨੂੰ ਮੈਂ ਫੁੱਕਣਾ। ਘੁੰਮਾਉਣ ਲੈ ਕੇ ਜਾਦਾ ਕਾਹਦਾ ਘੁੰਮਾਉਣ ਅਪਣੇ ਯਾਰਾ ਬੇਲੀਆ ਨਾਲ ਆਪੇ ਪ੍ਰੋਗਰਾਮ ਬਣਾ ਲੈਂਦਾ।

ਮੇਰੇ ਵਾਸਤੇ ਟਾਇਮ ਨਹੀਂ ਮੈਂ ਉਹਨਾਂ ਅਣਜਾਨ ਲੋਕਾਂ ਚ ਅਪਣੇ ਆਪ ਨੂੰ ਹੀਨ ਮਹਿਸੂਸ ਕਰਦੀ ਹਾ ਜਿੰਨਾ ਨੂੰ ਜਾਣਦੀ ਨਹੀਂ ਚੰਗੀ ਤਰ੍ਹਾਂ ਉਹਨਾਂ ਨਾਲ ਝੂਠਾ ਹੱਸਣਾ ਬੜਾ ਔਖਾ ਹੁੰਦਾ। ਸਵੇਰੇ ਉੱਠਣ ਤੋ ਲੈ ਕੇ ਆਫਿਸ ਜਾਣ ਤੱਕ ਤੇ ਫਿਰ ਘਰ ਆ ਕੇ ਸੋਣ ਤੱਕ ਇਹਦੀ ਚੈਟ ਨਹੀਂ ਮੁੱਕਦੀ, ਕਦੀ ਫੋਨ ਨੂੰ ਸਾਹ ਵੀ ਦਵਾ ਲਿਆ ਕਰ ਜੇ ਏਦਾ ਕਹਿ ਦੇਵਾ ਤਾਂ ਭੁੜਕ ਡੰਡਿਓ ਪਾਰ ਹੁੰਦਾ। ਬੇੜਾ ਬਹਿ ਜੇ ਏਹਦੇ ਫੋਨ ਦਾ। ਰੱਬ ਕਰਕੇ ਕਮੋਡ 'ਚ ਡਿੱਗ ਪੇ। ਏਦੀਆ ਸੇਲੀਆ ਯਾਰਾਂ ਦੇ ਢਿੱਡ ਪੀੜ ਪੈ ਜਾਵੇ ਨਖੱਤਿਆ ਦੇ। ਮੈਂ ਆਖਾ ਕੁਝ ਤੇ ਸੜਦਾ ਅਖੇ ਤੇਰੇ ਕੋਲ ਫੋਨ ਨਹੀਂ ਨਾ ਤੂੰ ਤਾਂ ਸੜਦੀ। ਚੰਗਾ ਨਹੀਂ ਜੇ ਹੁੰਦਾ ਤਾਂ ਏਦੇ ਤੋਂ ਜ਼ਿਆਦਾ ਮੇਰੇ ਫੋਨ ਆਇਆ ਕਰਨੇ ਸੀ। ਏਨੇ ਫਿਰ ਔਖਾ ਹੋ ਜਾਣਾ ਸੀ। ਬੱਚੇ ਤਾਂ ਉਹ ਅਪਣੇ ਅਪਣੇ ਕਮਰਿਆਂ ਵਿੱਚ ਵੜੇ ਰਹਿੰਦੇ ਨੇ ਆਪਣੇ ਆਪਣੇ ਫੋਨ ਲੈ ਕੇ।

ਦਵਾਈ ਖਵਾਉਣ ਜੋਗਾ ਪੈਸਾ ਹੈ ਏਹਦੇ ਕੋਲ। ਡਿਪਰੈੱਸ਼ਨ ਕਿਸ ਵਜ਼੍ਹਾ ਕਰਕੇ ਇਹ ਨਹੀਂ ਪਤਾ ਏਹਨੂੰ।

ਮੈਂ ਕੰਮ ਕਰਦੀ ਹਾਂ ਫੋਨ ਸੁਣਦੀ ਸੁਣਦੀ। ਫੋਨ ਸਪੀਕਰ 'ਤੇ, ਗੱਲ ਏਨੀ ਲੰਮੀ ਹੋ ਗਈ ਕਿ ਸਰਦਾਰ ਜੀ ਵੀ ਖਿੱਝ ਗਏ ਸੀ ਤੇ ਇਸ਼ਾਰੇ ਨਾਲ ਫੋਨ ਬੰਦ ਕਰਨ ਲਈ ਆਖ ਦਿੱਤਾ ਸੀ। ਸਾਰੀ ਵਾਰਤਾਲਾਪ ਚ ਮੈਂ ਸ਼ਾਇਦ ਦੋ ਚਾਰ ਲਾਈਨਾਂ ਬੋਲੀਆਂ ਸਨ।

ਉਸ ਨੇ ਅੱਜ ਗੁਬਾਰ ਕੱਢ ਲਿਆ ਸੀ ਹੁਣ ਹਲਕੀ ਹੋ ਗਈ ਸੀ ਭਾਬੋ ਇਹ ਗੱਲਾਂ ਕਦੀ ਤੁਸੀਂ ਉਹਨਾਂ ਨੂੰ ਕਹੀਆ ਪਹਿਲਾਂ ਕਹਿੰਦੀ ਸਾ ਉਹ ਸੁਣਦਾ ਹੀ ਨਹੀਂ। ਹੁਣ ਨਹੀਂ ਕਹਿੰਦੀ ਮੈਂ। ਅੱਛਾ ਇਹ ਦੱਸੋ ਹੁਣ ਕਿਵੇਂ ਦਾ ਫੀਲ ਹੋ ਰਿਹਾ...ਕਹਿੰਦੀ ਕਾਫੀ ਠੀਕ ਹਾਂ। ਅੱਛਾ ਸੁਣੋ ਫਿਰ ਬਾਕੀ ਦਵਾਈਆਂ ਛੱਡ ਦਿਓ ਇਹ ਦਵਾਈ ਮਹੀਨੇ ਚ ਇੱਕ ਵਾਰੀ ਖਾ ਲਿਆ ਕਰੋ ਫੋਨ ਵਾਲੀ ਦਵਾਈ ਭਾਵ ਮੇਰੇ ਨਾਲ ਗੱਲ ਕਰ ਲਿਆ ਕਰੋ। ਸੁਣ ਬਹੁਤ ਹੱਸੀ ਤੇ ਫਿਰ ਸਤਿ ਸ੍ਰੀ ਆਕਾਲ ਬੁਲਾ ਫੋਨ ਰੱਖ ਦਿੱਤਾ। ਮੈਨੂੰ ਇਹ ਖੁਸ਼ੀ ਸੀ ਕਿ ਅੱਜ ਉਹ ਠੀਕ ਫੀਲ ਕਰ ਰਹੀ ਸੀ ਕਿਉਂਕਿ ਉਸ ਨੂੰ ਸੁਨਣ ਵਾਲਾ ਸੀ ਕੋਈ ਅੱਜ।

ਮੈਂ ਸੋਚਦੀ ਹਾਂ ਬਹੁਤੇ ਲੜਾਈ ਝਗੜਿਆਂ ਦੀ ਵਜ੍ਹਾ ਇਹ ਫੋਨ ਹੋ ਗਏ ਨੇ। ਇੱਕਲੀ ਔਰਤ ਹੀ ਨਹੀਂ ਮਾਂ ਬਾਪ ਬੱਚੇ ਪਤੀ ਕੋਈ ਵੀ ਇਸ ਤੋਂ ਪ੍ਰੇਸ਼ਾਨ ਹੋ ਸਕਦਾ ਹੈ। ਫੋਨ ਦੇ ਸਾਡੇ ਸਰੀਰ ਤੇ ਵੀ ਦੁਸ਼ਪ੍ਰਭਾਵ ਪੈਂਦੇ ਨੇ। ਆਈਸਾਇਡ ਖ਼ਰਾਬ ਹੁੰਦੀ ਹੈ। ਇਸ ਵਿੱਚੋਂ ਨਿਕਲ ਰਹੀਆਂ ਭਿਆਨਕ ਕਿਰਨ ਦਾ ਸਾਡੇ ਸਰੀਰ ਤੇ ਦਿਮਾਗ ਤੇ ਗਲਤ ਅਸਰ ਹੁੰਦਾ ਹੈ। ਸਿਰ ਦਰਦ ਆਮ ਬਿਮਾਰੀ ਹੋ ਗਈ ਹੈ ਇਸ ਦੇ ਪ੍ਰਯੋਗ ਨਾਲ॥ ਮਨੁੱਖ ਨੇ ਅਪਣੇ ਆਪ ਨੂੰ ਸੀਮਤ ਦਾਇਰੇ 'ਚ ਬੰਦ ਕਰ ਲਿਆ। ਉਹ ਬਾਹਰੀ ਅਸਲੀ ਦੁਨੀਆਂ ਨਾਲ ਕੱਟੀ ਜਾ ਰਿਹਾ ਤੇ ਭਰਮ ਭੁਲੇਖਿਆਂ 'ਚ ਜੀਅ ਰਿਹਾ। ਕਾਸ਼ ਅਸੀਂ ਸਭ ਪਰਿਵਾਰ ਦੀ ਅਹਿਮੀਅਤ ਸਮਝੀਏ ਔਰਤ ਹੋਵੇ ਜਾ ਆਦਮੀ ਸਭ ਦੀ ਆਪਣੀ ਅਹਿਮੀਅਤ ਹੈ। ਆਪਣੇ ਹੱਕ ਲਈ ਬੋਲਣ ਦਾ ਮਤਲਬ ਡਿਪਰੈਸ਼ਨ ਨਹੀਂ ਹੈ ਹਾਂ ਜਦੋਂ ਇਹ ਗੁਬਾਰ ਅੰਦਰੋਂ ਅੰਦਰ ਰਹਿੰਦਾ ਤਾਂ ਡਿਪਰੈਸ਼ਨ ਜ਼ਰੂਰ ਬਣ ਜਾਂਦਾ। ਖਾਸ ਕਰ ਘਰ ਰਹਿਣ ਵਾਲੀਆਂ ਔਰਤਾਂ ਲਈ। ਫੋਨ ਲਈ ਕੁਝ ਸਮਾਂ ਨਿਸ਼ਚਿਤ ਰੱਖੋ। ਬਾਕੀ ਸਮਾਂ ਘਰ ਪਰਿਵਾਰ ਨੂੰ ਦਿਓ ਤਾਕਿ ਫਾਲਤੂ ਦੀਆਂ ਪਰੇਸ਼ਾਨੀਆਂ ਤੋਂ ਬੱਚਿਆ ਜਾ ਸਕੇ। ਜਰਾ ਅਪਣੇ ਆਲੇ ਦੁਆਲੇ ਧਿਆਨ ਮਾਰੋ ਤੁਹਾਡੇ ਘਰ ਵੀ ਤਾਂ ਕੋਈ ਤੁਹਾਡੇ ਫੋਨ ਕਰਕੇ ਪ੍ਰੇਸ਼ਾਨ ਨਹੀ। ਰਿਸ਼ਤਿਆਂ ਦੇ ਅਹਿਸਾਸਾਂ ਨੂੰ ਸਮਝੋ ਅੱਪਣਤ ਨੂੰ ਕਾਇਮ ਰੱਖੋ।

ਲਿਖਤ- Naturedeep Kahlon

# ਹੌਲੀ ਹੌਲੀ ਭੁੱਲ ਜਾਂਦੀਆਂ ਫਿਰ ਗਲੀਆਂ ਬਾਬਲ ਵਾਲੀਆਂ...



ਪੇਕੇ ਕਿੰਨਾ ਮਿੱਠਾ ਸ਼ਬਦ, ਕਿੰਨਾ ਅਪਣੱਤ ਨਾਲ ਭਰਿਆ, ਜਨਮ ਸਮੇਂ ਤਾਂ ਇਹੀ ਘਰ ਸੀ। ਸਾਰੇ ਚਾਅ ਮਲਾਰ ਏਥੇ ਹੀ ਸਨ। ਗੁੱਡੇ ਗੁੱਡੀਆਂ ਦੇ ਵਿਆਹ ਕਰਨੇ। ਈਨ ਪੁੰਗਾਉਣੀ, ਭਰੀਆਂ ਕਾਪੀਆਂ ਨਾਲ ਟੀਚਰ ਟੀਚਰ ਖੇਡਣਾ। ਭੈਣਜੀਆਂ ਬੜਣ ਦਾ ਚਾਅ ਵੀ ਹੁੰਦਾ। ਮਾਵਾਂ ਦੀਆਂ ਚੁੰਨੀਆਂ ਗਲਾ ਚ ਪਾ ਖੇਡਦੀਆਂ ਰਹਿੰਦੀਆਂ। ਵੀਰਾਂ ਨਾਲ ਰੀਸਾਂ ਕਰ ਦੀਆਂ।

ਧੀਆਂ ਤਾਂ ਬਚਪਨ ਤੋ ਹੀ ਸਿੱਖੀਆਂ ਨੇ ਐਡਜੈਸਟ ਕਰਨਾ। ਚਲ ਕੋਈ ਨਾ ਦੇਦੇ ਵੀਰ ਹੀ ਹੈ ਤੇਰਾ। ਤੂੰ ਬਾਅਦ ਚ ਖਾ ਲਵੀ।

ਫਿਰ ਹੌਲੀ-ਹੌਲੀ ਪਤਾ ਚਲਦਾ ਧੀਆਂ ਪਰਾਇਆ ਧਨ ਹੁੰਦੀਆਂ।

ਬਿਨਾਂ ਧਿਆਨ ਕੀਤਿਆਂ ਧੀਆਂ ਸੁੰਭਰਦੀਆਂ ਨੇ ਸਵਾਰ ਦੀਆਂ ਨੇ ਬਾਬਲੇ ਦਾ ਵਿਹੜਾ।

ਸਾਰੀਆਂ ਜ਼ਿੰਮੇਵਾਰੀਆਂ ਕਰਦੀਆਂ ਨੇ ਪੂਰੀਆਂ

ਹਸਦੀਆਂ ਨੇ ਟੱਪਦੀਆਂ ਨੇ ਇਹ ਰੌਣਕਾਂ ਬਣ ਜਾਦੀਆਂ ਨੇ ਮਰ ਜਾਣੀਆਂ।

ਪਿਉ ਦੀ ਦੁਜੀ ਮਾਂ ਜਿਵੇਂ ਦਾਦੀ ਰੱਖਦੀ ਸੀ ਖਿਆਲ ਬਿਲਕੁਲ ਓਵੇਂ ਹੀ, ਦਵਾਈ ਖਾਦੀ ਕੇ ਨਹੀਂ, ਲਿਆਓ ਸੂਟ ਪ੍ਰੈਸ ਕਰਾ, ਪਾਣੀ ਲਿਆਵਾਂ। ਪਿਓ ਦੀਆਂ ਲਾਡਲੀਆਂ।

ਮਾਂ ਦੀਆਂ ਸਾਥਣਾ, ਸੁੱਖ ਦੁੱਖ ਦੀਆਂ ਭਾਈਵਾਲ, ਲੜਦੀਆਂ ਵੀ ਮਾਂ ਨਾਲ ਤੇ ਮਾਂ ਦੀਆਂ ਪੱਕੀਆਂ ਸਹੇਲੀਆਂ ਵੀ।

ਲੋੜ ਪੈਣ ਤੇ ਅਪਣੀ ਬੁਗਨੀ ਵੀ ਤੋੜ ਲੈਂਦੀਆਂ। ਚੀਜਾਂ ਨਾਲੋਂ ਘਰ ਜੋੜਣ ਨੂੰ ਤਰਜੀਹ ਦੇਦੀਆ ਨੇ। ਹਰ ਨਸੀਹਤ ਨੂੰ ਦਿਲ ਤੇ ਲਿਖ ਲੈਂਦੀਆਂ। ਪੁੱਤ ਸੀਅ ਨਾ ਕਰੀ ਭਾਵੇਂ ਟਰੱਕ ਲੰਘ ਜਾਵੇ ਉੱਤੋਂ ਦੀ। ਪਿਓ ਦੀ ਚਿੱਟੀ ਦਾੜੀ ਦੀ ਇੱਜਤ ਰੱਖੀ। ਵੀਰ ਦੀ ਪੱਗ ਨੂੰ ਦਾਗ ਨਾ ਲੱਗੇ।

ਤੁਰ ਜਾਂਦੀਆਂ ਦੂਜੇ ਦਾ ਘਰ ਵਸਾਉਣ ਬਾਬਲੇ ਦਾ ਹੁਕਮ ਮੰਨ, ਧੀਰਜ ਰੱਖਣਾ, ਖੁਸ਼ੀ ਨਾਲ ਸੌ ਵਾਰ ਆਵੀ ਲੜ ਕੇ ਨਹੀਂ ਆਉਣਾ।

ਇਮਤਿਹਾਨ ਦੇ ਕੇ ਹੀ ਰਾਜ ਮਿਲਦਾ ਧੀਏ। ਬੜੀ ਵਾਰ ਘਰ ਦੀਆਂ ਬਰੂਹਾਂ ਕੋਲੋਂ ਦੀ ਲੰਘਣਾ ਪੈਦਾ ਬਿਨਾਂ ਮਿਲਿਆ ਘਰ ਜਾਣ ਦੀ ਆਗਿਆ ਨਹੀਂ ਹੁੰਦੀ, ਗੱਚ ਭਰਿਆ ਹੁੰਦਾ ਪਰ ਸਿਕਾਇਤ ਨਹੀ ਕਰਦੀਆਂ ਨਵੀਆ ਸਵੀਆਂ। ਮਨ ਮੁਸ਼ਕਲ ਨਾਲ ਲੱਗਦਾ ਪਰ ਲਾ ਲੈਂਦੀਆਂ ਨੇ। ਕਰ ਲੈਂਦੀਆਂ ਨੇ ਦਿਲ ਹੌਲਾ ਰਜਾਈ 'ਚ ਮੂੰਹ ਦੇ ਰੋ ਕੇ ਜਾ ਗੁਸਲਖਾਨੇ 'ਚ ਵੜ ਰੋ ਲੈਂਦੀਆਂ ਨੇ। ਭਾਗ ਲਾਉਂਦੀਆਂ ਨੇ ਸਿਰ ਦੇ ਸਾਈ ਦੇ ਘਰ ਨੂੰ। ਸਮਾਂ ਅਪਣੀ ਚਾਲੇ ਚਲਦੈ। ਆਪਣੇ ਜੀਆਂ 'ਚ ਰੁੱਝ ਜਾਂਦੀਆਂ ਨੇ ਧੀਆਂ।

ਧੀਆਂ ਪੁੱਤਰਾਂ ਵਾਲੀਆਂ ਬਣ ਜਾਦੀਆ ਨੇ ਪਰ ਰੱਜ ਕੇ ਪੇਕੇ ਰਹਿਣ ਦੀ ਰੀਝ ਫਿਰ ਵੀ ਕਦੇ ਪੂਰੀ ਨਹੀਂ ਹੁੰਦੀ। ਅਧੂਰੀ ਜਿਹੀ ਰਹਿੰਦੀ ਹੈ। ਸਾਉਣ ਮਹੀਨੇ ਦੇ ਸਧਾਰੇ ਆਉਂਦੇ ਨੇ, ਲੋਹੜੀ ਆਉਦੀ ਏ ਦਿਨ ਵਾਰ ਆਉਂਦਾ। ਚਾਅ ਨਹੀਂ ਸੰਭਾਲਿਆ ਜਾਦਾ ਏਨਾ ਧੀਆਂ ਦਾ। ਵੀਰ ਦੇ ਆਉਣ ਦਾ ਚਾਅ ਹੁੰਦਾ। ਜਿੰਨਾ ਦੇ ਵੀਰ ਨਹੀਂ ਹੁੰਦੇ ਜਾ ਵਿਛੜ ਜਾਂਦੇ ਨੇ ਉਹਨਾਂ ਅੰਦਰ ਇੱਕ ਚੀਸ ਹਮੇਸ਼ਾ ਰਹਿੰਦੀ ਏ। ਗਰਮੀਆਂ ਦੀਆਂ ਛੁੱਟੀਆਂ ਵਿੱਚ ਮਹੀਨਾ-ਮਹੀਨਾ ਰਹਿ ਜਾਂਦੀਆਂ ਨੇ ਧੀਆਂ। ਮਾਵਾਂ ਵੀ ਪੂਰਾ ਚਾਅ ਮਲਾਰ ਕਰਦੀਆਂ ਨੇ ਪੂਰੇ ਪਰਿਵਾਰ ਦਾ ਕੱਪੜਾ ਲੀੜਾ ਲੈਕੇ ਦੇਦੀਆਂ, ਕਦੀ ਘਰ ਦੀਆਂ ਦਾਲਾ ਕਦੀ ਚੌਲ ਕਦੀ ਫਲ ਫਰੂਟ ਭਰੀਆਂ ਭਰਾਈਆ ਜਾਦੀਆਂ ਨੇ ਅਪਣੇ ਘਰੇ, ਪਰ ਸਮਾਂ ਅਪਣੇ ਰੰਗ ਵਿਖਾਉਂਦਾ ਏ। ਹੁਣ ਘੱਟ ਲੱਗਦਾ ਹੈ ਬਾਬਲ ਦੀਆਂ ਗਲੀਆਂ ਦਾ ਗੇੜਾ ਕਦੇ ਕਦੇ ਜਾਦੀਆਂ ਨੇ ਬਾਬਲੇ ਦੇ ਘਰ।

ਫਿਰ ਓਹੀ ਘਰ ਓਪਰਾ ਲੱਗਦਾ। ਉਹ ਭਾਬੀਆਂ ਦਾ ਲਗਦੈ। ਹੁਣ ਨਹੀਂ ਛੇੜ ਸਕਦੀਆਂ ਕੋਈ ਚੀਜ। ਆਪਣੇ ਹੱਥੀ ਸਜਾਇਆ ਘਰ ਹੁਣ ਬਦਲਿਆ ਲਗਦੈ। ਆਪਣੀਆਂ ਫੋਟੋਆਂ ਹੁਣ ਕਿਸੇ ਕਮਰੇ ਦੀ ਦੀਵਾਰ ਤੇ ਨਹੀਂ ਕਿਸੇ ਖੂੰਝੇ ਪਈਆ ਜਾ ਪਰਛੱਤੀ ਤੇ ਰੱਖੀਆਂ ਹੋਣੀਆਂ ਦਾ ਕਿਆਸਾ ਲਾਉਂਦਾ ਮਨ ਅੰਦਰੋਂ ਅੰਦਰੀ ਸ਼ੋਰ ਕਰਦਾ ਚੁੱਪ ਹੋ ਹੀ ਜਾਂਦਾ। ਮਨ ਦੇ ਵਲਵਲੇ ਉਸਲਵੱਟੇ ਲੈ ਆਪੇ ਸਾਂਤ ਹੋ ਜਾਂਦੇ ਨੇ॥ ਸਲਾਹ ਵੀ ਨਹੀਂ ਦੇਂਦੀਆਂ ਨਾ ਪੁੱਛਦਾ ਕੋਈ ਹੁਣ। ਬਹੁਤਾ ਹੱਕ ਵੀ ਨਹੀਂ ਜਤਾਉਂਦੀਆਂ। ਦਿਲ ਕਰੇ ਤਾਂ ਫੋਨ 'ਤੇ ਪੁੱਛਦੀਆ ਨੇ ਮਾਂ ਨੂੰ ਤੇ ਮਾਂ ਜੇ ਕਹੇ ਪੁੱਤ ਭਾਬੀ ਤੇਰੀ ਨੇ ਵੀ ਪੇਕੇ ਜਾਣਾ, ਤੂੰ ਅਗਲੇ ਹਫ਼ਤੇ ਮਿਲ ਜਾਵੀ ਝੱਟ ਮੰਨ ਜਾਂਦੀਆਂ ਨੇ। ਭਾਬੀ ਦਾ ਮੂੰਹ ਵੇਖ ਹੀ ਖੁਸ਼ੀ ਤੇ ਚਾਅ ਦਾ ਅੰਦਾਜ਼ਾ ਲਗਾ ਲੈਂਦੀਆਂ ਨੇ। ਭਾਬੀ ਦੀ ਮਜ਼ਬੂਰੀ ਵੀ ਸਮਝਦੀਆਂ ਨੇ। ਥੱਕੀ ਹੋ ਸਕਦੀ ਹੈ ਉਹ ਵੀ ਅੱਕ ਸਕਦੀ ਹੈ। ਬਿਮਾਰ ਵੀ ਹੋ ਸਕਦੀ ਹੈ।

ਮਾਂ ਦੀ ਵੱਧਦੀ ਉਮਰ ਤੇ ਬੇਬਸੀ ਨੂੰ ਸਮਝਦੀਆਂ ਨੇ ਹੁਣ ਨਖਰੇ ਕੋਈ ਨਹੀਂ ਰਹਿੰਦੇ। ਜੋ ਮਿਲ ਜਾਂਦਾ ਖਾ ਲੈਂਦੀਆ ਨੇ। ਰੁਝੇਵੇਂ ਅਪਣੇ ਵੀ ਵੱਧ ਜਾਂਦੇ ਨੇ ਬੱਚੇ ਬੱਚਿਆਂ ਦੀਆਂ ਪੜ੍ਹਾਈਆਂ ਬਜੁਰਗਾਂ ਸਾਕ ਸਕੀਰੀਆਂ ਸੁੱਖ ਦੁੱਖ ਪਰ ਮਾਪਿਆਂ ਦੀ ਖਿੱਝ ਲੈ ਆਉਂਦੀ ਹੈ ਫਿਰ ਵੀ ਬਾਰ ਬਾਰ। ਵੀਰ ਭਾਬੀਆਂ ਲਈ ਅਰਦਾਸਾਂ ਕਰਦੀਆਂ ਨੇ ਸੁੱਖ ਮੰਗਦੀਆਂ ਨੇ, ਆਖਰ ਮਾਪਿਆਂ ਦੇ ਤੁਰ ਜਾਣ ਨਾਲ ਧੀਆਂ ਯਤੀਮ ਹੋ ਜਾਂਦੀਆਂ ਨੇ। ਫਿਰ ਦਿਨ ਵਾਰ ਵੀ ਘੱਟ ਜਾਂਦਾ। ਮਾਂ ਬਾਪ ਤਾਂ ਯਾਦਾ ਚ ਸਦਾ ਰਹਿੰਦੇ ਨੇ ਪਰ ਹੌਲੀ ਹੌਲੀ ਭੁੱਲ ਜਾਦੀਆਂ ਨੇ ਫਿਰ ਗਲੀਆਂ ਬਾਬਲ ਵਾਲੀਆਂ।

ਲਿਖਤ- Naturedeep Kahlon

# ਸੱਚ-ਝੂਠ

ਸਹੀ ਗਲਤ ਦਾ ਹਰ ਕਿਸੇ ਦਾ ਆਪਣਾ ਪੈਮਾਨਾ ਹੈ। ਇਸੇ ਤਰ੍ਹਾਂ ਸੱਚ ਝੂਠ ਵੀ ਆਪਣਾ ਆਪਣਾ ਹੁੰਦਾ ਹੈ। ਉਹ ਕੰਮ ਚੋਂ ਕਿਸੇ ਲਈ ਗਲਤ ਹੈ ਕਿਸੇ ਦੂਜੇ ਲਈ ਸਹੀ ਹੁੰਦਾ ਹੈ। ਕਈ ਵਾਰ ਜ਼ਿੰਦਗੀ ਵਿੱਚ ਅਜਿਹੇ ਕੰਮ ਕਰਨੇ ਪੈ ਜਾਂਦੇ ਹਨ ਜੋ ਬਹੁਤਿਆਂ ਨੂੰ ਗਲਤ ਲੱਗਦੇ ਹਨ ਪਰ ਖ਼ੁਦ ਬੰਦੇ ਨੂੰ ਸਹੀ ਲੱਗ ਰਹੇ ਹੁੰਦੇ ਹਨ। ਕਹਿੰਦੇ ਨੇ ਉਹ ਝੂਠ ਜੋ ਦੂਜੇ ਦੀ ਖੁਸ਼ੀ ਲਈ ਬੋਲਿਆ ਜਾਵੇ ਉਹ ਸੱਚ ਨਾਲੋਂ ਬਿਹਤਰ ਹੈ। ਜਿਵੇਂ ਕਹਿ ਦਿੰਦੇ ਨੇ ਕਿ ਖੁਸ਼ੀ ਹਰ ਕਿਸੇ ਦੀ ਆਪੋ ਆਪਣੀ ਹੁੰਦੀ ਹੈ। ਖੁਸ਼ੀ ਨੂੰ ਮਾਪਣ ਦਾ ਕੋਈ ਪੈਮਾਨਾ ਨਹੀਂ ਹੈ। ਕੋਈ ਲੱਖਾਂ ਦੀ ਚੀਜ਼ ਲੈ ਕੇ ਵੀ ਖੁਸ਼ ਨਹੀਂ ਤੇ ਕਿਸੇ ਲਈ ਪੰਜ ਰੁਪਈਏ ਵੀ ਖੁਸ਼ੀ ਦਾ ਸਬੱਬ ਬਣ ਜਾਂਦੇ ਹਨ। ਕਿਸੇ ਦੇ ਆਉਣ ਤੇ ਖੁਸ਼ੀ ਹੁੰਦੀ ਹੈ ਤੇ ਕਿਸੇ ਦੇ ਜਾਣ ਤੇ ਵੀ ਕੋਈ ਖੁਸ਼ ਹੋ ਸਕਦਾ ਹੈ। ਸਹੀ ਗਲਤ ਇਹ ਸਭ ਅਸੀਂ ਆਪ ਬਣਾਏ ਹਨ। ਕੁਦਰਤ ਦਾ ਵਰਤਾਰਾ ਮੈਂ ਕਿਸੇ ਚੀਜ਼ ਨੂੰ ਗਲਤ ਕਹਿੰਦਾ ਹੈ ਨਾ ਸਹੀ। ਕੁਦਰਤ ਦੇ ਮੁਤਾਬਿਕ ਸਭ ਕੁਝ ਹੋਣਾ ਹੁੰਦਾ ਹੈ। ਬਸ ਅਸੀਂ ਆਪਣੀ ਸੋਚ ਮੁਤਾਬਕ ਆਪਣੇ ਵਿਸ਼ਵਾਸ ਮੁਤਾਬਕ ਤੇ ਆਪਣੇ ਫਾਇਦੇ ਦੇ ਮੁਤਾਬਕ ਉਹਨਾਂ ਨੂੰ ਸਹੀ ਤੇ ਗਲਤ ਦਾ ਜਾਮਾ ਪਹਿਨਾ ਦਿੰਦੇ ਹਾਂ। ਚੋਰ ਚੋਰੀ ਕਰਨ ਤੋਂ ਪਹਿਲਾਂ ਆਪਣੇ ਇਸ਼ਟ ਅੱਗੇ ਪ੍ਰਾਰਥਨਾ ਕਰਦਾ ਹੈ ਕਿ ਉਹ ਆਪਣੇ ਮਿਸ਼ਨ ਵਿੱਚ ਸਫਲ ਹੋ ਗਏ ਤੇ ਪੁਲਿਸ ਵਾਲਾ ਚੋਰ ਕੋ ਫੜਨ ਵੇਲੇ ਇਹੀ ਪ੍ਰਾਰਥਨਾ ਕਰਦਾ ਹੈ। ਕੋਈ ਆਪਣੇ ਇਸ਼ਟ ਮੂਹਰੇ ਆਪਣੇ ਕੋਲ ਬਚਿਆ ਆਖਰੀ ਸਿੱਕਾ ਵੀ ਚੜ੍ਹਾ ਦਿੰਦਾ ਹੈ ਕਿ ਉਸਦੀ ਇੱਛਾ ਪੂਰੀ ਹੋਵੇ। ਕੋਈ ਉਸ ਸਿੱਕੇ ਨੂੰ ਚੁੱਕ ਵਰਤ ਲੈਂਦਾ ਹੈ ਇਹ ਸੋਚ ਕੇ ਕਿ ਇਹ ਮੇਰੇ ਲਈ ਹੀ ਆਇਆ ਹੈ। ਅਜੀਬ ਗੋਰਖ ਧੰਦਾ ਹੀ ਹੈ ਨਾ। ਸੋਚੋ ਤਾਂ ਬਹੁਤ ਕੁਝ ਹੈ ਨਾ ਸਮਝੋ ਤਾਂ ਕੁਝ ਵੀ ਨਹੀਂ।



ਗੱਲਾਂ ਦਾ ਹੇਰ ਫੇਰ ਸੋਚ ਦਾ ਵਿੰਗ ਵਲ ਇਹੀ ਤਾਂ ਹੈ। ਫਿਰ ਬੰਦਾ ਪਤਾ ਨਹੀਂ ਕਿੱਥੇ ਉਲਝਿਆ ਫਿਰਦਾ ਹੈ। ਉਸ ਨੂੰ ਦੂਜਿਆਂ ਦੇ ਐਬ ਦਿਸਦੇ ਹਨ ਤੇ ਆਪਣੀਆਂ ਖੂਬੀਆਂ। ਜਦ ਕਿ ਚਾਹੀਦਾ ਇਹ ਹੈ ਕਿ ਉਸਨੂੰ ਆਪਣੇ ਐਬ ਤੇ ਦੂਜਿਆਂ ਦੀਆਂ ਖੂਬੀਆਂ ਦਿਸਣ। ਭਰਮ ਹੀਤਾ ਹੈ ਜੋ ਮਨੁੱਖ ਨੂੰ ਜਿਉਂਦਾ ਰੱਖਦਾ ਹੈ। ਕਿਸੇ ਦੇ ਸਾਥ ਦਾ ਭਰਮ, ਕਿਸੇ ਦੇ ਵਿਸ਼ਵਾਸ਼ ਦਾ ਭਰਮ। ਜ਼ਿੰਦਗੀ ਨੂੰ ਜੇ ਉੱਪਰੋਂ ਉੱਪਰੋਂ ਜੀ ਲਓ ਤਾਂ ਵੀ ਬੀਤ ਜਾਂਦੀ ਹੈ ਜੇ ਥੋੜਾ ਗਹਿਰੇ ਚਲੇ ਜਾਓ ਤਾਂ ਵੀ ਬੀਤ ਜਾਂਦੀ ਹੈ। ਇਸਨੇ ਅਖੀਰ ਇੱਕ ਦਿਨ ਮੁੱਕਣਾ ਹੀ ਹੈ। ਇਹ ਤੁਹਾਡੇ ਤੇ ਨਿਰਭਰ ਹੈ ਕਿ ਤੁਸੀਂ ਕਿਸ ਤਰ੍ਹਾਂ ਜਿਉਣਾ ਚਾਹੁੰਦੇ ਹੋ। ਵੈਸੇ ਵਿਚਰਨਾ ਤਾਂ ਪਾਣੀ ਦੇ ਭਰੇ ਕੌਲੇ ਦੇ ਉੱਪਰ ਰੱਖੀ ਹੋਈ ਖੁਸ਼ਬੂਦਾਰ ਮੋਮਬੱਤੀ ਵਾਂਗ। ਜੋ ਹਲਕੀ ਜਿਹੀ ਰੋਸ਼ਨੀ ਵੀ ਦਿੰਦੀ ਹੈ ਖੁਸ਼ਬੂ ਵੀ ਦਿੰਦੀ ਹੈ ਤੈਰਦੀ ਵੀ ਹੈ ਤੇ ਹਰ ਕਿਸੇ ਨੂੰ ਚੰਗੀ ਵੀ ਲੱਗਦੀ ਹੈ। ਬਸ ਜਿੱਥੇ ਜਾਓ ਆਪਣੀ ਰੌਸ਼ਨੀ ਦਿਓ ਖੁਸ਼ਬੂ ਬਖੇਰੋ ਤੇ ਜੀਓ। ਜ਼ਿੰਦਗੀ ਇਹੀ ਹੈ।

ਹਰਪ੍ਰੀਤ ਸੰਧੂ

# ਬੇਗਾਨੀ ਝਾਕ...

ਜਦੋਂ ਉਹ ਸਾਡੇ ਦਫ਼ਤਰ ਵਿੱਚ ਆਪਣੀ ਨਿਯੁਕਤੀ ਲਈ ਆਈ ਤਾਂ ਇੰਝ ਲੱਗਿਆ, ਜਿਵੇਂ ਬੰਜਰ ਧਰਤੀ ਉੱਤੇ ਪਹਿਲਾ ਮੀਂਹ ਵਰਸ ਪਿਆ ਹੋਵੇ। ਸਾਰਾ ਅਮਲਾ ਮੂੰਹ ਚੁੱਕ-ਚੁੱਕ ਕੇ ਉਸ ਵੱਲ ਹੀ ਦੇਖ ਰਿਹਾ ਸੀ। ਦਰਮਿਆਨਾ ਜਿਹਾ ਕੱਦ, ਸਾਫ਼ ਰੰਗ, ਨਾ ਬਹੁਤ ਪਤਲਾ ਸਰੀਰ ਤੇ ਨਾ ਹੀ ਭਾਰਾ, ਅਤੇ ਸੂਟ ਦਾ ਰੰਗ ਵੀ ਮੱਧਮ ਜਿਹਾ। ਉਹ ਹੌਲੀ-ਹੌਲੀ ਕਦਮ ਰੱਖਦੀ, ਸਾਰਿਆਂ ਨੂੰ ਸਿਰ ਝੁਕਾ ਕੇ ਸਤਿ ਸ੍ਰੀ ਅਕਾਲ ਕਰਦੀ ਅੰਦਰ ਦਸਤਖ਼ਤ ਕਰਨ ਚਲੀ ਗਈ। ਉਮਰ ਵੀ ਕੋਈ ਪੈਂਤੀ ਤੋਂ ਚਾਲੀ ਸਾਲ ਦੇ ਵਿਚਕਾਰ ਹੋਵੇਗੀ। ਹੋ ਸਕਦਾ ਦੋ-ਚਾਰ ਸਾਲ ਉੱਪਰ ਹੀ ਹੋਵੇ, ਪਰ ਉਸਨੂੰ ਦੇਖ ਕੇ ਉਮਰ ਦਾ ਅੰਦਾਜ਼ਾ ਲਗਾਉਣਾ ਥੋੜ੍ਹਾ ਔਖਾ ਸੀ।

ਉਹ ਕੋਈ ਕੋਹ-ਕਾਫ਼ ਦੀ ਪਰੀ ਤਾਂ ਨਹੀਂ ਸੀ, ਪਰ ਉਸਦੇ ਸਾਦੇ ਨੈਣ-ਨਕਸ਼ ਅਜਿਹੇ ਸਨ ਕਿ ਹਰ ਅੱਖ ਇੱਕ ਵਾਰ ਉਸ ਵੱਲ ਦੇਖ ਕੇ ਪਲਕ ਝਪਕਣਾ ਭੁੱਲ ਜਾਂਦੀ ਸੀ। ਵੈਸੇ ਵੀ ਸਾਡੇ ਦਫ਼ਤਰ ਵਿੱਚ ਦੋ ਹੀ ਔਰਤਾਂ ਸਨ—ਨੀਤਾ ਭੈਣ ਜੀ ਅਤੇ ਹਰਜੀਤ ਭੈਣ ਜੀ। ਦੋਵੇਂ ਹੀ ਸੱਠਵਿਆਂ ਨੂੰ ਹੱਥ ਲਾਉਣ ਵਾਲੀਆਂ ਸਨ। ਹਰਜੀਤ ਭੈਣ ਜੀ ਤਾਂ ਅੱਜਕੱਲ੍ਹ ਛੁੱਟੀ ਉੱਤੇ ਸਨ, ਆਪਣੀ ਧੀ-ਜਵਾਈ ਕੋਲ ਕੈਨੇਡਾ ਗਏ ਹੋਏ ਸਨ।



ਅਗਲੇ ਦਿਨ ਸਾਰਾ ਅਮਲਾ ਹੀ ਖ਼ੁਸ਼ ਫਿਰਦਾ ਸੀ। ਉਹ ਮੇਰੇ ਹੀ ਵਿਭਾਗ ਵਿੱਚ ਆਈ ਸੀ। ਹੁਣ ਅਸੀਂ ਤਿੰਨ ਜਣੇ ਹੋ ਗਏ ਸੀ। ਮੈਂ, ਇੱਕ ਹੋਰ ਮੁੰਡਾ ਅਤੇ ਉਹ। ਉਸ ਮੁੰਡੇ ਨਾਲ ਮੇਰੀ ਸਿਰਫ਼ ਸਤਿ ਸ੍ਰੀ ਅਕਾਲ ਦੀ ਹੀ ਸਾਂਝ ਸੀ, ਪਰ ਉਹ ਤੇ ਨਵੀਂ ਮੈਡਮ ਬਹੁਤ ਗੱਲਾਂ ਕਰਦੇ। ਉਸਦਾ "ਦੀਦੀ-ਦੀਦੀ" ਕਰਦੇ ਦਾ ਮੂੰਹ ਨਾ ਥੱਕਦਾ। ਮੈਨੂੰ ਤਾਂ ਇੰਨੀ ਹੀ ਖ਼ੁਸ਼ੀ ਸੀ ਕਿ ਬੈਠਦੀ ਮੇਰੇ ਨਾਲ ਵਾਲੀ ਕੁਰਸੀ ਉੱਤੇ ਸੀ।

ਗਿਆਰ੍ਹਾਂ ਕੁ ਵਜੇ ਸਾਰਿਆਂ ਦੀ ਚਾਹ ਦਾ ਸਮਾਂ ਹੁੰਦਾ ਸੀ। ਉਹ ਅਕਸਰ ਨੀਤਾ ਭੈਣ ਜੀ ਨਾਲ ਹੀ ਚਾਹ ਪੀਂਦੀ ਸੀ, ਪਰ ਇੱਕ ਦਿਨ ਨੀਤਾ ਭੈਣ ਜੀ ਨੂੰ ਕਿਸੇ ਦਫ਼ਤਰੀ ਕੰਮ ਕਰਕੇ ਦੂਜੇ ਸ਼ਹਿਰ ਜਾਣਾ ਪੈ ਗਿਆ। ਉਸ ਦਿਨ ਅਸੀਂ ਇਕੱਠੇ ਚਾਹ ਪੀਣ ਚਲੇ ਗਏ। ਚਾਹ ਪੀਂਦੇ-ਪੀਂਦੇ ਕੁਝ ਗੱਲਾਂ ਵੀ ਹੋਈਆਂ। ਨੀਤਾ ਭੈਣ ਜੀ ਤਿੰਨ-ਚਾਰ ਦਿਨ ਨਾ ਆਏ ਅਤੇ ਸਾਡਾ ਇਹੀ ਸਿਲਸਿਲਾ ਚੱਲਦਾ ਰਿਹਾ। ਬਾਅਦ ਵਿੱਚ ਉਹ ਆ ਵੀ ਗਏ, ਪਰ ਹੁਣ ਅਸੀਂ ਤਿੰਨੇ ਹੀ ਇਕੱਠੇ ਚਾਹ ਪੀਣ ਲੱਗ ਪਏ।

ਮੈਂ ਮਨ ਹੀ ਮਨ ਪੂਰਾ ਬਾਗ਼ੋ-ਬਾਗ਼ ਸੀ। ਦਫ਼ਤਰ ਤੱਕ ਉਸਦੇ ਤਲਾਕਸ਼ੁਦਾ ਹੋਣ ਦੀ ਗੱਲ ਵੀ ਪਹੁੰਚ ਚੁੱਕੀ ਸੀ, ਪਰ ਉਸਨੇ ਕਦੇ ਆਪ ਇਸ ਬਾਰੇ ਕੁਝ ਨਹੀਂ ਦੱਸਿਆ ਸੀ। ਉਸ ਵੱਲ ਦੇਖ ਕੇ ਮੈਨੂੰ ਲੱਗਦਾ ਕਿ ਕੋਈ ਮੂਰਖ ਹੀ ਹੋਵੇਗਾ ਜੋ ਐਸੀ ਔਰਤ ਤੋਂ ਤਲਾਕ ਲੈ ਸਕਦਾ ਹੈ। ਜਾਂ ਹੋ ਸਕਦਾ, ਉਸਨੇ ਆਪ ਹੀ ਛੱਡਿਆ ਹੋਵੇ—ਸ਼ਾਇਦ ਉਹ ਉਸਦੇ ਕਾਬਲ ਹੀ ਨਾ ਹੋਵੇ।

ਮੇਰੇ ਆਪਣੇ ਘਰ ਵਿੱਚ ਵੀ ਹਰ ਵੇਲੇ ਕਿੱਚ-ਕਿੱਚ ਰਹਿੰਦੀ ਸੀ। ਇਸ ਕਰਕੇ ਉਸਦਾ ਸਾਥ ਮੈਨੂੰ ਚੰਗਾ ਲੱਗਣ ਲੱਗ ਪਿਆ ਸੀ। ਬੇਗਾਨੀ ਝਾਕ ਦੇ ਵਿੱਚ ਮਨ ਵਿੱਚ ਕਈ ਖ਼ੁਸ਼ਫਹਿਮੀਆਂ ਵੀ ਜਨਮ ਲੈਣ ਲੱਗੀਆਂ ਸਨ।

ਇੱਕ ਦਿਨ ਗੱਲਾਂ-ਗੱਲਾਂ ਵਿੱਚ ਘਰ ਦੇ ਕਲੇਸ਼ ਦੀ ਗੱਲ ਚੱਲ ਪਈ। ਮੈਂ ਆਪਣੀ ਪਤਨੀ ਦੇ ਰੁੱਖੇ ਸੁਭਾਅ ਅਤੇ ਹਰ ਵੇਲੇ ਦੀ ਕਿੱਚ-ਕਿੱਚ ਦਾ ਜ਼ਿਕਰ ਕਰ ਰਿਹਾ ਸੀ। ਕਹਿ ਰਿਹਾ ਸੀ ਕਿ ਘਰ ਵਿੱਚ ਹੁਣ ਸਕੂਨ ਹੀ ਨਹੀਂ ਰਿਹਾ। ਬੱਚੇ ਵੀ ਹਰ ਗੱਲ ਵਿੱਚ ਮਾਂ ਦਾ ਹੀ ਪੱਖ ਲੈਂਦੇ ਹਨ। ਅਸਲ ਵਿੱਚ ਮੈਂ ਇਹ ਸਭ ਦੱਸ ਕੇ ਉਸਦੀ ਹਮਦਰਦੀ ਹਾਸਲ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।

ਉਹ ਪਹਿਲਾਂ ਚੁੱਪਚਾਪ ਸੁਣਦੀ ਰਹੀ। ਫਿਰ ਹੌਲੀ ਜਿਹੀ ਬੋਲੀ—

"ਸਾਡੇ ਵਿਆਹ ਨੂੰ ਗਿਆਰ੍ਹਾਂ ਸਾਲ ਹੋਏ ਸਨ। ਸ਼ੁਰੂ-ਸ਼ੁਰੂ ਵਿੱਚ ਜ਼ਿੰਦਗੀ ਬਹੁਤ ਸੋਹਣੀ ਸੀ। ਸਾਡੇ ਵਿੱਚ ਬਹੁਤ ਪਿਆਰ ਸੀ। ਕਦੇ ਲੱਗਦਾ ਹੀ ਨਹੀਂ ਸੀ ਕਿ ਇਹ ਪਿਆਰ ਵੀ ਕਦੇ ਘੱਟ ਸਕਦਾ ਹੈ। ਪਰ ਛੇ-ਸੱਤ ਸਾਲਾਂ ਬਾਅਦ ਦੋ ਬੱਚੇ, ਨੌਕਰੀ ਅਤੇ ਵਧਦੀਆਂ ਜ਼ਿੰਮੇਵਾਰੀਆਂ ਨੇ ਸਭ ਕੁਝ ਬਦਲਣਾ ਸ਼ੁਰੂ ਕਰ ਦਿੱਤਾ। ਘਰ ਦੇ ਜ਼ਿਆਦਾਤਰ ਕੰਮ ਮੇਰੇ ਸਿਰ ਆ ਗਏ। ਉਸਦਾ ਘਰ ਦੇ ਕੰਮਾਂ ਵਿੱਚ ਹੱਥ ਨਾ ਵਟਾਉਣਾ ਮੈਨੂੰ ਚੁਭਣ ਲੱਗ ਪਿਆ।

ਉਹ ਅਜੇ ਵੀ ਮੇਰੇ ਵਿੱਚੋਂ ਵਿਆਹ ਦੇ ਸ਼ੁਰੂਆਤੀ ਦਿਨਾਂ ਵਾਲੀ ਪਤਨੀ ਹੀ ਲੱਭਦਾ ਸੀ, ਪਰ ਇਹ ਭੁੱਲ ਜਾਂਦਾ ਸੀ ਕਿ ਹੁਣ ਮੈਂ ਇੱਕ ਮਾਂ ਵੀ ਹਾਂ। ਜਦੋਂ ਮੈਂ ਕਹਿੰਦੀ ਕਿ ਬੱਚਿਆਂ ਦੇ ਕੰਮਾਂ ਵਿੱਚ ਹੀ ਹੱਥ ਵਟਾ ਦਿਓ, ਤਾਂ ਉਹ ਕਹਿੰਦਾ, 'ਉਹ ਮੇਰੇ ਕੋਲ ਆਉਂਦੇ ਹੀ ਨਹੀਂ। ਪਤਾ ਨਹੀਂ ਤੂੰ ਕੀ ਪੱਟੀ ਪੜ੍ਹਾ ਦਿੱਤੀ ਹੈ।'

ਪਰ ਉਸਨੇ ਕਦੇ ਇਹ ਨਾ ਸਮਝਿਆ ਕਿ ਬੱਚੇ ਸਿਖਾਉਣ ਨਾਲ ਨਹੀਂ, ਦੇਖਣ ਨਾਲ ਸਿੱਖਦੇ ਹਨ। ਜਦੋਂ ਮਾਂ ਹੀ ਹਰ ਵੇਲੇ ਉਹਨਾਂ ਦੇ ਸਾਰੇ ਕੰਮ ਕਰਦੀ ਹੈ ਤਾਂ ਉਹ ਸੁਭਾਵਿਕ ਹੀ ਉਸੇ ਵੱਲ ਖਿੱਚੇ ਜਾਂਦੇ ਹਨ।

ਪਤਾ ਨਹੀਂ ਉਹ ਸਮਝ ਨਾ ਸਕਿਆ ਜਾਂ ਮੈਂ ਸਮਝਾ ਨਾ ਸਕੀ। ਸਾਡੇ ਵਿਚਕਾਰ ਦੂਰੀਆਂ ਵੱਧਦੀਆਂ ਗਈਆਂ। ਫਿਰ ਪਤਾ ਹੀ ਨਾ ਲੱਗਾ ਕਿ ਉਹ ਸਕੂਨ ਲੱਭਦਾ-ਲੱਭਦਾ ਆਪਣੀ ਪੀ.ਐੱਚ.ਡੀ. ਕਰਦੀ ਇੱਕ ਵਿਦਿਆਰਥਣ ਵੱਲ ਖਿੱਚਿਆ ਗਿਆ। ਨਤੀਜਾ ਤੁਹਾਡੇ ਸਾਹਮਣੇ ਹੈ।

ਵੱਧ ਗ਼ਲਤੀ ਕਿਸਦੀ ਸੀ, ਇਹ ਤਾਂ ਅੱਜ ਵੀ ਨਹੀਂ ਪਤਾ। ਪਰ ਸਜ਼ਾ ਸਾਡੇ ਬੱਚੇ ਭੁਗਤ ਰਹੇ ਹਨ।"

ਇਹ ਕਹਿ ਕੇ ਉਹ ਚੁੱਪ ਹੋ ਗਈ। ਅੱਖਾਂ ਵਿੱਚ ਸਿੰਮਿਆ ਪਾਣੀ ਉਸਨੇ ਚੁੱਪਚਾਪ ਪੂੰਝ ਲਿਆ।

ਗੱਲ ਤਾਂ ਉਹ ਆਪਣੀ ਕਰ ਰਹੀ ਸੀ, ਪਰ ਪਤਾ ਨਹੀਂ ਕਿਉਂ ਉਸਦੀ ਹਰ ਗੱਲ ਮੈਨੂੰ ਆਪਣੇ ਘਰ ਦੀ ਕਹਾਣੀ ਲੱਗ ਰਹੀ ਸੀ। ਇਹੀ ਤਾਂ ਸਾਡੇ ਵਿਚਕਾਰ ਵੀ ਹੋ ਰਿਹਾ ਸੀ।

ਆਪਣੀ ਪਤਨੀ ਦੀ ਰੋਜ਼ ਦੀ ਕਿੱਚ-ਕਿੱਚ ਤੋਂ ਮੈਂ ਵੀ ਅੱਕ ਚੁੱਕਾ ਸੀ, ਪਰ ਮੈਨੂੰ ਇਹ ਵੀ ਯਾਦ ਨਹੀਂ ਸੀ ਕਿ ਆਖ਼ਰੀ ਵਾਰ ਮੈਂ ਉਸਦੇ ਕੰਮ ਵਿੱਚ ਕਦੋਂ ਹੱਥ ਵਟਾਇਆ ਸੀ। ਹਰ ਸ਼ਾਮ ਘਰ ਆ ਕੇ ਜਾਂ ਬਾਹਰ ਨਿਕਲ ਜਾਂਦਾ ਜਾਂ ਫਿਰ ਫ਼ੋਨ ਵਿੱਚ ਗੁੰਮ ਹੋ ਜਾਂਦਾ। ਰਾਤ ਵੀ ਇੱਕ-ਦੂਜੇ ਵੱਲ ਪਿੱਠ ਕਰਕੇ ਲੰਘ ਜਾਂਦੀ। ਹਰ ਵਾਰ ਮਨ ਵਿੱਚ ਸਿਰਫ਼ ਛੱਡ ਦੇਣ ਦੇ ਹੀ ਖ਼ਿਆਲ ਆਉਂਦੇ।

ਆਪਣੀ ਪੀੜ੍ਹੀ ਹੇਠਾਂ ਤਾਂ ਮੈਂ ਕਦੇ ਸੋਟਾ ਮਾਰਿਆ ਹੀ ਨਹੀਂ ਸੀ। ਸਿਰਫ਼ ਉਸ ਵਿੱਚ ਹੀ ਗ਼ਲਤੀਆਂ ਲੱਭਦਾ ਰਿਹਾ।

ਅਚਾਨਕ ਮੈਨੂੰ ਇੰਝ ਲੱਗਿਆ ਕਿ ਮੇਰੇ ਸਾਹਮਣੇ ਉਹ ਨਹੀਂ ਬੈਠੀ ਸੀ। ਇਹ ਤਾਂ ਮੇਰੀ ਆਪਣੀ ਘਰਵਾਲੀ ਸੀ, ਜੋ ਕਿਸੇ ਨੂੰ ਆਪਣਾ ਦੁੱਖ ਸੁਣਾ ਰਹੀ ਸੀ।

ਉਸ ਸ਼ਾਮ ਮੈਂ ਘਰ ਜਾਣ ਲਈ ਬੇਚੈਨ ਸੀ।

ਘਰ ਪਹੁੰਚ ਕੇ ਜਦੋਂ ਮੈਂ ਆਪਣੀ ਪਤਨੀ ਦੇ ਚਿਹਰੇ ਵੱਲ ਦੇਖਿਆ ਤਾਂ ਲੱਗਾ ਕਿ ਬਦਲਿਆ ਕੁਝ ਵੀ ਨਹੀਂ ਸੀ। ਬਸ, ਉਸਦੇ ਚਿਹਰੇ ਉੱਤੇ ਥਕਾਵਟ ਦੀ ਇੱਕ ਪਰਤ ਜ਼ਰੂਰ ਚੜ੍ਹ ਗਈ ਸੀ।

ਮੈਂ ਦੋ ਕੱਪ ਚਾਹ ਬਣਾਈ ਅਤੇ ਉਸਦੇ ਕੋਲ ਜਾ ਕੇ ਬੈਠ ਗਿਆ। ਬੱਚੇ ਵੀ ਭੱਜਦੇ ਹੋਏ ਸਾਡੇ ਕੋਲ ਆ ਗਏ। ਉਹਨਾਂ ਦੇ ਚਿਹਰਿਆਂ ਉੱਤੇ ਕਿੰਨਾ ਸਕੂਨ ਸੀ।

ਮੈਂ ਆਪਣੀ ਪਤਨੀ ਦਾ ਹੱਥ ਫੜਿਆ ਅਤੇ ਬਿਨਾਂ ਕੁਝ ਕਹੇ ਹੀ ਉਸਤੋਂ ਮਾਫ਼ੀ ਮੰਗ ਲਈ। ਉਸਨੇ ਮੁਸਕਰਾ ਕੇ ਮੇਰਾ ਹੱਥ ਘੁੱਟ ਦਿੱਤਾ।

ਉਸ ਦਿਨ ਤੋਂ ਮੈਂ ਘਰ ਦੇ ਨਿੱਕੇ-ਨਿੱਕੇ ਕੰਮਾਂ ਵਿੱਚ ਹੱਥ ਵਟਾਉਣਾ ਸ਼ੁਰੂ ਕਰ ਦਿੱਤਾ। ਰਸੋਈ ਵਿੱਚ ਕੰਮ ਕਰਦੇ-ਕਰਦੇ ਅਸੀਂ ਕਿੰਨੀਆਂ ਹੀ ਛੋਟੀਆਂ-ਛੋਟੀਆਂ ਗੱਲਾਂ ਕਰਦੇ ਹਾਂ। ਹੁਣ ਘਰ ਵਿੱਚ ਹਾਸਾ ਗੂੰਜਦਾ ਹੈ ਅਤੇ ਉਹ ਹਰ ਵੇਲੇ ਫੁੱਲਾਂ ਵਾਂਗ ਖਿੜੀ ਰਹਿੰਦੀ ਹੈ। ਜ਼ਿੰਦਗੀ ਸੱਚਮੁੱਚ ਬਹੁਤ ਸੋਹਣੀ ਹੋ ਗਈ ਹੈ।

ਉਹ ਅੱਜ ਵੀ ਦਫ਼ਤਰ ਆਉਂਦੀ ਹੈ। ਅਸੀਂ ਅਕਸਰ ਸਾਰੇ ਇਕੱਠੇ ਚਾਹ ਪੀਂਦੇ ਹਾਂ। ਪਰ ਹੁਣ ਮੇਰੇ ਮਨ ਵਿੱਚ ਉਸ ਲਈ ਕੋਈ ਗਲਤ ਖ਼ਿਆਲ ਨਹੀਂ ਆਉਂਦਾ। ਬਲਕਿ ਮੈਂ ਉਸਦਾ ਦਿਲੋਂ ਰਿਣੀ ਹਾਂ, ਜਿਸਨੇ ਅਣਜਾਣੇ ਵਿੱਚ ਹੀ ਮੇਰਾ ਘਰ ਬਚਾ ਦਿੱਤਾ।

ਮੈਂ ਉਸਦਾ ਸੱਚੇ ਦਿਲੋਂ ਆਦਰ ਕਰਦਾ ਹਾਂ।

ਲਿਖਤ – ਹਰਪ੍ਰੀਤ ਬਰਾੜ ਸਿੱਧੂ

# ਨੂੰਹ...




ਨੂੰਹ... ਇਹ ਪੁਰਾਣੇ ਕੱਪੜੇ ਰਾਣੋ ਨੂੰ ਦੇ ਦਈਂ, ਹਾਲੇ ਇਸਦੇ ਕੰਮ ਆ ਜਾਣਗੇ।"

ਬਾਲਕਨੀ ਵਿੱਚ ਖੜ੍ਹੀ ਮਨਪ੍ਰੀਤ ਕੱਪੜੇ ਸੁਕਾ ਰਹੀ ਸੀ। ਹੇਠਾਂ ਵੇਹੜੇ ਵਿੱਚੋਂ ਸੱਸ ਦੀ ਆਵਾਜ਼ ਆਈ। ਉਸਨੇ ਚੁੱਪਚਾਪ ਸਿਰ ਹਿਲਾ ਦਿੱਤਾ, ਪਰ ਕੋਲ ਖੜ੍ਹੀ ਉਸਦੀ ਅੱਠ ਸਾਲ ਦੀ ਧੀ ਰਾਣੋ ਸਭ ਕੁਝ ਸੁਣ ਚੁੱਕੀ ਸੀ।

ਕੁਝ ਵੇਲੇ ਬਾਅਦ ਰਾਣੋ ਹੌਲੀ ਜਿਹੀ ਬੋਲੀ,

"ਮਾਂ... ਕੀ ਇਸ ਵਾਰ ਮੈਂ ਵੀ ਨਵੀਂ ਸਾਈਕਲ 'ਤੇ ਸਕੂਲ ਜਾ ਸਕਦੀ ਹਾਂ?"

ਮਨਪ੍ਰੀਤ ਨੇ ਧੀ ਵੱਲ ਵੇਖਿਆ, ਚਿਹਰੇ 'ਤੇ ਮੁਸਕਾਨ ਲਿਆ ਕੇ ਕਿਹਾ,

"ਜ਼ਰੂਰ ਮੇਰੀ ਬੱਚੀ... ਬੱਸ ਥੋੜ੍ਹਾ ਜਿਹਾ ਇੰਤਜ਼ਾਰ ਕਰ।"

ਉਸੇ ਵੇਲੇ ਜੇਠਾਣੀ ਹੱਸ ਕੇ ਬੋਲੀ,

"ਓਏ ਰਾਣੋ, ਐਨੀ ਵੀ ਕੀ ਕਾਹਲੀ? ਪਹਿਲਾਂ ਅਰਜੁਨ ਨਵੀਂ ਸਾਈਕਲ ਚਲਾ ਲਵੇ, ਫਿਰ ਓਹੀ ਤੇਰੇ ਕੰਮ ਆ ਜਾਵੇਗੀ।"

ਰਾਣੋ ਕੁਝ ਨਾ ਬੋਲੀ, ਪਰ ਮਨਪ੍ਰੀਤ ਦਾ ਦਿਲ ਭਰ ਆਇਆ। ਇਹ ਕੋਈ ਨਵੀਂ ਗੱਲ ਨਹੀਂ ਸੀ। ਘਰ ਵਿੱਚ ਜਦੋਂ ਵੀ ਕੋਈ ਨਵੀਂ ਚੀਜ਼ ਆਉਂਦੀ, ਪਹਿਲਾਂ ਜੇਠ ਦੇ ਬੱਚਿਆਂ ਲਈ ਖਰੀਦੀ ਜਾਂਦੀ। ਕੁਝ ਮਹੀਨਿਆਂ ਬਾਅਦ ਉਹੀ ਚੀਜ਼ ਪੁਰਾਣੀ ਹੋ ਕੇ ਰਾਣੋ ਦੇ ਹਿੱਸੇ ਆ ਜਾਂਦੀ। ਕਦੇ ਬੈਗ, ਕਦੇ ਜੁੱਤੇ, ਕਦੇ ਸਵੈਟਰ, ਤੇ ਕਦੇ ਖਿਡੌਣੇ। ਹਰ ਕਿਸੇ ਦੀ ਇੱਕੋ ਹੀ ਦਲੀਲ ਹੁੰਦੀ—

"ਬੱਚੇ ਹੀ ਤਾਂ ਨੇ... ਹਰ ਵਾਰ ਨਵੀਆਂ ਚੀਜ਼ਾਂ ਲੈਣ ਦੀ ਕੀ ਲੋੜ ਹੈ?"

ਪਰ ਮਨਪ੍ਰੀਤ ਜਾਣਦੀ ਸੀ ਕਿ ਬੱਚਿਆਂ ਨੂੰ ਸਿਰਫ਼ ਸਮਾਨ ਨਹੀਂ, ਸਗੋਂ ਬਰਾਬਰੀ ਦਾ ਅਹਿਸਾਸ ਵੀ ਚਾਹੀਦਾ ਹੁੰਦਾ ਹੈ।

ਕੁਝ ਸਾਲ ਪਹਿਲਾਂ ਤੱਕ ਉਸਦੀ ਜ਼ਿੰਦਗੀ ਐਦਾਂ ਦੀ ਨਹੀਂ ਸੀ। ਉਸਦਾ ਪਤੀ ਗੁਰਪ੍ਰੀਤ ਬਹੁਤ ਮਿਹਨਤੀ ਇਲੈਕਟ੍ਰੀਸ਼ਨ ਸੀ। ਆਮਦਨ ਭਾਵੇਂ ਘੱਟ ਸੀ, ਪਰ ਉਹ ਆਪਣੀ ਧੀ ਦੀ ਹਰ ਛੋਟੀ-ਵੱਡੀ ਖ਼ਾਹਿਸ਼ ਪੂਰੀ ਕਰਨ ਦੀ ਕੋਸ਼ਿਸ਼ ਕਰਦਾ ਸੀ। ਉਹ ਹਮੇਸ਼ਾ ਕਹਿੰਦਾ ਸੀ,

"ਮੇਰੀ ਧੀ ਕਦੇ ਵੀ ਆਪਣੇ ਆਪ ਨੂੰ ਕਿਸੇ ਤੋਂ ਘੱਟ ਮਹਿਸੂਸ ਨਹੀਂ ਕਰੇਗੀ।"

ਪਰ ਇੱਕ ਹਾਦਸੇ ਨੇ ਸਭ ਕੁਝ ਬਦਲ ਦਿੱਤਾ। ਕੰਮ ਕਰਦੇ ਸਮੇਂ ਕਰੰਟ ਲੱਗਣ ਕਾਰਨ ਗੁਰਪ੍ਰੀਤ ਹਮੇਸ਼ਾ ਲਈ ਇਸ ਦੁਨੀਆ ਤੋਂ ਚਲਾ ਗਿਆ। ਪਰਿਵਾਰ ਨੇ ਮਨਪ੍ਰੀਤ ਨੂੰ ਰਹਿਣ ਲਈ ਘਰ ਤਾਂ ਦੇ ਦਿੱਤਾ, ਪਰ ਸਮੇਂ ਦੇ ਨਾਲ ਉਸਦਾ ਸਨਮਾਨ ਅਤੇ ਉਸਦੀ ਧੀ ਦੀ ਬਰਾਬਰੀ ਹੌਲੀ-ਹੌਲੀ ਘੱਟ ਹੋਣ ਲੱਗੀ।

ਇੱਕ ਦਿਨ ਤਿਉਹਾਰ 'ਤੇ ਅਰਜੁਨ ਲਈ ਨਵੀਂ ਚਮਕਦੀ ਸਾਈਕਲ ਆਈ। ਰਾਣੋ ਦੂਰ ਖੜ੍ਹੀ ਉਸਨੂੰ ਵੇਖਦੀ ਰਹੀ। ਸ਼ਾਮ ਨੂੰ ਫਿਰ ਕਿਸੇ ਨੇ ਕਿਹਾ,

"ਜਦੋਂ ਇਹ ਛੋਟੀ ਪੈ ਜਾਵੇਗੀ, ਫਿਰ ਰਾਣੋ ਚਲਾ ਲਵੇਗੀ।"

ਉਸ ਰਾਤ ਰਾਣੋ ਨੇ ਸਿਰਫ਼ ਇੱਕ ਸਵਾਲ ਪੁੱਛਿਆ,

"ਮਾਂ... ਕੀ ਮੇਰੀ ਆਪਣੀ ਕੋਈ ਨਵੀਂ ਚੀਜ਼ ਕਦੇ ਨਹੀਂ ਹੋਵੇਗੀ?"

ਇਸ ਸਵਾਲ ਨੇ ਮਨਪ੍ਰੀਤ ਨੂੰ ਅੰਦਰੋਂ ਹਿਲਾ ਦਿੱਤਾ।

ਕੁਝ ਦਿਨਾਂ ਬਾਅਦ ਸਕੂਲ ਦੀ ਮਾਪੇ-ਅਧਿਆਪਕ ਮਿਲਣੀ ਵਿੱਚ ਅਧਿਆਪਕਾ ਨੇ ਕਿਹਾ,

"ਰਾਣੋ ਬਹੁਤ ਹੋਸ਼ਿਆਰ ਹੈ, ਪਰ ਹੁਣ ਹਰ ਗੱਲ 'ਤੇ ਕਹਿੰਦੀ ਹੈ— 'ਪਹਿਲਾਂ ਹੋਰਾਂ ਨੂੰ ਲੈਣ ਦਿਓ, ਮੈਂ ਬਾਅਦ ਵਿੱਚ ਲੈ ਲਵਾਂਗੀ।' ਉਸਦਾ ਆਤਮ-ਵਿਸ਼ਵਾਸ ਘੱਟ ਹੁੰਦਾ ਜਾ ਰਿਹਾ ਹੈ।"

ਘਰ ਆ ਕੇ ਮਨਪ੍ਰੀਤ ਪੂਰੀ ਰਾਤ ਨਹੀਂ ਸੁੱਤੀ। ਸਵੇਰੇ ਉਸਨੇ ਆਪਣੇ ਪਤੀ ਦੀ ਪੁਰਾਣੀ ਡਾਇਰੀ ਖੋਲੀ। ਉਸ ਵਿੱਚ ਲਿਖਿਆ ਸੀ—

"ਜੇ ਮੈਂ ਕਦੇ ਤੇਰੇ ਨਾਲ ਨਾ ਰਹਾਂ, ਤਾਂ ਸਾਡੀ ਧੀ ਨੂੰ ਕਦੇ ਵੀ ਕਿਸੇ ਦਾ ਅਹਿਸਾਨਮੰਦ ਨਾ ਬਣਨ ਦੇਈਂ।"

ਬੱਸ, ਇਹੀ ਇੱਕ ਲਾਈਨ ਉਸਦੀ ਤਾਕਤ ਬਣ ਗਈ।

ਅਗਲੇ ਦਿਨ ਉਸਨੇ ਪਰਿਵਾਰ ਨੂੰ ਕਿਹਾ,

"ਮੈਂ ਕੰਮ ਸ਼ੁਰੂ ਕਰਨਾ ਚਾਹੁੰਦੀ ਹਾਂ।"

ਕਿਸੇ ਨੇ ਕਿਹਾ,

"ਐਨੇ ਸਾਲਾਂ ਬਾਅਦ?"

ਕਿਸੇ ਨੇ ਹੱਸ ਕੇ ਕਿਹਾ,

"ਤੇਰੇ ਤੋਂ ਕੀ ਹੋਣਾ?"

ਮਨਪ੍ਰੀਤ ਨੇ ਬਿਨਾਂ ਕੋਈ ਬਹਿਸ ਕੀਤੇ ਘਰ ਦੇ ਵਰਾਂਡੇ ਵਿੱਚ ਆਪਣੀ ਪੁਰਾਣੀ ਸਿਲਾਈ ਮਸ਼ੀਨ ਰੱਖ ਦਿੱਤੀ। ਸ਼ੁਰੂਆਤ ਸਿਰਫ਼ ਦੋ ਕੱਪੜਿਆਂ ਨਾਲ ਹੋਈ। ਹੌਲੀ-ਹੌਲੀ ਸਕੂਲ ਯੂਨੀਫਾਰਮ, ਬਲਾਊਜ਼ ਅਤੇ ਸੂਟਾਂ ਦੀ ਸਿਲਾਈ ਦੇ ਆਰਡਰ ਮਿਲਣ ਲੱਗ ਪਏ। ਉਸਦੀ ਮਿਹਨਤ ਰੰਗ ਲਿਆਈ। ਕੁਝ ਹੀ ਸਮੇਂ ਵਿੱਚ ਉਸਨੇ ਹੋਰ ਮਸ਼ੀਨਾਂ ਖਰੀਦ ਲਈਆਂ ਅਤੇ ਕਈ ਹੋਰ ਔਰਤਾਂ ਨੂੰ ਵੀ ਰੋਜ਼ਗਾਰ ਦੇਣਾ ਸ਼ੁਰੂ ਕਰ ਦਿੱਤਾ।

ਪਹਿਲੀ ਵੱਡੀ ਕਮਾਈ ਨਾਲ ਉਸਨੇ ਆਪਣੇ ਲਈ ਕੁਝ ਨਹੀਂ ਖਰੀਦਿਆ। ਉਹ ਸਿੱਧੀ ਬਾਜ਼ਾਰ ਗਈ ਅਤੇ ਰਾਣੋ ਲਈ ਇੱਕ ਨਵੀਂ ਸਾਈਕਲ ਲੈ ਆਈ।

ਰਾਣੋ ਖੁਸ਼ੀ ਨਾਲ ਮਾਂ ਨੂੰ ਜੱਫੀ ਪਾ ਕੇ ਬੋਲੀ,

"ਮਾਂ... ਕੀ ਇਹ ਸੱਚਮੁੱਚ ਸਿਰਫ਼ ਮੇਰੀ ਹੈ?"

ਮਨਪ੍ਰੀਤ ਮੁਸਕੁਰਾ ਕੇ ਬੋਲੀ,

"ਹਾਂ ਮੇਰੀ ਬੱਚੀ... ਹਮੇਸ਼ਾ ਯਾਦ ਰੱਖੀਂ, ਤੂੰ ਕਿਸੇ ਦੀਆਂ ਪੁਰਾਣੀਆਂ ਖੁਸ਼ੀਆਂ ਦੀ ਨਹੀਂ, ਆਪਣੀਆਂ ਨਵੀਆਂ ਖੁਸ਼ੀਆਂ ਦੀ ਹੱਕਦਾਰ ਹੈਂ।"

ਸਮਾਂ ਬੀਤਦਾ ਗਿਆ। ਰਾਣੋ ਨੇ ਪੜ੍ਹਾਈ ਪੂਰੀ ਕੀਤੀ ਅਤੇ ਫੈਸ਼ਨ ਡਿਜ਼ਾਈਨਿੰਗ ਸਿੱਖੀ। ਮਾਂ ਦਾ ਛੋਟਾ ਜਿਹਾ ਸਿਲਾਈ ਸੈਂਟਰ ਅੱਗੇ ਚੱਲ ਕੇ ਇੱਕ ਕਾਮਯਾਬ ਬੁਟੀਕ ਬਣ ਗਿਆ।

ਉਦਘਾਟਨ ਵਾਲੇ ਦਿਨ ਰਾਣੋ ਨੇ ਸਟੇਜ 'ਤੇ ਆਪਣੀ ਮਾਂ ਦਾ ਹੱਥ ਫੜ ਕੇ ਕਿਹਾ,

"ਲੋਕ ਮੇਰੀ ਕਾਮਯਾਬੀ ਦੀ ਤਾਰੀਫ਼ ਕਰਦੇ ਹਨ, ਪਰ ਮੇਰੀ ਅਸਲੀ ਸ਼ੁਰੂਆਤ ਉਸ ਦਿਨ ਹੋਈ ਸੀ, ਜਦੋਂ ਮੇਰੀ ਮਾਂ ਨੇ ਫ਼ੈਸਲਾ ਕੀਤਾ ਕਿ ਅਸੀਂ ਕਿਸੇ ਦੀਆਂ ਬਚੀਆਂ ਹੋਈਆਂ ਖੁਸ਼ੀਆਂ 'ਤੇ ਨਹੀਂ, ਆਪਣੀ ਮਿਹਨਤ 'ਤੇ ਜੀਵਾਂਗੇ।"

ਸਾਰਾ ਹਾਲ ਤਾਲੀਆਂ ਨਾਲ ਗੂੰਜ ਉੱਠਿਆ। ਮਨਪ੍ਰੀਤ ਦੀਆਂ ਅੱਖਾਂ ਵਿੱਚ ਹੰਝੂ ਸਨ, ਪਰ ਇਸ ਵਾਰ ਇਹ ਹੰਝੂ ਹਾਰ ਦੇ ਨਹੀਂ, ਸਗੋਂ ਸਵੈ-ਸਨਮਾਨ ਦੀ ਜਿੱਤ ਦੇ ਸਨ।

ਸਿੱਖ:

ਸਹਾਰਾ ਮਿਲਣਾ ਚੰਗੀ ਗੱਲ ਹੈ, ਪਰ ਸਨਮਾਨ ਅਤੇ ਆਤਮ-ਨਿਰਭਰਤਾ ਇਸ ਤੋਂ ਵੀ ਵੱਧ ਜ਼ਰੂਰੀ ਹਨ। ਜਦੋਂ ਇੱਕ ਮਾਂ ਆਪਣੇ ਸਵੈ-ਸਨਮਾਨ ਲਈ ਖੜ੍ਹੀ ਹੁੰਦੀ ਹੈ, ਤਾਂ ਉਹ ਸਿਰਫ਼ ਆਪਣੀ ਨਹੀਂ, ਸਗੋਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ ਤਕਦੀਰ ਵੀ ਬਦਲ ਦਿੰਦੀ ਹੈ। ਕਮੈਂਟ ਕਰਕੇ ਆਪਣੀ ਰਾਏ ਜ਼ਰੂਰ ਦਿਓ: ਕੀ ਤੁਹਾਡੇ ਆਲੇ-ਦੁਆਲੇ ਵੀ ਕੋਈ ਐਸੀ "ਮਨਪ੍ਰੀਤ" ਹੈ ਜਿਸਨੇ ਔਖੇ ਹਾਲਾਤਾਂ ਅੱਗੇ ਹਾਰ ਮੰਨਣ ਦੀ ਬਜਾਏ ਆਤਮ-ਨਿਰਭਰ ਬਣਨ ਦਾ ਰਾਹ ਚੁਣਿਆ? ਇਸ ਪ੍ਰੇਰਣਾਦਾਇਕ ਕਹਾਣੀ ਬਾਰੇ ਆਪਣੀ ਰਾਏ ਕਮੈਂਟ ਵਿੱਚ ਜ਼ਰੂਰ ਲਿਖੋ ਅਤੇ ਹਰ ਮਾਂ-ਧੀ ਦਾ ਹੌਸਲਾ ਵਧਾਉਣ ਲਈ ਇਸਨੂੰ ਆਪਣੇ ਦੋਸਤਾਂ ਨਾਲ ਵੀ ਸਾਂਝਾ ਕਰੋ।

# ਕੁਝ ਬਹੁਤਾ ਤਾਂ ਨਹੀਂ ਮੰਗਦੇ...



"ਸਾਰੀ ਉਮਰ ਮਿਹਨਤ ਕਰ ਕਰਕੇ ਬੱਚਿਆਂ ਦੇ ਢਿੱਡ ਭਰੇ। ਉਹਨਾਂ ਨੂੰ ਪਾਲਿਆ ਪੋਸਿਆ। ਹੁਣ ਸਰੀਰ ਜਵਾਬ ਦੇ ਗਿਆ। ਹੁਣ ਆਪਣਾ ਆਪ ਸੰਭਾਲਣਾ ਔਖਾ ਹੋ ਗਿਆ।" ਸ਼ਾਮ ਸਿੰਘ ਨੇ ਕਿਹਾ। ਉਸ ਦੇ ਬੋਲਾਂ ਵਿਚ ਗਹਿਰੀ ਉਦਾਸੀ ਸੀ।

"ਕੀ ਹੋਇਆ ਸ਼ਾਮਿਆ? ਬੜਾ ਦੁੱਖੀ ਜਿਹਾ ਲੱਗਦਾ।" ਰਤਨ ਨੇ ਸ਼ਾਮ ਸਿੰਘ ਨੂੰ ਪੁੱਛਿਆ

"ਕੀ ਹੋਣਾ, ਸਾਰੀ ਉਮਰ ਮਿਹਨਤ ਕੀਤੀ, ਘਰਵਾਲੇ ਭੁੱਲ ਗਏ। ਹੁਣ ਕੰਮ ਨਹੀਂ ਹੁੰਦਾ ਤਾਂ ਇੰਝ ਲੱਗਦਾ ਘਰਵਾਲਿਆਂ ਤੇ ਬੋਝ ਬਣ ਗਏ ਆਂ।" ਸ਼ਾਮ ਸਿੰਘ ਨੇ ਰਤਨ ਨੂੰ ਜਵਾਬ ਦਿੱਤਾ

"ਕੋਈ ਦੱਸ ਮਿੰਟ ਕੋਲ ਬੈਠ ਕੇ ਨਹੀਂ ਰਾਜ਼ੀ। ਕਿਸੇ ਕੋਲ ਸਮਾਂ ਹੀ ਨਹੀਂ ਹੈ।" ਕਰਤਾਰ ਸਿੰਘ ਨੇ ਗਿਲਾ ਜਿਹਾ ਕਰਦਿਆਂ ਕਿਹਾ

"ਹਾਂ.....ਹਾਅ ਤਾਂ ਤੂੰ ਬਿਲਕੁਲ ਸਹੀ ਕਿਹਾ ਸ਼ਾਮਿਆ ..... ਜਦੋਂ ਤੱਕ ਚੱਲਦੀਆਂ ਸੀ। ਸਾਰੇ ਆਦਰ ਸਤਿਕਾਰ ਕਰਦੇ ਸੀ। ਹੁਣ ਪਤਾ ਲੱਗਿਆ ਆਦਰ ਸਤਿਕਾਰ ਬੰਦੇ ਦਾ ਨਹੀਂ ਬੰਦੇ ਦੀ ਕਮਾਈ ਦਾ ਹੁੰਦਾ। ਬੰਦਾ ਐਵੇਂ ਸਾਰੀ ਉਮਰ ਛਾਲਾਂ ਮਾਰਦਾ।" ਗੁਰਦਾਸ ਇੰਝ ਬੋਲਿਆ ਜਿਵੇਂ ਕਿਸੇ ਨੇ ਉਹਦੀ ਦੁੱਖਦੀ ਰਗ ਤੇ ਹੱਥ ਰੱਖ ਦਿੱਤਾ ਹੋਵੇ।

"ਵੇਖ ਲੈ.....ਮਾਂ ਬਾਪ ਆਪਣੇ ਚਾਰ ਪੰਜ ਨਿਆਣਿਆਂ ਨੂੰ ਪਾਲ ਪੋਸ ਲੈਂਦੇ....ਪਰ....ਨਿਆਣੇ ਮਿਲ ਕੇ ਆਪਣੇ ਮਾਂ ਬਾਪ ਨੂੰ ਨਹੀਂ ਪਾਲ ਸਕਦੇ।" ਸ਼ਾਮੇ ਨੇ ਕਿਹਾ

"ਸਾਰੇ ਇਕੋ ਜਿਹੇ ਨਹੀਂ ਹੁੰਦੇ, ਬਥੇਰਿਆਂ ਦੀ ਔਲਾਦ ਚੰਗੀ ਵੀ ਹੁੰਦੀ ਹੈ।" ਕਰਤਾਰ ਸਿੰਘ ਨੇ ਕਿਹਾ

"ਹਾਂ .... ਬਹੁਤੇ ਚੰਗੇ ਕਰਮ ਕੀਤੇ ਹੋਣਗੇ ਉਹਨਾਂ ਨੇ ਜਿਹਨਾਂ ਦੀ ਔਲਾਦ ਉਹਨਾਂ ਨੂੰ ਪੁੱਛਦੀ ਹੈ।" ਰਤਨ ਨੇ ਕਿਹਾ

"ਗੱਜਣ ਸਿੰਘ ਕੱਲ ਮਿਲਿਆ ਸੀ। ਆਪਣੇ ਪੁੱਤਰ ਨਾਲ ਹਸਪਤਾਲੋਂ ਆਇਆ ਸੀ ਅਖੇ ਰੁਟੀਨ ਚੈੱਕਅਪ ਕਰਵਾਉਣ ਗਏ ਸੀ। ਖੁਸ਼ ਸੀ, ਕਹਿੰਦਾ ਨੂੰਹ ਪੁੱਤ ਬੜਾ ਖਿਆਲ ਰੱਖਦੇ ਆ।" ਕਰਤਾਰ ਨੇ ਕਿਹਾ

"ਖਿਆਲ ਤਾਂ ਆਪੇ ਰੱਖਣਗੇ, ਉਹਦੀ ਮੋਟੀ ਪੈਨਸ਼ਨ ਜੋ ਆਉਂਦੀ ਹਰ ਮਹੀਨੇ।" ਸ਼ਾਮ ਸਿੰਘ ਨੇ ਦੱਸਿਆ

"ਆਹੋ .... ਜਿਹਨਾਂ ਦੀ ਪੈਨਸ਼ਨ ਆਉਂਦੀ ਆ ਉਹਨਾਂ ਨੂੰ ਤਾਂ ਫੇਰ ਵੀ ਥੋੜ੍ਹੀ ਬਹੁਤ ਇਜ਼ੱਤ ਮਿਲ ਜਾਂਦੀ ਘਰਦਿਆਂ ਦੀ।" ਕਰਤਾਰ ਬੋਲਿਆ

"ਸਾਡੀ ਗਲਤੀ ਇਹੋ ਹੈ ਅਸੀਂ ਜਿਉਂਦੇ ਜੀਅ ਆਪਣੇ ਬੱਚਿਆਂ ਤੇ ਭਰੋਸਾ ਕਰਕੇ ਸਾਰਾ ਕੁਝ ਉਹਨਾਂ ਦੇ ਹਵਾਲੇ ਕਰ ਦਿੱਤਾ।" ਰਤਨ ਨੇ ਕਿਹਾ

"ਇਹੀ ਤਾਂ ਚਲਦੀ ਆਈ ਆ। ਬੱਚੇ ਜਦ ਛੋਟੇ ਹੁੰਦੇ ਕਹਿੰਦੇ ਮਾਂ ਬਾਪ ਮੇਰੇ, ਜਦੋਂ ਵੱਡੇ ਹੁੰਦੇ ਤਾਂ ਇਕ ਦੂਜੇ ਨੂੰ ਕਹਿੰਦੇ ਮਾਂ ਬਾਪ ਤੇਰੇ।" ਸ਼ਾਮ ਸਿੰਘ ਨੇ ਕਿਹਾ

"ਹਾਂ....ਇਨਸਾਨ ਛੋਟਾ ਹੁੰਦਾ ਤਾਂ ਉਹਦੇ ਲਈ ਮਾਂ ਬਾਪ ਸਭ ਤੋਂ ਪਹਿਲਾਂ ਹੁੰਦੇ, ਜਦ ਵੱਡਾ ਹੁੰਦਾ ਉਹਦੇ ਲਈ ਆਪਣੇ ਬੱਚੇ ਸਭ ਤੋਂ ਪਹਿਲਾਂ ਹੁੰਦੇ।" ਰਤਨ ਬੋਲਿਆ

"ਪਰ ਕੁਝ ਬਹੁਤਾ ਤਾਂ ਮੰਗਦੇ ਨਹੀਂ ਆਪਾਂ। ਬੱਸ ਆਉਂਦੇ ਜਾਂਦੇ, ਲੰਘਦੇ ਵੜਦੇ ਬੱਚੇ ਇਹੀ ਪੁੱਛ ਲੈਣ ਕਿ 'ਬਾਪੂ ਕਿਵੇਂ ? ਸਭ ਠੀਕ ਆ ?' ਇੰਨੇ ਵਿੱਚ ਮਨ ਖ਼ੁਸ਼ ਹੋ ਜਾਂਦਾ।" ਗੁਰਦਾਸ ਦੀ ਉਦਾਸ ਜਿਹੀ ਅਵਾਜ਼ ਆਈ

"ਹਾਂ....ਹ ਮ ਮ ਮ" ਰਲਵੀਂ ਅਵਾਜ਼ ਆਈ ਤੇ ਸਾਰਿਆਂ ਨੇ ਸਹਿਮਤੀ ਨਾਲ ਸਿਰ ਹਿਲਾਏ।

ਪਰਵੀਨ ਕੌਰ

ਪੰਜਾਬ ਸਟਾਰ
www.punjabstar.com

# ਸਪੇਨ ਦੇ ਸਿਰ ਸਜਿਆ world FIFA Cup ਦਾ ਤਾਜ




ਫੀਫਾ ਆਲਮੀ ਕੱਪ ਵਿੱਚ ਸਪੇਨ ਦੀ ਟੀਮ ਐਨੀ ਸ਼ਾਨਦਾਰ ਸੀ ਕਿ ਲਿਓਨਲ ਮੈਸੀ ਕੋਲ ਵੀ ਉਨ੍ਹਾਂ ਦਾ ਕੋਈ ਜਵਾਬ ਨਹੀਂ ਸੀ। ਜਦੋਂ ਮੈਚ ਖ਼ਤਮ ਹੋਇਆ, ਸਪੇਨ ਦੀ ਟੀਮ ਟਰਾਫੀ ਲੈ ਕੇ ਬਾਹਰ ਆਈ ਤੇ ਮੈਸੀ ਬੱਸ ਅੱਖਾਂ ਵਿੱਚ ਅੱਥਰੂ ਲੈ ਕੇ ਮੈਦਾਨ ਤੋਂ ਬਾਹਰ ਚਲਾ ਗਿਆ। ਸਪੇਨ ਦੂਜੀ ਵਾਰ ਫੁਟਬਾਲ ਦੀ ਦੁਨੀਆ ਦੇ ਸਿਖਰ ’ਤੇ ਪਹੁੰਚ ਗਿਆ, ਜਦੋਂ ਫੈਰਾਨ ਟੋਰੇਸ ਦੇ ਇਸ ਸਾਲ ਦੇ ਆਲਮੀ ਕੱਪ ਦੇ ਪਹਿਲੇ ਗੋਲ ਜੋ ਬਿਨਾਂ ਸ਼ੱਕ ਉਸ ਦੀ ਜ਼ਿੰਦਗੀ ਦਾ ਸਭ ਤੋਂ ਮਹੱਤਵਪੂਰਨ ਗੋਲ ਸੀ, ਨੇ ਐਤਵਾਰ ਨੂੰ ਖੇਡੇ ਗਏ ਫਾਈਨਲ ਵਿੱਚ ਉਸ ਦੇ ਦੇਸ਼ ਨੂੰ ਮੌਜੂਦਾ ਚੈਂਪੀਅਨ ਅਰਜਨਟੀਨਾ ’ਤੇ 1–0 ਨਾਲ ਜਿੱਤ ਦਿਵਾਈ।

ਟੋਰੇਸ ਨੇ ਸਪੇਨ ਦੀ ਆਬਾਦੀ ਦਾ ਹਵਾਲਾ ਦਿੰਦੇ ਹੋਏ ਕਿਹਾ, ‘‘ਇਹ 4.7 ਕਰੋੜ ਲੋਕਾਂ ਵੱਲੋਂ ਕੀਤਾ ਗਿਆ ਗੋਲ ਸੀ।’’ ਸ਼ਾਇਦ ਉਨ੍ਹਾਂ ਵੱਲੋਂ ਨਹੀਂ, ਪਰ ਨਿਸ਼ਚਿਤ ਤੌਰ ’ਤੇ ਉਨ੍ਹਾਂ ਲਈ ਸੀ। ਇਹ ਗੋਲ ਉਦੋਂ ਹੋਇਆ ਜਦੋਂ ਨਿਰਧਾਰਤ ਸਮੇਂ ਦੇ ਆਖ਼ਰੀ ਮਿੰਟਾਂ ਵਿੱਚ ਐਂਜ਼ੋ ਫਰਨਾਂਡੇਜ਼ ਨੂੰ ਰੈੱਡ ਕਾਰਡ ਦਿਖਾ ਕੇ ਬਾਹਰ ਭੇਜ ਦਿੱਤਾ ਗਿਆ ਸੀ, ਜਿਸ ਨਾਲ ਅਰਜਨਟੀਨਾ ਦੀ ਟੀਮ 10 ਖਿਡਾਰੀਆਂ ਨਾਲ ਖੇਡ ਰਹੀ ਸੀ। ਉਦੋਂ ਮਾਹੌਲ ਭਖ ਗਿਆ ਸੀ ਅਤੇ ਫਾਈਨਲ ਸੀਟੀ ਤੋਂ ਬਾਅਦ ਅਰਜਨਟੀਨਾ ਦੇ ਕੋਚ ਲਿਓਨਲ ਸਕਾਲੋਨੀ ਅਤੇ ਦੋਵਾਂ ਟੀਮਾਂ ਦੇ ਖਿਡਾਰੀਆਂ ਵਿਚਕਾਰ ਧੱਕਾਮੁੱਕੀ ਹੁੰਦੀ ਦੇਖੀ ਗਈ।

ਅਖੀਰ ਵਿੱਚ, ਸਪੇਨ ਨੇ ਮੈਸੀ ਨੂੰ ਉਸ ਦੇ ਸੰਭਾਵੀ ਆਖਰੀ ਆਲਮੀ ਕੱਪ ਮੈਚ ਵਿੱਚ ਲਗਾਤਾਰ ਦੂਜਾ ਖ਼ਿਤਾਬ ਜਿੱਤਣ ਤੋਂ ਰੋਕ ਦਿੱਤਾ। ਦੂਜੇ ਅੱਧ ਵਿੱਚ ਬਦਲਵੇਂ ਖਿਡਾਰੀ ਵਜੋਂ ਆਏ ਟੋਰੇਸ ਨੇ 106ਵੇਂ ਮਿੰਟ ਵਿੱਚ ਪੈਨਲਟੀ ਬਾਕਸ ਵਿੱਚ ਟੱਪਾ ਖਾਂਦੀ ਗੇਂਦ ਨੂੰ ਆਪਣੇ ਖੱਬੇ ਪੈਰ ਨਾਲ ਸ਼ਾਟ ਮਾਰ ਕੇ ਕਰਾਸਬਾਰ ਦੇ ਹੇਠਾਂ ਗੋਲ ਵਿੱਚ ਪਹੁੰਚਾ ਦਿੱਤਾ। ਉਸ ਤੋਂ ਬਾਅਦ, ਸਪੇਨ ਦੇ ਮਜ਼ਬੂਤ ਡਿਫੈਂਸ ਜਿਸ ਨੇ ਪੂਰੇ ਟੂਰਨਾਮੈਂਟ ਦੌਰਾਨ ਵਿਰੋਧੀ ਟੀਮਾਂ ’ਤੇ ਦਬਾਅ ਬਣਾ ਕੇ ਰੱਖਿਆ ਸੀ, ਆਖ਼ਰੀ ਵਾਰ ਆਪਣਾ ਕਮਾਲ ਦਿਖਾਇਆ। 2010 ਵਿੱਚ ਵੀ ਖ਼ਿਤਾਬ ਜਿੱਤਣ ਵਾਲੇ ਸਪੇਨ ਨੇ ਇਸ ਆਲਮੀ ਕੱਪ ਦੇ ਅੱਠ ਮੈਚਾਂ ਵਿੱਚ ਸਿਰਫ਼ ਇੱਕ ਗੋਲ ਹੋਣ ਦਿੱਤਾ, ਜੋ ਚੈਂਪੀਅਨ ਟੀਮ ਵੱਲੋਂ ਸਭ ਤੋਂ ਘੱਟ ਗੋਲ ਕਰਵਾਉਣ ਦਾ ਰਿਕਾਰਡ ਹੈ। ਉੱਧਰ, 65 ਸਾਲ ਦੀ ਉਮਰ ਵਿੱਚ ਆਲਮੀ ਕੱਪ ਖ਼ਿਤਾਬ ਜਿੱਤਣ ਵਾਲੇ ਸਭ ਤੋਂ ਉਮਰਦਰਾਜ਼ ਕੋਚ ਬਣੇ ਸਪੇਨ ਦੇ ਕੋਚ ਲੁਈਸ ਡੀ ਲਾ ਫੁਐਂਤੇ ਨੇ ਕਿਹਾ, ‘‘ਮੈਂ ਸੱਚਮੁੱਚ ਮਾਣ ਮਹਿਸੂਸ ਕਰ ਰਿਹਾ ਹਾਂ। ਇਸ ਸਫ਼ਰ ਵਿੱਚ ਉਨ੍ਹਾਂ ਦਾ ਸਾਥ ਦੇਣਾ ਮੇਰੇ ਲਈ ਮਾਣ ਵਾਲੀ ਗੱਲ ਹੈ।’’

ਇਹ ਖ਼ਿਤਾਬ, 2023 ਵਿੱਚ ਸਪੇਨ ਵੱਲੋਂ ਜਿੱਤੇ ਗਏ ਮਹਿਲਾ ਆਲਮੀ ਕੱਪ ਦੇ ਨਾਲ ਮਿਲ ਕੇ, ਇਸ ਯੂਰੋਪੀਅਨ ਦੇਸ਼ ਨੂੰ ਇੱਕੋ ਸਮੇਂ ਪੁਰਸ਼ ਅਤੇ ਮਹਿਲਾ ਦੋਵਾਂ ਖ਼ਿਤਾਬਾਂ ’ਤੇ ਕਬਜ਼ਾ ਕਰਨ ਵਾਲਾ ਪਹਿਲਾ ਦੇਸ਼ ਬਣਾਉਂਦਾ ਹੈ। ਮੈਡ੍ਰਿਡ ਦੀਆਂ ਸੜਕਾਂ ’ਤੇ ਅਤੇ ਸ਼ਾਇਦ ਸਪੇਨ ਦੀਆਂ ਹੋਰ ਕਈ ਥਾਵਾਂ ’ਤੇ ਅਣਗਿਣਤ ਲੋਕ ਸੜਕਾਂ ’ਤੇ ਉਤਰ ਆਏ ਅਤੇ ਐਤਵਾਰ ਦੀ ਇਸ ਜਿੱਤ ਦਾ ਜਸ਼ਨ ਸੋਮਵਾਰ ਤੜਕੇ ਤੱਕ ਮਨਾਉਂਦੇ ਰਹੇ।

### ਮੈਸੀ ਭਰੇ ਮਨ ਨਾਲ ਵਿਦਾ ਹੋਇਆ

ਈਸਟ ਰਦਰਫੋਰਡ (ਅਮਰੀਕਾ): ਲਿਓਨਲ ਮੈਸੀ ਹੋਰ ਕੋਈ ਜਾਦੂ ਨਹੀਂ ਚਲਾ ਸਕਿਆ। ਆਪਣੇ ਆਲਮੀ ਕੱਪ ਦੀ ਸ਼ੁਰੂਆਤ ਤੋਂ 20 ਸਾਲ ਬਾਅਦ ਅਤੇ ਅਜਿਹੇ ਕਰੀਅਰ ਮਗਰੋਂ ਜਿਸ ਨੇ ਉਨ੍ਹਾਂ ਨੂੰ ਫੁਟਬਾਲ ਦੇ ਮਹਾਨ ਖਿਡਾਰੀਆਂ ਪੇਲੇ ਅਤੇ ਡਿਏਗੋ ਮੈਰਾਡੋਨਾ ਤੋਂ ਵੀ ਉੱਪਰ ਪਹੁੰਚਾ ਦਿੱਤਾ, 39 ਸਾਲ ਦੀ ਉਮਰ ਵਿੱਚ ਉਹ ਅਰਜਨਟੀਨਾ ਨੂੰ ਅੱਧੀ ਸਦੀ ਤੋਂ ਵੀ ਵੱਧ ਸਮੇਂ ਵਿੱਚ ਲਗਾਤਾਰ ਦੂਜੀ ਵਾਰ ਚੈਂਪੀਅਨ ਨਹੀਂ ਬਣਾ ਸਕਿਆ। ਮੈਟਲਾਈਫ ਸਟੇਡੀਅਮ ਵਿੱਚ ਪਹਿਲੀ ਸੀਟੀ ਵਜਣ ਤੋਂ ਹੀ ਸਪੇਨ ਨੇ ਅਰਜਨਟੀਨਾ ’ਤੇ ਦਬਾਅ ਬਣਾ ਕੇ ਰੱਖਿਆ, ਜਿੱਥੇ 80663 ਦਰਸ਼ਕਾਂ ਵਿੱਚੋਂ ਜ਼ਿਆਦਾਤਰ ਮੈਸੀ ਨੂੰ ਦੁਬਾਰਾ ਤਾਜ ਪਹਿਨਦੇ ਦੇਖਣਾ ਚਾਹੁੰਦੇ ਸਨ। ਵਾਧੂ ਸਮੇਂ ਦੇ ਦੂਜੇ ਅੱਧ ਵਿੱਚ ਸਿਰਫ਼ 37 ਸਕਿੰਟ ਬਾਅਦ ਫੈਰਾਨ ਟੋਰੇਸ ਨੇ ਗੋਲ ਕਰ ਕੇ ਸਪੇਨ ਨੂੰ 1–0 ਨਾਲ ਜਿੱਤ ਦਿਵਾਈ ਅਤੇ ਉਸ ਦਾ ਦੂਜਾ ਆਲਮੀ ਕੱਪ ਖ਼ਿਤਾਬ ਦਿਵਾਇਆ। ਮੈਸੀ ਦੇ ਦੂਜੀ ਵਾਰ ਚੈਂਪੀਅਨ ਬਣਨ ਦੀ ਬਜਾਏ, ਆਲਮੀ ਕੱਪ ਦਾ ਤਾਜ ਸਪੇਨ ਦੇ ਹੱਥਾਂ ਵਿੱਚ ਚਲਾ ਗਿਆ ਤੇ ਮੈਸੀ ਆਪਣੇ ਹੰਝੂ ਰੋਕਦੇ ਹੋਏ ਬਹੁਤ ਨਿਰਾਸ਼ ਨਜ਼ਰ ਆ ਰਿਹਾ ਸੀ।



### ਪ੍ਰਸ਼ੰਸਕਾਂ ਨੇ ਖੁੱਲ੍ਹ ਕੇ ਖਰਚਿਆ ਪੈਸਾ

ਈਸਟ ਰਦਰਫੋਰਡ (ਅਮਰੀਕਾ): ਟੌਮ ਕਰੂਜ਼ ਨੇ ਆਲਮੀ ਕੱਪ ਵਿੱਚ ਇਹ ਭਾਸ਼ਣ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਕਿ ਫੁਟਬਾਲ ਕਿਸ ਤਰ੍ਹਾਂ ਦੁਨੀਆ ਨੂੰ ਜੋੜਦਾ ਹੈ ਅਤੇ ਕਿਵੇਂ ਮਹਾਨ ਖਿਡਾਰੀਆਂ ਨੇ ਸਮੁੰਦਰਾਂ ਅਤੇ ਸਰਹੱਦਾਂ ਨੂੰ ਪਾਰ ਕੀਤਾ ਹੈ? ਅਰਜਨਟੀਨਾ ਅਤੇ ਸਪੇਨ ਦੇ ਪ੍ਰਸ਼ੰਸਕਾਂ ਦੀਆਂ ਘੰਟੀਆਂ, ਸੀਟੀਆਂ ਅਤੇ ਢੋਲ–ਧਮੱਕੇ ਦੇ ਸ਼ੋਰ–ਸ਼ਰਾਬੇ ਵਿਚਕਾਰ ਅਦਾਕਾਰ ਦੀ ਆਵਾਜ਼ ਸੁਣਨਾ ਲਗਪਗ ਅਸੰਭਵ ਸੀ। ਇਹ ਪ੍ਰਸ਼ੰਸਕ ਆਲਮੀ ਕੱਪ ਫਾਈਨਲ ਦੇਖਣ ਲਈ ਹਜ਼ਾਰਾਂ ਮੀਲ ਦਾ ਸਫਰ ਤੈਅ ਕਰ ਕੇ ਆਏ ਸਨ ਅਤੇ ਟਿਕਟਾਂ, ਬੀਅਰਾਂ ਅਤੇ ਨਕਲੀ ਵਾਲਾਂ (ਵਿਗ) ’ਤੇ ਹਜ਼ਾਰਾਂ ਡਾਲਰ ਖਰਚ ਕਰ ਚੁੱਕੇ ਸਨ। ਲਿਓਨਲ ਮੈਸੀ ਜੋ ਸੰਭਾਵੀ ਤੌਰ ’ਤੇ ਆਪਣੇ ਆਖਰੀ ਆਲਮੀ ਕੱਪ ਮੈਚ ਵਿੱਚ ਖੇਡ ਰਿਹਾ ਸੀ, ਨੂੰ ਅਲਵਿਦਾ ਕਹਿਣ ਲਈ ਟਿਕਟ ਦੀ ਕੋਈ ਵੀ ਕੀਮਤ ਜ਼ਿਆਦਾ ਨਹੀਂ ਸੀ। ਅਰਜਨਟੀਨਾ ਦੇ ਪ੍ਰਸ਼ੰਸਕ ਮੈਨੂਅਲ ਲੋਪੇਜ਼ ਮੈਕੋਟਾ ਅਤੇ ਉਨ੍ਹਾਂ ਦਾ ਇੱਕ ਦੋਸਤ ਬਿਊਨਸ ਆਇਰਸ ਤੋਂ ਨਿਊ ਜਰਸੀ ਐਤਵਾਰ ਨੂੰ ਵਾਧੂ ਸਮੇਂ ਵਿੱਚ ਫੈਰਾਨ ਟੋਰੇਸ ਦੇ ਗੋਲ ਨਾਲ ਅਰਜਨਟੀਨਾ ’ਤੇ ਸਪੇਨ ਦੀ 1–0 ਦੀ ਜਿੱਤ ਦੇਖਣ ਆਏ ਸਨ। ਮੈਕੋਟਾ ਨੇ ਦੱਸਿਆ, ‘‘ਟਿਕਟ ਦੀ ਕੀਮਤ ਅਮਰੀਕੀ ਕਰੰਸੀ ਵਿੱਚ ਲਗਪਗ 10 ਹਜ਼ਾਰ ਡਾਲਰ ਸੀ।’’

### ਐੱਮਬਾਪੇ ਨੂੰ ਗੋਲਡਨ ਬੂਟ

ਈਸਟ ਰਦਰਫੋਰਡ (ਅਮਰੀਕਾ): ਕਿਲੀਅਨ ਐੱਮਬਾਪੇ ਨੇ ਗੋਲਡਨ ਬੂਟ ਦਾ ਖ਼ਿਤਾਬ ਆਪਣੇ ਕੋਲ ਬਰਕਰਾਰ ਰੱਖਿਆ ਅਤੇ ਸਪੇਨ ਨੇ ਲਿਓਨਲ ਮੈਸੀ ਨੂੰ ਹੋਰ ਕੁੱਝ ਵੀ ਨਹੀਂ ਜਿੱਤਣ ਦਿੱਤਾ। ਐਤਵਾਰ ਨੂੰ ਆਲਮੀ ਕੱਪ ਖ਼ਿਤਾਬ ਜਿੱਤਣ ਤੋਂ ਤੁਰੰਤ ਬਾਅਦ, ਸਪੇਨ ਦੇ ਖਿਡਾਰੀਆਂ ਨੇ ਤਿੰਨੇ ਨਿੱਜੀ ਐਵਾਰਡਾਂ ’ਤੇ ਕਬਜ਼ਾ ਕਰ ਲਿਆ, ਜਿਸ ਨਾਲ ਮੈਸੀ ਨੂੰ ਕੋਈ ਵੀ ਵਿਅਕਤੀਗਤ ਟਰਾਫੀ ਨਹੀਂ ਮਿਲ ਸਕੀ। ਰੋਡਰੀ ਨੇ ਟੂਰਨਾਮੈਂਟ ਦੇ ਸਰਬੋਤਮ ਖਿਡਾਰੀ ਵਜੋਂ ਗੋਲਡਨ ਬਾਲ ਦਾ ਖ਼ਿਤਾਬ ਜਿੱਤਿਆ, ਉਨਾਈ ਸਾਈਮਨ ਨੇ ਬਿਹਤਰੀਨ ਗੋਲਕੀਪਰ ਲਈ ਗੋਲਡਨ ਗਲੱਵ ਜਿੱਤਿਆ ਅਤੇ ਪਾਉ ਕੁਬਾਰਸੀ ਨੇ ਆਪਣੇ ਹੀ ਟੀਮ ਸਾਥੀ 19 ਸਾਲਾ ਲਾਮੀਨ ਯਾਮਾਲ ਨੂੰ ਪਛਾੜ ਕੇ ਬੈਸਟ ਯੰਗ ਪਲੇਅਰ (ਸਰਬੋਤਮ ਨੌਜਵਾਨ ਖਿਡਾਰੀ) ਦਾ ਐਵਾਰਡ ਜਿੱਤਿਆ।

## FIH Hockey World Cup:

# ਹਾਕੀ ਆਲਮੀ ਕੱਪ ਲਈ ਭਾਰਤੀ ਟੀਮ ਦਾ ਐਲਾਨ



ਭਾਰਤ ਨੇ ਅਗਲੇ ਮਹੀਨੇ ਹੋਣ ਵਾਲੇ ਐੱਫ ਆਈ ਐੱਚ ਪੁਰਸ਼ ਹਾਕੀ ਆਲਮੀ ਕੱਪ ਲਈ 20 ਮੈਂਬਰੀ ਟੀਮ ਦਾ ਐਲਾਨ ਕਰ ਦਿੱਤਾ ਹੈ। ਹਰਮਨਪ੍ਰੀਤ ਸਿੰਘ ਟੀਮ ਦਾ ਕਪਤਾਨ ਹੋਵੇਗਾ ਅਤੇ ਮਨਪ੍ਰੀਤ ਸਿੰਘ ਮਿਡਫੀਲਡ ’ਚ ਅਹਿਮ ਭੂਮਿਕਾ ਨਿਭਾਏਗਾ। ਪ੍ਰੋ ਲੀਗ ਦਾ ਯੂਰੋਪ ਗੇੜ ਖੇਡਣ ਵਾਲੇ ਅਮਨਦੀਪ ਲਾਕੜਾ, ਰਾਜ ਕੁਮਾਰ ਪਾਲ, ਰਵੀਚੰਦਰ ਸਿੰਘ ਮੋਇਰੰਗਥਾਮ ਅਤੇ ਸੇਲਵਮ ਕਾਰਤੀ ਨੂੰ ਟੀਮ ਜਗ੍ਹਾ ਨਹੀਂ ਮਿਲੀ।

ਭਾਰਤ ਪਿਛਲੇ ਮਹੀਨੇ ਪ੍ਰੋ ਲੀਗ ਦੇ ਯੂਰੋਪ ਗੇੜ ਤੋਂ ਮਗਰੋਂ ਨੌਂ ਟੀਮਾਂ ਵਿੱਚ ਅੱਠਵੇਂ ਸਥਾਨ ’ਤੇ ਰਿਹਾ ਸੀ। ਚੁਣੀ ਗਈ ਟੀਮ ’ਚ ਹਰਮਨਪ੍ਰੀਤ ਸਿੰਘ (ਕਪਤਾਨ), ਮੋਹਿਤ ਐੱਚ ਐੱਸ ਤੇ ਸੂਰਜ ਕਰਕੇਰਾ (ਗੋਲਕੀਪਰ) ਤੋਂ ਇਲਾਵਾ ਜਰਮਨਪ੍ਰੀਤ ਸਿੰਘ, ਅਮਿਤ ਰੋਹਿਦਾਸ, ਜੁਗਰਾਜ ਸਿੰਘ, ਸੰਜੈ, ਸੁਮਿਤ, ਯਸ਼ਦੀਪ ਸਿਵਾਚ, ਰਾਜਿੰਦਰ ਸਿੰਘ, ਆਦਿੱਤਿਆ ਅਰਜੁਨ ਲਾਲਾਗੇ, ਹਾਰਦਿਕ ਸਿੰਘ, ਮਨਪ੍ਰੀਤ ਸਿੰਘ, ਨੀਲਾਕਾਂਤ ਸ਼ਰਮਾ, ਵਿਵੇਕ ਸਾਗਰ ਪ੍ਰਸਾਦ, ਦਿਲਪ੍ਰੀਤ ਸਿੰਘ, ਸ਼ਿਲਾਨੰਦ ਲਾਕੜਾ, ਸੁਖਜੀਤ ਸਿੰਘ, ਮਨਦੀਪ ਸਿੰਘ ਅਤੇ ਅਭਿਸ਼ੇਕ ਨੂੰ ਸ਼ਾਮਲ ਕੀਤਾ ਗਿਆ ਹੈ।

ਦੱਸਣਯੋਗ ਹੈ ਕਿ ਅੱਠ ਵਾਰ ਦੀ ਓਲੰਪਿਕ ਚੈਂਪੀਅਨ ਭਾਰਤੀ ਹਾਕੀ ਟੀਮ ਹੁਣ ਤੱਕ ਸਿਰਫ਼ ਇੱਕ ਵਾਰ 1975 ਵਿੱਚ ਵਿਸ਼ਵ ਕੱਪ ਜਿੱਤ ਸਕੀ ਹੈ। ਪਿਛਲੀ ਵਾਰ ਭੁਬਨੇਸ਼ਵਰ ਵਿੱਚ ਹੋਏ ਹਾਕੀ ਵਿਸ਼ਵ ਕੱਪ –2023 ਵਿੱਚ ਮੇਜ਼ਬਾਨ ਭਾਰਤ ਨੌਵੇਂ ਸਥਾਨ ’ਤੇ ਰਿਹਾ ਸੀ। ਵਿਸ਼ਵ ਕੱਪ–2026 ਲਈ ਭਾਰਤ ਨੂੰ ਪੂਲ–ਡੀ ਵਿੱਚ ਇੰਗਲੈਂਡ, ਪਾਕਿਸਤਾਨ ਅਤੇ ਵੇਲਜ਼ ਦੇ ਨਾਲ ਰੱਖਿਆ ਗਿਆ ਹੈ। ਭਾਰਤ ਦੇ ਸਾਰੇ ਪੂਲ ਮੈਚ ਨੈਦਰਲੈਂਡਜ਼ ਦੇ ਐਮਸਟਲਵੀਨ ਵਿੱਚ ਹੋਣਗੇ। ਭਾਰਤ ਦਾ ਪਹਿਲਾ ਮੈਚ 15 ਅਗਸਤ ਨੂੰ ਵੇਲਜ਼ ਨਾਲ, ਦੂਜਾ 17 ਨੂੰ ਇੰਗਲੈਂਡ ਨਾਲ ਤੇ ਤੀਜਾ 19 ਅਗਸਤ ਨੂੰ ਪਾਕਿਸਤਾਨ ਨਾਲ ਹੋਵੇਗਾ।

ਮੁੱਖ ਕੋਚ ਕ੍ਰੇਗ ਫੁਲਟਨ ਨੇ ਕਿਹਾ, ‘‘ਇਹ ਕਾਫ਼ੀ ਸੰਤੁਲਿਤ ਟੀਮ ਹੈ ਜਿਸ ਵਿੱਚ ਨੌਜਵਾਨਾਂ ਅਤੇ ਤਜਰਬੇਕਾਰ ਖਿਡਾਰੀਆਂ ਦਾ ਸੁਮੇਲ ਹੈ। ਖਿਡਾਰੀਆਂ ਦੀ ਚੋਣ ਉਨ੍ਹਾਂ ਦੇ ਪ੍ਰਦਰਸ਼ਨ ਦੇ ਆਧਾਰ ’ਤੇ ਕੀਤੀ ਗਈ ਹੈ। 1975 ਤੋਂ ਬਾਅਦ ਭਾਰਤ ਨੇ ਵਿਸ਼ਵ ਕੱਪ ਨਹੀਂ ਜਿੱਤਿਆ ਅਤੇ ਇਹ ਟੀਮ ਭਾਰਤੀ ਹਾਕੀ ਦੇ ਇਤਿਹਾਸ ਦਾ ਨਵਾਂ ਅਧਿਆਏ ਲਿਖਣ ਦਾ ਦਮ ਰੱਖਦੀ ਹੈ।’’

### ਭਾਰਤੀ ਹਾਕੀ ਟੀਮ ’ਚ ਪੰਜਾਬ ਦੇ ਅੱਠ ਖਿਡਾਰੀ

ਜਲੰਧਰ : ਨੈਦਰਲੈਂਡਜ਼ ਅਤੇ ਬੈਲਜੀਅਮ ’ਚ 15 ਤੋਂ 30 ਅਗਸਤ ਤੱਕ ਹੋਣ ਵਾਲੇ ਹਾਕੀ ਵਿਸ਼ਵ ਕੱਪ ਲਈ ਚੁਣੀ 20 ਮੈਂਬਰੀ ਭਾਰਤੀ ਪੁਰਸ਼ ਹਾਕੀ ਟੀਮ ਵਿੱਚ ਪੰਜਾਬ ਦੇ ਅੱਠ ਖਿਡਾਰੀਆਂ ਨੇ ਆਪਣੀ ਜਗ੍ਹਾ ਬਣਾਈ ਹੈ। ਪੰਜਾਬ ਦੇ ਇਨ੍ਹਾਂ ਖਿਡਾਰੀਆਂ ’ਚ ਕਪਤਾਨ ਹਰਮਨਪ੍ਰੀਤ ਸਿੰਘ, ਸਾਬਕਾ ਕਪਤਾਨ ਮਨਪ੍ਰੀਤ ਸਿੰਘ, ਹਾਰਦਿਕ ਸਿੰਘ, ਜਰਮਨਪ੍ਰੀਤ ਸਿੰਘ, ਜੁਗਰਾਜ ਸਿੰਘ, ਸੁਖਜੀਤ ਸਿੰਘ, ਦਿਲਪ੍ਰੀਤ ਸਿੰਘ ਅਤੇ ਮਨਦੀਪ ਸਿੰਘ ਸ਼ਾਮਲ ਹਨ। ਇਨ੍ਹਾਂ ’ਚੋਂ ਮਨਪ੍ਰੀਤ, ਹਾਰਦਿਕ, ਮਨਦੀਪ ਤੇ ਸੁਖਜੀਤ ਜਲੰਧਰ ਨਾਲ ਸਬੰਧ ਰੱਖਦੇ ਹਨ। ਚੁਣੇ ਖਿਡਾਰੀਆਂ ਨੂੰ ਵਧਾਈ ਦਿੰਦਿਆਂ ਹਾਕੀ ਪੰਜਾਬ ਦੇ ਪ੍ਰਧਾਨ ਨਿਤਿਨ ਕੋਹਲੀ ਤੇ ਜਨਰਲ ਸਕੱਤਰ ਅਮਰੀਕ ਸਿੰਘ ਪੋਵਾਰ ਨੇ ਕਿਹਾ ਕਿ ਪੰਜਾਬ ਨੂੰ ਮਾਣ ਹੈ ਕਿ ਹਰਮਨਪ੍ਰੀਤ ਸਿੰਘ ਫਿਰ ਕੌਮੀ ਟੀਮ ਦੀ ਅਗਵਾਈ ਕਰੇਗਾ ਜਦਕਿ ਮਨਪ੍ਰੀਤ ਸਿੰਘ ਦਾ ਤਜਰਬਾ ਟੀਮ ਲਈ ਅਹਿਮ ਸਾਬਤ ਹੋਵੇਗਾ।

# ਨਿਸ਼ਾਨੇਬਾਜ਼ ਅਕਸਨੀਰ ਕੌਰ ਨੇ ਸੋਨ ਤਗ਼ਮਾ ਜਿੱਤਿਆ



ਪੰਜਾਬ ਰਾਈਫਲ ਸ਼ੂਟਿੰਗ ਐਸੋਸੀਏਸ਼ਨ ਵੱਲੋਂ ਕਰਵਾਈ ਗਈ 61ਵੀਂ ਪੰਜਾਬ ਸਟੇਟ ਸ਼ੂਟਿੰਗ ਚੈਂਪੀਅਨਸ਼ਿਪ (ਐੱਨ ਆਰ) 2026 ਵਿੱਚ ਭੁੱਚੋ ਮੰਡੀ ਦੀ ਨਿਸ਼ਾਨੇਬਾਜ਼ ਅਕਸਨੀਰ ਕੌਰ ਨੇ ਬਠਿੰਡਾ ਜ਼ਿਲ੍ਹੇ ਵੱਲੋਂ ਭਾਗ ਲੈਂਦਿਆਂ ਜੂਨੀਅਰ ਮਹਿਲਾ 10 ਮੀਟਰ ਪਿਸਟਲ (ਐੱਨ ਆਰ) ਟੀਮ ਮੁਕਾਬਲੇ ਵਿੱਚ ਸੋਨ ਤਗ਼ਮਾ ਜਿੱਤਿਆ ਹੈ ਜਿਸ ਸਦਕਾ ਅਕਸਨੀਰ ਕੌਰ ਨੂੰ ਕੌਮੀ ਸ਼ੂਟਿੰਗ ਚੈਂਪੀਅਨਸ਼ਿਪ ਲਈ ਚੁਣਿਆ ਗਿਆ ਹੈ। ਉਸ ਦੇ ਪਿਤਾ ਇੰਜ. ਹਰਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਪ੍ਰਾਪਤੀ ਅਕਸਨੀਰ ਦੇ ਲਗਾਤਾਰ ਅਭਿਆਸ, ਲਗਨ ਅਤੇ ਸਖ਼ਤ ਮਿਹਨਤ ਦਾ ਨਤੀਜਾ ਹੈ। ਕੌਮੀ ਪੱਧਰ ’ਤੇ ਖੇਡਣ ਦਾ ਮੌਕਾ ਮਿਲਣਾ ਅਕਸਨੀਰ ਲਈ ਵੱਡੀ ਪ੍ਰਾਪਤੀ ਹੈ ਅਤੇ ਉਨ੍ਹਾਂ ਨੂੰ ਭਰੋਸਾ ਹੈ ਕਿ ਉਹ ਆਉਣ ਵਾਲੇ ਮੁਕਾਬਲਿਆਂ ’ਚ ਵੀ ਸ਼ਾਨਦਾਰ ਪ੍ਰਦਰਸ਼ਨ ਕਰ ਕੇ ਸੂਬੇ ਅਤੇ ਦੇਸ਼ ਦਾ ਨਾਂ ਰੋਸ਼ਨ ਕਰੇਗੀ।

# ਪੀ ਵੀ ਸਿੰਧੂ ਨੇ ਜਪਾਨ ਓਪਨ ਦਾ Title ਜਿੱਤਿਆ



ਦੋ ਵਾਰ ਦੀ ਓਲੰਪਿਕ ਤਗ਼ਮਾ ਜੇਤੂ ਭਾਰਤੀ ਸ਼ਟਲਰ ਪੀ ਵੀ ਸਿੰਧੂ ਨੇ ਐਤਵਾਰ ਨੂੰ ਜਪਾਨ ਓਪਨ ਵਿੱਚ ਹਮਲਾਵਰ ਖੇਡ ਦਿਖਾਉਂਦਿਆਂ ਮੁਕਾਮੀ ਖਿਡਾਰਨ ਅਕਾਨੇ ਯਾਮਾਗੁਚੀ ਨੂੰ ਸਿੱਧੇ ਗੇਮ ਵਿੱਚ ਹਰਾ ਕੇ ਪਹਿਲੀ ਵਾਰ ਸੁਪਰ 750 ਟੂਰਨਾਮੈਂਟ ਦਾ ਖ਼ਿਤਾਬ ਜਿੱਤਿਆ। ਜਪਾਨ ਓਪਨ ਜਿੱਤਣ ਵਾਲੀ ਪਹਿਲੀ ਭਾਰਤੀ ਖਿਡਾਰਨ 31 ਸਾਲਾ ਸਿੰਧੂ ਨੇ ਲਗਾਤਾਰ ਹਮਲੇ ਕੀਤੇ ਅਤੇ ਰਣਨੀਤਕ ਅਨੁਸ਼ਾਸਨ ਦੇ ਨਾਲ ਅਹਿਮ ਪਲਾਂ ’ਚ ਸੰਜਮ ਬਣਾ ਕੇ ਰੱਖਦਿਆਂ ਤਿੰਨ ਵਾਰ ਦੀ ਵਿਸ਼ਵ ਚੈਂਪੀਅਨ ਯਾਮਾਗੁਚੀ ਨੂੰ 21–17, 21–17 ਨਾਲ ਹਰਾਇਆ। ਪ੍ਰਧਾਨ ਮੰਤਰੀ ਮੋਦੀ ਨੇ ਜਿੱਤ ’ਤੇ ਸਿੰਧੂ ਨੂੰ ਵਧਾਈ ਦਿੱਤੀ ਹੈ।

ਸਿੰਧੂ ਨੇ ਪਿਛਲੇ ਦੋ ਸਾਲਾਂ ਵਿੱਚ ਆਪਣਾ ਪਹਿਲਾ ਖ਼ਿਤਾਬ ਜਿੱਤਿਆ ਹੈ। ਸਿੰਧੂ ਨੇ ਮੈਚ ਉਪਰੰਤ ਕਿਹਾ, ‘‘ਮੈਂ ਬਹੁਤ ਖ਼ੁਸ਼ ਹਾਂ, ਮੇਰੇ ਕੋਲ ਸ਼ਬਦ ਨਹੀਂ ਹਨ ਕਿਉਂਕਿ ਆਖਰੀ ਜਿੱਤ ਨੂੰ 19 ਮਹੀਨੇ ਹੋ ਗਏ ਸਨ। ਮੈਨੂੰ ਲੱਗਦਾ ਹੈ ਕਿ ਮੇਰਾ ਆਤਮ ਵਿਸ਼ਵਾਸ ਵਧਿਆ ਹੈ।’’ ਸਿੰਧੂ ਨੇ ਆਪਣਾ ਪਿਛਲਾ ਖ਼ਿਤਾਬ 2024 ਵਿੱਚ ਸੱਯਦ ਮੋਦੀ ਕੌਮਾਂਤਰੀ ਟੂਰਨਾਮੈਂਟ ਵਿਚ ਜਿੱਤਿਆ ਸੀ। ਜਪਾਨ ਓਪਨ ਦੀ ਇਹ ਜਿੱਤ 2019 ਵਿੱਚ ਵਿਸ਼ਵ ਚੈਂਪੀਅਨਸ਼ਿਪ ਦਾ ਖ਼ਿਤਾਬ ਜਿੱਤਣ ਮਗਰੋਂ ਉਸ ਦੀ ਸਭ ਤੋਂ ਵੱਡੀ ਖ਼ਿਤਾਬੀ ਜਿੱਤ ਹੈ।










